# ਨਿਰਗੁਣ-ਕਾਵਿ ਦੇ ਸੰਦਰਭ ਵਿਚ ਬਾਣੀ ਭਗਤ ਨਾਮਦੇਵ

## (ਇਕ ਵਿਵੇਚਨ)

NIRGUN KAVE DE SANDARBH VICH
BANI BHAGAT NAMDEV (IK VIVECHAN)

*A THESIS*
SUBMITTED TO THE PANJAB UVIVERSITY, CHANDIGARH
FOR THE AWARD OF THE DEGREE OF
*DOCTOR OF PHILOSOPHY*
IN THE FACULTY OF LANGUAGES
1993

PANJAB UNIVERSITY LIBRARY

**Submitted by :**
*AVTAR SINGH*

# ਵਿਸ਼ਾ-ਸੂਚੀ


| | | ਪੰਨਾ |
|---|---|---|
| --- | ਪ੍ਰਸਤਾਵਨਾ | ੳ - ਸ |
| **ਅਧਿਆਇ ਪਹਿਲਾ** | | |
| | ਇਤਿਹਾਸਕ ਪਿਛੋਕੜ (ਨਿਰਗੁਣਵਾਦ) | 1 - 40 |
| **ਅਧਿਆਇ ਦੂਸਰਾ** | | |
| | ਨਾਮਦੇਵ (ਜੀਵਨ ਤੇ ਰਚਨਾ) | 41 - 84 |
| **ਅਧਿਆਇ ਤੀਸਰਾ** | | |
| | ਨਿਰਗੁਣਵਾਦ ਤੇ ਭਗਤ ਨਾਮਦੇਵ | 85 - 120 |
| **ਅਧਿਆਇ ਚੌਥਾ** | | |
| | ਨਾਮਦੇਵ ਦੀ ਕਾਵਿ-ਕਲਾ | 121 - 159 |
| **ਅਧਿਆਇ ਪੰਜਵਾਂ** | | |
| | ਨਾਮਦੇਵ ਦਾ ਪ੍ਰਭਾਵ | 160 - 184 |
| --- | ਉਪਸੰਹਾਰ | 185 - 188 |
| --- | ਪੁਸਤਕ-ਸੂਚੀ | 189 - 194 |

# ਪ੍ਰਸਤਾਵਨਾ

# ਪ੍ਰਸਤਾਵਨਾ

ਪੰਜਾਬੀ ਕਾਵਿਧਾਰਾ ਵਿਚ ਨਿਰਗੁਣ-ਕਾਵਿ ਦਾ ਗੌਰਵਮਈ ਸਥਾਨ ਹੈ । ਇਸ ਤੱਥ ਦੀ ਪ੍ਰੋੜ੍ਹਤਾ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਇਸ ਕਾਵਿ ਦਾ ਅਧਿਐਨ ਤੇ ਮੰਨਨ ਝੌਂਪੜੀ ਤੋਂ ਲੈ ਕੇ ਵਿਸ਼ਵ-ਵਿਦਿਆਲਿਆਂ ਤੱਕ ਹੋ ਰਿਹਾ ਹੈ । ਇਹ ਕਾਵਿ-ਸ਼ਾਸਤ੍ਰੀ-ਪਰੰਪਰਾਵਾਂ ਅਤੇ ਸਮਾਜਕ-ਸਭਿਆਚਾਰਕ ਰੂੜ੍ਹੀਆਂ ਦੇ ਪ੍ਰਤੀਕ੍ਰਮ ਵਿਚੋਂ ਉਪਜਿਆ ਹੈ ਅਤੇ ਇਹ ਉਸ ਸਮਾਜ ਦਾ ਪ੍ਰਤੀਬਿੰਬ ਹੈ ਜੋ ਰੂੜ੍ਹੀਵਾਦੀ ਵਿਚਾਰਾਂ ਦੇ ਵਿਰੁੱਧ ਸਦਾ ਹੀ ਸੰਘਰਸ਼ਸ਼ੀਲ ਰਿਹਾ ਹੈ ।ਸੰਘਰਸ਼ ਅਤੇ ਸਹਿਜ ਨੇ ਇਸਨੂੰ ਇਕ ਲਹਿਰ ਦਾ ਰੂਪ ਦਿਤਾ ਜਿਸ ਦੇ ਤੇਜ਼ ਤਪ ਸਦਕਾ ਇਹ ਕਾਵਿ ਬਾਰ੍ਹਵੀਂ ਸ਼ਤਾਬਦੀ ਤੋਂ ਨਿਰੰਤਰ ਪ੍ਰਵਾਹਿਤ ਹੁੰਦਾ ਆ ਰਿਹਾ ਹੈ ।

ਇਹ ਕਾਵਿਧਾਰਾ ਵਿਸ਼ੇਸ਼ ਕਰਕੇ ਉੱਤਰੀ ਭਾਰਤ ਵਿਚ ਭਗਤ ਨਾਮਦੇਵ ਨਾਲ ਪ੍ਰਾਰੰਭ ਹੋਈ । ਭਗਤ ਜੀ ਨੇ ਇਸ ਵਿਚਾਰਧਾਰਾ ਨੂੰ ਦੱਖਣ ਵਾਲੇ ਪਾਸਿਓਂ ਉੱਤਰੀ ਭਾਰਤ ਵੱਲ ਲਿਆਂਦਾ । ਨਾਮਦੇਵ ਪਿਛੋਂ ਹੋਏ ਭਗਤ ਕਵੀਆਂ ਨੇ ਆਪਣੀ ਸੁਹਜ-ਦ੍ਰਿਸ਼ਟੀ ਨਾਲ ਨਿਰਗੁਣ ਸਾਧਨਾ-ਪੱਧਤੀ ਦੇ ਸਰਬ-ਕਾਲਿਕ ਸੱਚ ਤੇ ਸਰਬਭੌਮਿਕ ਸੁਹਜ-ਸੌਂਦਰਯ ਨੂੰ ਹੋਰ ਵੀ ਰੌਸ਼ਨ ਕੀਤਾ ਅਤੇ ਅਨੁਭੂਤੀ-ਸ਼ੀਲ ਗੁਰੂ-ਕਵੀਆਂ ਨੇ ਇਸ ਕਾਵਿ ਦੀ ਚਰਮ-ਸੀਮਾ ਕਾਇਮ ਕਰ ਦਿੱਤੀ ।

ਯੁੱਗ-ਬੋਧ ਤੇ ਕਲਾਤਮਕ ਚੇਤਨਾ ਨਾਲ ਸਿਰਜਿਆ ਇਹ ਸਾਹਿਤ ਹਮੇਸ਼ਾ ਹੀ ਜਨ-ਜੀਵਨ ਦੀ ਅਗਵਾਈ ਕਰਦਾ ਰਿਹਾ ਹੈ । ਸੱਚ ਦੇ ਜਗਿਆਸੂਆਂ ਤੇ ਪਰਮਾਰਥ ਦੇ ਸਾਧਕਾਂ ਲਈ ਇਹ ਕਾਵਿ ਇਕ ਮਾਣਕ-ਸੂਤਰ ਦੀ ਨਿਆਈਂ ਹੈ ਜੋ ਸਦਾ ਸਦਾ ਲਈ ਉਨ੍ਹਾਂ ਦਾ ਮਾਰਗ-ਦਰਸ਼ਨ ਕਰਦਾ ਰਹੇਗਾ ।

ਪੰਜਾਬੀ ਕਾਵਿ ਦੀ ਅਜਿਹੀ ਪ੍ਰਤੀਨਿਧ ਧਾਰਾ ਦਾ ਵਿਵੇਚਣ ਤੇ ਇਸਦੇ ਸੰਦਰਭ ਵਿਚ ਭਗਤ ਨਾਮਦੇਵ ਦਾ ਸਥਾਨ ਨਿਰਧਾਰਿਤ ਕਰਨਾ ਇਸ ਖੋਜ-ਪ੍ਰਬੰਧ ਦਾ ਪ੍ਰਮੁੱਖ ਉਦੇਸ਼ ਹੈ । ਇਸਤੋਂ ਪਹਿਲਾਂ "ਗੁਰੂ ਨਾਨਕ ਤੇ ਨਿਰਗੁਣ ਧਾਰਾ" ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ ਦਾ ਖੋਜ-ਪ੍ਰਬੰਧ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਹੋਇਆ ।ਇਸ ਖੋਜ-ਪ੍ਰਬੰਧ ਵਿਚ ਨਿਰਗੁਣ-ਕਾਵਿ ਨੂੰ ਨਾਨਕ ਬਾਣੀ ਨਾਲ ਪ੍ਰਵਾਹਿਤ ਹੁੰਦਾ ਪ੍ਰਗਟਾਇਆ ਗਿਆ

ਇਸਤੋਂ ਅਤਿਰਿਕਤ ਇਸ ਕਾਵਿਧਾਰਾ ਦੇ ਗੌਰਵ ਗ੍ਰੰਥ "ਗੁਰੂ ਗ੍ਰੰਥ ਸਾਹਿਬ" ਉਪਰ ਸਮੂਹਿਕ ਤੌਰ ਤੇ ਅਤੇ ਭਗਤ ਕਵੀਆਂ ਵਿਚੋਂ ਡਾ. ਕੁਲਵੰਤ ਕੌਰ ਵਲੋਂ "ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ" ਤੇ ਡਾ. ਗੁਰਨਾਮ ਕੌਰ ਵਲੋਂ "ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ" ਖੋਜ-ਪ੍ਰਬੰਧ ਪੰਜਾਬੀ ਭਾਸ਼ਾ ਵਿਚ ਲਿਖੇ ਅਤੇ ਪ੍ਰਕਾਸ਼ਿਤ ਹੋਏ ਹਨ । ਇਨ੍ਹਾਂ ਪੂਰਵ-ਵਰਤੀ ਯਤਨਾਂ ਪ੍ਰਤੀ ਸਨਿਮਰ ਆਭਾਰ ਵਿਅਕਤ ਕਰਦੇ ਹੋਏ ਵੀ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਯਤਨ ਪੰਜਾਬੀ ਨਿਰਗੁਣ ਕਾਵਿਧਾਰਾ ਦੇ ਪ੍ਰਮਾਣਿਕ ਪ੍ਰਵਰਤਕ ਅਰਥਾਤ ਭਗਤ ਨਾਮਦੇਵ ਦੇ ਯੋਗਦਾਨ ਨੂੰ ਨਿਰਧਾਰਿਤ ਕਰਨ ਵਿਚ ਅਸਮਰੱਥ ਰਹੇ ਹਨ । ਇਸ ਦ੍ਰਿਸ਼ਟੀ ਤੋਂ ਇਹ ਖੋਜ-ਪ੍ਰਬੰਧ ਪੰਜਾਬੀ ਸਾਹਿਤ ਵਿਚ ਪਲੇਠੀ ਯਤਨ ਹੈ ।

ਹੋਰ ਮੱਧਕਾਲੀਨ ਕਵੀਆਂ ਵਾਂਗ ਭਗਤ ਨਾਮਦੇਵ ਦੀ ਜੀਵਨੀ ਅਤੇ ਰਚਨਾ ਸੰਬੰਧੀ ਪ੍ਰਾਪਤ ਹੋਏ ਅਨੇਕਾਂ ਤੱਥ ਅਧੂਰੇ ਤੇ ਆਧਾਰਹੀਣ ਹਨ ਜਿਸ ਕਰਕੇ ਇਨ੍ਹਾਂ ਕਵੀਆਂ ਦੇ ਜੀਵਨ ਵੇਰਵਿਆਂ ਬਾਰੇ ਅਨੇਕਾਂ ਕਿੰਤੂ ਹੁੰਦੇ ਰਹਿੰਦੇ ਹਨ । ਕੁਝ ਮਰਾਠੀ ਤੇ ਹਿੰਦੀ ਵਿਦਵਾਨਾਂ ਜਿਵੇਂ :- ਮਾਧਵ ਰਾਉ ਆਪਾ-ਜੀ-ਮੂਲੇ, ਆਰ.ਜੀ. ਭੰਡਾਰਕਰ, ਭਗੀਰਥ ਮਿਸਰ ਅਤੇ ਰਾਜ ਨਰਾਇਣ ਮੌਰੀਆ; ਰਾਮਚੰਦਰ ਸ਼ੁਕਲ, ਸ਼ਿਆਮ ਸੁੰਦਰ ਦਾਸ, ਡਾ. ਰਾਮ ਕੁਮਾਰ ਵਰਮਾ, ਡਾ. ਪੀਤੰਬਰ ਦਤ ਬੜਥਵਾਲ, ਪੰ:ਪਰਸ਼ੂਰਾਮ ਚਤੁਰਵੇਦੀ, ਵਿਨੈ ਮੋਹਨ ਸ਼ਰਮਾ; ਆਰ. ਡੀ. ਰਾਨਾਡੇ, ਪ੍ਰਭਾਕਰ ਮਾਚਵੇ ਅਤੇ ਪੰਜਾਬੀ ਵਿਚ ਬਾਵਾ ਪੂਰਨ ਦਾਸ, ਗਿਆਨੀ ਖਜਾਨ ਸਿੰਘ, ਭਾਈ ਜੋਧ ਸਿੰਘ, ਡਾ. ਸੁਰੈਣ ਸਿੰਘ ਵਿਲਖੂ ਅਤੇ ਪ੍ਰੋ: ਕ੍ਰਿਪਾਲ ਸਿੰਘ ਨਾਰੰਗ ਵਲੋਂ ਵੀ ਨਾਮਦੇਵ ਦੀ ਜੀਵਨੀ ਤੇ ਕਾਵਿ ਸੰਬੰਧੀ ਕੁਝ ਵੇਰਵੇ ਇਕੱਤਰ ਕਰਨ ਦਾ ਪ੍ਰਯਾਸ ਹੋਇਆ ਹੈ । ਡਾ. ਡੀ: ਕੇ. ਆਡਕਰ ਨੇ ਨਾਮਦੇਵ ਦੀ ਹਿੰਦੀ ਪਦਾਵਲੀ ਅਤੇ ਡਾ. ਪੁਸ਼ਪਾ ਜੌਹਰੀ ਨੇ ਨਾਮਦੇਵ ਦੇ ਹਿੰਦੀ ਕਾਵਿ ਵਿਚਲੇ ਸੰਗੀਤ ਤੱਤ ਸੰਬੰਧੀ ਉਪਾਧੀ ਸਾਪੇਖ ਕਾਰਜ ਹਿੰਦੀ ਭਾਸ਼ਾ ਵਿਚ ਕੀਤੇ ਹਨ । ਇਹ ਕਾਰਜ ਆਪੋ ਆਪਣੀਆਂ ਖੋਜ-ਸੀਮਾਵਾਂ ਵਿਚ ਸੀਮਿਤ ਰਹਿਣ ਕਰਕੇ ਨਿਰਗੁਣ ਕਾਵਿਧਾਰਾ ਦੇ ਇਕ ਜਾਂ ਦੋ ਪੱਖਾਂ ਜਾਂ ਪ੍ਰਵਿਰਤੀਆਂ 'ਤੇ ਹੀ ਕੇਂਦ੍ਰਿਤ ਰਹੇ ਹਨ ।

ਇਸ ਖੋਜ-ਪ੍ਰਬੰਧ ਵਿਚ ਨਿਰਗੁਣ ਕਾਵਿ ਦੀ ਇਤਿਹਾਸਕਤਾ ਨੂੰ ਲੇਖਾਂਕਿਤ ਕਰਨ ਦੇ ਨਾਲ ਨਾਲ ਇਸਦੇ ਸੋਮੇ, ਵਿਕਾਸ ਅਤੇ ਨਿਰਗੁਣ-ਕਾਵਿ ਦੇ ਸਰਵੇਖਣ ਨੂੰ ਨਿਰੂਪਣ ਕਰਨ ਦਾ ਪ੍ਰਯਾਸ ਕੀਤਾ ਗਿਆ ਹੈ । ਜਿਥੋਂ ਤੱਕ ਨਿਰਗੁਣ-ਕਾਵਿ ਦੇ ਸਰਵੇਖਣ ਦਾ ਸੰਬੰਧ ਹੈ ਇਸਨੂੰ ਪ੍ਰਾਰੰਭਿਕ ਬਿੰਦੂ ਤੋਂ ਲੈ ਕੇ ਇਸਦੀ ਚਰਮ-ਸੀਮਾ ਜਿਹੜੀ ਕਿ ਗੁਰੂ-ਕਾਵਿ ਨਾਲ ਇਸਨੂੰ ਪ੍ਰਾਪਤ ਹੋਈ, ਤੱਕ ਹੀ ਸੀਮਿਤ ਰੱਖਿਆ ਗਿਆ ਹੈ ।

ਨਾਮਦੇਵ ਜੀਵਨ, ਰਚਨਾ ਤੇ ਵਿਅਕਤਿਤਵ ਦੇ ਸੰਬੰਧ ਵਿਚ ਜੋ ਤੱਥ ਵਿਕਰਾਲ ਰੂਪ ਵਿਚ ਅਗ੍ਰਸਰ ਰਹੇ ਹਨ, ਉਹ ਅਜੋਕੀ ਵਿਗਿਆਨਿਕ ਸੋਚ ਤੇ ਪੂਰੇ ਨਹੀਂ ਉੱਤਰਦੇ । ਉਕਤ ਤੱਥਾਂ ਨੂੰ ਪਰਖਣ, ਪੜਚੋਲਣ ਤੇ ਸਹੀ ਸਿੱਟਿਆਂ ਨੂੰ ਮੂਰਤੀਮਾਨ ਕਰਨ ਹਿੱਤ ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਾਮਦੇਵ ਬਾਣੀ ਨੂੰ ਹੀ ਆਧਾਰ ਬਣਾਇਆ ਗਿਆ ਹੈ,ਪਰ ਫਿਰ ਵੀ "ਨਾਮਦੇਵ ਕੀ ਹਿੰਦੀ ਪਦਾਵਲੀ" ਤੇ "ਸ੍ਰੀ ਨਾਮਦੇਵ ਗਾਥਾ" ਜੋ ਕਿ ਕ੍ਰਮਵਾਰ ਨਾਮਦੇਵ ਕਾਵਿ ਦੇ ਹਿੰਦੀ ਤੇ ਮਰਾਠੀ ਸੰਗ੍ਰਹਿ ਹਨ, ਵਿਚੋਂ ਲੋੜ ਅਨੁਸਾਰ ਸਮੱਗਰੀ ਲਈ ਗਈ ਹੈ ।

ਨਿਰਗੁਣਵਾਦੀ ਕਾਵਿਧਾਰਾ ਦੇ ਸੰਦਰਭ ਵਿਚ ਨਾਮਦੇਵ ਦਰਸ਼ਨ, ਸਾਧਨਾ ਤੇ ਆਚਾਰ ਵਿਧਾਨ ਨੂੰ ਪਰਖਿਆ ਗਿਆ ਹੈ । ਆਪਣੇ ਵਿਸ਼ੇ ਦੀ ਪ੍ਰੋੜਤਾ ਹਿਤ ਆਵੱਸ਼ਕ ਤੇ ਪ੍ਰਾਸੰਗਿਕ ਮਿਸਾਲਾਂ ਦੇ ਨਾਲ ਤਰਕ-ਸੰਗਤ ਮਾਨਤਾਵਾਂ ਨੂੰ ਪੁਸ਼ਟ ਕਰਨ ਦਾ ਯਤਨ ਵੀ ਕੀਤਾ ਗਿਆ ਹੈ ।

ਨਾਮਦੇਵ ਦੀ ਕਾਵਿ-ਕਲਾ ਦੇ ਪ੍ਰਸੰਗ ਵਿਚ ਕਲਾ ਦਾ ਸਰੂਪ, ਕਾਵਿ-ਰਸ, ਅਲੰਕਾਰ, ਬਿੰਬ ਪ੍ਰਤੀਕ ਵਿਧਾਨ ਤੇ ਛੰਦ-ਵਿਧਾਨ ਨੂੰ ਪੜਚੋਲਣਾ ਵੀ ਅਨਿਵਾਰੀ ਹੈ । ਨਾਮਦੇਵ ਬਾਣੀ ਦੀ ਭਾਸ਼ਾ ਤੇ ਸ਼ੈਲੀ ਮੱਧਕਾਲੀ ਸਾਹਿਤ ਦੇ ਭਾਸ਼ਾਈ ਸੰਸਾਰ ਦੇ ਸੰਦਰਭ ਵਿਚ ਨਵੇਂ ਨੁਕਤੇ ਉਭਾਰਦੀ ਹੈ । ਨਾਮਦੇਵ ਬਾਣੀ ਦੀ ਭਾਸ਼ਾ ਕਿਹੜੀ ਹੈ ? ਇਹ ਇਕ ਜਟਿਲ ਪ੍ਰਸ਼ਨ ਹੈ । ਨਾਮਦੇਵ ਨੇ ਦੱਖਣੀ ਤੇ ਉੱਤਰੀ ਭਾਰਤ ਦਾ ਭ੍ਰਮਣ ਕੀਤਾ ਜਿਸ ਕਾਰਨ ਉਸਦੀ ਬਾਣੀ ਵਿਚ ਸਮਕਾਲੀ ਭਾਸ਼ਾਵਾਂ ਤੇ ਉਪ-ਭਾਸ਼ਾਵਾਂ ਦੇ ਸ਼ਬਦ ਸਹਿਜ ਰੂਪ ਵਿਚ ਸਮਾ ਜਾਣੇ ਕੁਦਰਤੀ ਸਨ । ਵਿਦਵਾਨਾਂ ਨੇ ਇਸ ਭਾਸ਼ਾ ਨੂੰ ਸਾਧੂਕੜੀ ਭਾਖਾ(ਭਾਸ਼ਾ) ਦਾ ਨਾਮ ਦਿੱਤਾ ਹੈ । ਵਾਸਤਵ ਵਿਚ ਨਾਮਦੇਵ

ਗਿਆਨੇਸ਼੍ਵਰ ਵਰਗੀ ਉੱਚ-ਬੌਧਿਕ ਤੇ ਦਿਮਾਗੀ ਕਿਸਮ ਦੀ ਭਾਸ਼ਾ ਤੋਂ ਨਜ਼ਾਤ ਚਾਹੁੰਦਾ ਸੀ । ਇਸੇ ਲਈ ਉਸਨੇ ਲੋਕ-ਭਾਸ਼ਾ ਨੂੰ ਆਪਣੀ ਅਭਿਵਿਅੰਜਨਾ ਦਾ ਮਾਧਿਅਮ ਬਣਾਇਆ ਹੈ । ਸ਼ੈਲੀ ਪੱਖੋਂ ਵੀ ਉਹ ਵਧੇਰੇ ਲੋਕਿਕ ਹੈ ਤੇ ਉਸਦੀ ਬਾਣੀ ਵਿਚ ਲੋਕ ਕਾਵਿ-ਰੂਪਾਂ ਦੀ ਸਮੂਹਿਕ ਸ਼ੈਲੀ ਪ੍ਰਵਾਹਿਤ ਹੁੰਦੀ ਦਿਸਦੀ ਹੈ ।

ਭਗਤ ਨਾਮਦੇਵ ਨੇ ਭਾਰਤੀ ਜਨ-ਜੀਵਨ ਖ਼ਾਸ ਕਰਕੇ ਪੰਜਾਬੀ ਜਨ-ਜੀਵਨ ਅਤੇ ਨਿਰਗੁਣ-ਕਾਵਿ ਉੱਪਰ ਵਿਸ਼ੇਸ਼ ਪ੍ਰਭਾਵ ਪਾਇਆ ਹੈ । ਨਾਮਦੇਵ ਦੇ ਸ਼ਖ਼ਸੀ ਪ੍ਰਭਾਵ ਤੇ ਬਾਣੀ ਦੇ ਪ੍ਰਭਾਵ ਆਦਿ ਦੇ ਨਾਲ ਨਾਲ ਆਪ ਨੂੰ ਮਧਕਾਲੀਨ ਨਵ-ਜਾਗ੍ਰਣ ਦੇ ਸਰੋਤ ਵਜੋਂ ਵੀ ਪਰਖਿਆ ਗਿਆ ਹੈ । ਇਸ ਦਿਸ਼ਾ ਵਿਚ ਇਹ ਪੰਜਾਬੀ ਸਾਹਿਤ ਵਿਚ ਪਹਿਲਾ ਕਾਰਜ ਹੈ ।

ਕੁਲ ਮਿਲਾ ਕੇ ਇਹ ਖੋਜ-ਪ੍ਰਬੰਧ "ਨਾਮਦੇਵ ਕੀ ਹਿੰਦੀ ਪਦਾਵਲੀ" ਤੇ "ਸ੍ਰੀ ਨਾਮਦੇਵ ਗਾਥਾ" ਨੂੰ ਪਿਛੋਕੜ ਵਿਚ ਰੱਖਕੇ "ਗੁਰੂ ਗ੍ਰੰਥ ਸਾਹਿਬ" ਵਿਚ ਦਰਜ ਬਾਣੀ ਭਗਤ ਨਾਮਦੇਵ ਦੇ ਨਿਰਗੁਣ-ਕਾਵਿ ਦੇ ਸੰਦਰਭ ਵਿਚ ਮਹੱਤਵ ਨੂੰ ਦ੍ਰਿੜ ਕਰਨ ਦੇ ਨਾਲ ਨਾਲ ਉਸਦੇ ਪ੍ਰਮਾਣਿਕ ਜੀਵਨ ਵੇਰਵੇ, ਕਾਵਿ-ਕਲਾ ਅਤੇ ਪੰਜਾਬੀ ਜਨ-ਜੀਵਨ ਉੱਤੇ ਪਏ ਪ੍ਰਭਾਵ ਆਦਿ ਉੱਪਰ ਬਿਹੰਗਮ ਦ੍ਰਿਸ਼ਟੀ ਪਾਉਂਦਾ ਹੈ ।

ਆਭਾਰ :

ਮੈਂ ਉਨ੍ਹਾਂ ਸਤਿਕਾਰਯੋਗ ਵਿਦਵਾਨਾਂ ਦਾ ਦਿਲੋਂ ਰਿਣੀ ਹਾਂ ਜਿਨ੍ਹਾਂ ਦੀਆਂ ਮਹਾਨ ਖੋਜਾਂ ਤੇ ਕ੍ਰਿਤਾਂ ਤੋਂ ਮੈਂ ਪ੍ਰੇਰਨਾ, ਸਹਾਇਤਾ ਤੇ ਅਗਵਾਈ ਗ੍ਰਹਿਣ ਕੀਤੀ ਹੈ। ਮੈਂ ਆਪਣੇ ਨਿਗਰਾਨਾਂ ਪਰਮ-ਮਾਨਨੀਯ ਡਾ. ਦਰਸ਼ਨ ਸਿੰਘ ਅਤੇ ਡਾ. ਧਰਮ ਸਿੰਘ ਜੀ ਦਾ ਤਹਿ ਦਿਲੋਂ ਆਭਾਰੀ ਹਾਂ ਜਿਨ੍ਹਾਂ ਨੇ ਇਸ ਖੋਜ-ਪ੍ਰਬੰਧ ਦਾ ਇਕ-ਇਕ ਸ਼ਬਦ ਘੋਖਿਆ ਤੇ ਸੋਧਿਆ ਹੈ ਅਤੇ ਜਿਨ੍ਹਾਂ ਦੀ ਵਿਦਵਤਾਪੂਰਣ ਅਗਵਾਈ ਸਦਕਾ ਹੀ ਇਹ ਕਾਰਜ ਨੇਪਰੇ ਚੜ੍ਹਿਆ ਹੈ । ਡਾ. ਸੇਵਾ ਸਿੰਘ, ਡਾ. ਵਿਨੋਦ ਤਨੇਜਾ ਅਤੇ ਡਾ. ਹਰਮਹਿੰਦਰ ਸਿੰਘ ਬੇਦੀ ਦੀਆਂ ਨਵੀਆਂ ਤਜਵੀਜ਼ਾਂ ਵੀ ਮੇਰੇ ਆਭਾਰ ਦੀਆਂ ਪਾਤਰ ਹਨ । ਇਸ ਤੋਂ ਛੁੱਟ ਮੈਂ ਉਨ੍ਹਾਂ ਸਾਰੇ ਦੋਸਤਾਂ ਤੇ ਵਿਦਵਾਨਾਂ ਦਾ ਸਦਾ ਧੰਨਵਾਦੀ ਰਹਾਂਗਾ ਜੋ ਇਸ ਕਾਰਜ ਨੂੰ ਸੰਪੂਰਣ ਕਰਨ ਵਿਚ ਮੇਰੀ ਹੌਸਲਾ-ਅਫ਼ਜ਼ਾਈ ਕਰਦੇ ਰਹੇ ।

ਅਵਤਾਰ ਸਿੰਘ
(ਅਵਤਾਰ ਸਿੰਘ)

## ਅਧਿਆਇ ਪਹਿਲਾ

## ਇਤਿਹਾਸਕ ਪਿਛੋਕੜ

# ਇਤਿਹਾਸਕ ਪਿਛੋਕੜ

## ਨਿਰਗੁਣ :

ਇਕ ਅਜਿਹੀ ਸੱਤਾ ਜੋ ਇਸ ਸ੍ਰਿਸ਼ਟੀ ਤੋਂ ਵੀ ਬਹੁਤ ਪਹਿਲੇ ਸੀ, ਜਿਸ ਨੇ ਆਪਣੀ ਹੀ ਮਰਜ਼ੀ ਨਾਲ ਇਸ ਕਾਇਨਾਤ ਦੀ ਸਿਰਜਨਾ ਕੀਤੀ ।[1] ਦੁਨੀਆਂ ਵਿਚਲੀ ਕਿਸੇ ਵੀ ਹਸਤੀ ਦੀ ਉਸ ਨਾਲ ਤੁਲਣਾ ਨਹੀਂ ਕੀਤੀ ਜਾ ਸਕਦੀ । ਕੇਵਲ ਇੰਨਾ ਕਿਹਾ ਜਾ ਸਕਦਾ ਹੈ ਕਿ ਉਹ ਆਪਣੇ ਆਪ ਤੋਂ ਹੀ ਪੈਦਾ ਹੋਇਆ ਹੈ; ਉਹ ਜਨਮਾਂ ਦੇ ਚੱਕਰ ਵਿਚ ਨਹੀਂ ਆਉਂਦਾ ।[2] ਅਜਿਹੀ ਸਤਾ ਦੀ ਅਭਿਵਿਅਕਤੀ ਲਈ ਅਨੇਕਾਂ ਵਿਸ਼ੇਸ਼ਣ ਵਰਤੇ ਗਏ ਹਨ ।[3] ਅਜਿਹੇ ਸ਼ਬਦਾਂ ਵਿਚੋਂ 'ਨਿਰਗੁਣ' ਹੀ ਅਜਿਹਾ ਸ਼ਬਦ ਹੈ ਜੋ ਇਸ ਸ਼ਕਤੀ ਨੂੰ ਸਪਸ਼ਟ ਰੂਪ ਵਿਚ ਮੂਰਤੀਮਾਨ ਕਰਦਾ ਹੈ । ਇਹ ਸ਼ਬਦ ਆਮ ਅਤੇ ਪਰਿਭਾਸ਼ਿਕ ਦੋਹਾਂ ਹੀ ਰੂਪਾਂ ਵਿਚ ਵਰਤਿਆ ਜਾਂਦਾ ਰਿਹਾ ਹੈ ।

## ਕੋਸ਼ਗਤ ਅਰਥ :

ਸੰਸਕ੍ਰਿਤ ਸਾਹਿੱਤ ਵਿਚ 'ਨਿਰਗੁਣ' ਸ਼ਬਦ ਦੇ ਕੋਸ਼ਗਤ ਅਰਥਾਂ ਦਾ ਵਿਸਤ੍ਰਿਤ ਵਿਵੇਚਨ ਹੋਇਆ ਹੈ । "ਸ਼ਬਦਾਰਥ ਕੌਸਤੁਭ" ਵਿਚ ਨਿਰਗੁਣ ਦੇ ਅਰਥ ਹਨ "ਜੋ ਸਤਵ, ਰਜ, ਤਮ, ਇਨ ਤੀਨੋਂ ਗੁਣੋਂ ਸੇ ਪਰੇ ਹੋ; ਤ੍ਰਿਗੁਣਾਤੀਤ ।"[4]

---

1. "ਕੀਤਾ ਪਸਾਉ ਏਕ ਕਹਾਉ", ਆਦਿ ਗ੍ਰੰਥ, ਮਹਲਾ 1, ਪੰ:3.
2. "ਅਜੂਨੀ ਸੈਭੰ", ਆਦਿ ਗ੍ਰੰਥ, ਮਹਲਾ 1, ਪੰ:1.
3. "ਅਬਿਨਾਸੀ ਜੀਅਨ ਕੋ ਦਾਤਾ", ਉਹੀ, ਸੋਰਠਿ ਮਹਲਾ ੧, ਪੰ:617.
   "ਅਭੈ ਦਾਨੁ ਨਾਮ", ਉਹੀ, ਬਿਲਾਵਲੁ ਮਹਲਾ 5, ਪੰ:820.
   "ਅਗਮੁ ਅਗੋਚਰ ਤੂ", ਉਹੀ, ਮਲਾਰ ਮਹਲਾ ੧, ਪੰ:1286.
   "ਅਟਲ ਅਡੋਲ ਅਤੋਲ", ਉਹੀ, ਮਾਰੂ ਮਹਲਾ ੧, ਪੰ:968.
   "ਅਮਰ ਅਜੋਨੀ ਜਾਤਿ", ਉਹੀ, ਬਿਲਾਵਲੁ ਮਹਲਾ ੧, ਪੰ:838.
   "ਆਪੇ ਅਤੁਲ ਤੁਲਾਏ", ਉਹੀ, ਸੋਰਠਿ ਮਹਲਾ 4, ਪੰ:606.
   "ਨਿਰਗੁਣ ਸਰਗੁਣ ਆਪੇ", ਉਹੀ, ਮਾਝ ਮਹਲਾ 3, ਪੰ:128.
4. ਚਤੁਰਵੇਦੀ, ਦਵਾਰਕਾ ਪ੍ਰਸਾਦ (ਸੰਪ:), ਪੰ:609.

"ਸ਼ਬਦ ਕਲਪਦ੍ਰੁਮ" ਭਾਗ 2 ਅਨੁਸਾਰ ਪ (ਨਿਰਗਤਾ: ਗੁਣਾ: ਯਸ੍ਮਾਤ੍) ਸਤਵ, ਰਜ ਸਤਮੋਗੁਣਾ ਤੀਤ : ਪਰਮੇਸ਼ਵਰ :

ਯਥਾ- "ਸਾਕਾਰੰਚ ਨਿਰਾਕਾਰੰਚ ਸਗੁੰਣ ਨਿਰਗੁਣੰ ਪ੍ਰਭੁਮ ॥
ਸਰਵਾਪਾਰੰਚ ਸਰਵੰਚ ਸਵੇਛਾ ਰੂਪੰ ਨਮਾਮਹਮਾ ॥[1]

ਬ੍ਰਹਮ ਵੈਵਰਤ, ਗਣੇਸ਼ ਖੰਡ, ਅਧਿ:13

"ਗੁਣ ਤ੍ਰਿਨ ਨਿਰਗੁਣੋ ਮਹਾਨ"

ਮਹਾਂਭਾਰਤ, 13/49/103

"ਹਿੰਦੀ ਸ਼ਬਦ ਸਾਗਰ"[2] ਭਾਗ ਪੰਜਵਾਂ ਅਤੇ "ਗਿਆਨ ਸ਼ਬਦ ਕੋਸ਼"[3] ਵਿਚ ਸੰਸਕ੍ਰਿਤ ਦੇ ਕੋਸ਼ਗਤ ਅਰਥਾਂ ਦੇ ਸਮਾਨੰਤਰ ਅਰਥ ਕੀਤੇ ਗਏ ਹਨ ਜੋ ਨਿਮਨ-ਲਿਖਿਤ ਹਨ :

"ਜੋ ਸਤਵ, ਰਜ, ਤਮ ਤੀਨੋਂ ਗੁਣੋਂ ਸੇ ਪਰੇ ਹੋ" ।

"ਮਹਾਨ ਕੋਸ਼" ਵਿਚ ਨਿਰਗੁਣ ਦੇ ਅਰਥ ਕੀਤੇ ਗਏ ਹਨ — ਜੋ "ਮਾਇਆ ਦੇ ਸਤ (ਸਤੋ), ਰਜ (ਰਜੋ), ਤਮ (ਤਮੋ) ਗੁਣ ਤੋਂ ਰਹਿਤ ਜਾਂ ਸ਼ੁਧ ਬ੍ਰਹਮ" ।[4]

<u>ਪਰੰਪਰਾਗਤ ਅਰਥ :</u>

ਇਹ ਕਿਹਾ ਜਾ ਸਕਦਾ ਹੈ "ਇਸ ਨਾਮਕਰਣ ਨੂੰ ਪਰੰਪਰਾ ਦੀ ਵਰਤੋਂ ਤੇ ਵਿਵਹਾਰ ਦੀ ਪੁਸ਼ਟੀ ਪ੍ਰਾਪਤ ਹੈ ।"[5]

ਨਿਰਗੁਣ ਸ਼ਬਦ ਸਰਵ ਪ੍ਰਥਮ "ਮਹਾਂਭਾਰਤ"[6] ਅਤੇ "ਸ੍ਰੀ ਮਦ ਭਗਵਤ"[7]

---

1. ਰਾਜਾ ਰਾਧਾ ਕਾਨਤਾ ਦੇਵ (ਸੰਪ.), ਪੰ:891.
2. ਸਿਆਮ ਸੁੰਦਰ ਦਾਸ (ਸੰਪ.), ਪੰ:2676.
3. ਸ੍ਰੀਵਾਸਤਵ, ਮੁਕੰਦੀ ਲਾਲ (ਸੰਪ.), ਪੰ:891.
4. ਕਾਨ੍ਹ ਸਿੰਘ ਨਾਭਾ, ਪੰ:532.
5. ਬੜ੍ਹਥਵਾਲ, ਪੀਤੰਬਰ ਦੱਤ, "ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ", ਪੰ: 5.
6. "ਮਹਾਂਭਾਰਤ" ਸ਼ਾਂਤੀ ਪਰਵ, 336/21-37.
7. ਸ੍ਰੀਮਦ ਭਗਵਤ 'ਗੀਤਾ', 13/14.

ਵਿਚ ਵਰਤਿਆ ਗਿਆ । ਇਨ੍ਹਾਂ ਦੋਹਾਂ ਗ੍ਰੰਥਾਂ ਵਿਚ ਇਹ ਸ਼ਬਦ 'ਤ੍ਰਿਗੁਣਾਤੀਤ' ਦੇ ਸਮਾਨਾਰਥਕ ਸਮਝ ਕੇ ਲਿਖਿਆ ਗਿਆ । ਇਸ ਸ਼ਬਦ ਦੀ ਵਰਤੋਂ "ਚੂਲਿਕੋਪਨਿਸ਼ਦ"[1] ਵਿਚ ਵੀ ਹੋਈ ਹੈ । ਉਪਨਿਸ਼ਦਾਂ ਵਿਚ ਇਹ ਪਦ ਬ੍ਰਹਮ ਤੱਤ ਦੇ ਅਰਥਾਂ ਵਿਚ ਵਰਤਿਆ ਗਿਆ ਹੈ ।[2]

ਮੱਧਕਾਲ ਵਿਚ ਨਾਥ-ਪੰਥੀਆਂ ਦੁਆਰਾ ਵੀ ਨਿਰਗੁਣ ਸ਼ਬਦ ਦੀ ਵਰਤੋਂ ਕੀਤੀ ਗਈ, ਜਿਸ ਤੋਂ ਗਿਆਨੇਸ਼ਵਰ, ਨਾਮਦੇਵ, ਕਬੀਰ ਤੇ ਗੁਰੂ ਕਵੀ ਪ੍ਰਭਾਵਿਤ ਹੋਏ । "ਆਦਿ ਗ੍ਰੰਥ" ਵਿਚ ਨਿਰਗੁਣ ਸ਼ਬਦ ਅਨੇਕ ਥਾਵਾਂ ਤੇ ਵਰਤਿਆ ਗਿਆ ਹੈ । ਗੁਰਬਾਣੀ ਵਿਚ ਸ਼ਬਦ "ਨਿਰਗੁਨ"[3] ਜਿਥੇ "ਗੁਣਰਹਿਤ" ਜਾਂ "ਗੁਣਾਂ ਤੋਂ ਖ਼ਾਲੀ" ਆਦਿ ਅਰਥਾਂ ਵਿਚ ਵਰਤਿਆ ਗਿਆ ਉਥੇ ਪਰਮਾਤਮ ਸ਼ਕਤੀ ਨੂੰ ਨਿਰੂਪਣ ਕਰਨ ਹਿਤ 'ਨਿਰਗੁਣ' ਨੂੰ ਉਕਤੀ ਯੁਕਤ ਕੀਤਾ ਗਿਆ ।[4]

---

1. "ਚੂਲਿਕੋਪਨਿਸ਼ਦ", 7.
2. ਗੋਵਿੰਦ ਤ੍ਰਿਗੁਣਾਯਤ, "ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ", ਪੰ:8.
3. "ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂੰ ਦਾਤਾ॥"ਆਦਿ ਗ੍ਰੰਥ, ਸੋਰਠਿ ਮਹਲਾ 5, ਪੰ:613.
4. "ਤੂੰ ਨਿਰਗੁਣ ਸਰਗੁਣ ਸੁਖ ਦਾਤਾ", ਉਹੀ, ਮਾਝ ਮਹਲਾ 5,ਪੰ:102.
   "ਨਿਰਗੁਣ ਸਰਗੁਣ ਆਪੇ ਸੋਈ", ਉਹੀ, ਮਾਝ ਮਹਲਾ 5, ਪੰ:128.
   "ਨਿਰਗੁਣ ਤੇ ਸਰਗੁਣ ਦ੍ਰਿਸ਼ਟਾਰੰ", ਉਹੀ, ਗਉੜੀ ਮਹਲਾ 5,ਪੰ:250.
   "ਸਰਗੁਣ ਨਿਰਗੁਣ ਨਿਰੰਕਾਰ ਸੁੰਨ ਸਮਾਧੀ ਆਪਿ", ਉਹੀ,ਗਉੜੀ ਮਹਲਾ 5, ਪੰ:290.
   "ਨਿਰਗੁਣ ਆਪ ਸਰਗੁਣ ਭੀ ਓਹੀ",ਉਹੀ, ਗਉੜੀ ਮਹਲਾ 5, ਪੰ:287.
   "ਨਿਰਗੁਣ ਮਿਲਿ ਵਜੀ ਵਧਾਈ",ਉਹੀ,ਆਸਾ ਮਹਲਾ 5, ਪੰ:392.
   "ਈਘੈ ਨਿਰਗੁਣ ਊਘੈ ਸਰਗੁਣ", ਉਹੀ, ਬਿਲਾਵਲੁ ਮਹਲਾ 5,ਪੰ:827.
   "ਨਿਰਗੁਣ ਤੇ ਸਰਗੁਣ ਥੀਆ",ਉਹੀ, ਗਉੜੀ ਮਹਲਾ 5, ਪੰ:250.

ਇਤਿਹਾਸਕ ਪਿਛੋਕੜ :

ਪੰਜਾਬੀ ਦੇ ਨਿਰਗੁਣ ਕਾਵਿ ਦਾ ਇਤਿਹਾਸ ਓਨਾ ਹੀ ਪੁਰਾਣਾ ਹੈ ਜਿੰਨਾ ਕਿ ਪੰਜਾਬੀ ਸਾਹਿੱਤ । ਨਾਥਾਂ-ਜੋਗੀਆਂ ਦੇ ਸਾਹਿੱਤ ਤੋਂ ਲੈ ਕੇ ਇਹ ਵਿਚਾਰਧਾਰਾ ਭਗਤ ਨਾਮਦੇਵ ਨਾਲ ਪ੍ਰਵਾਨ ਚੜ੍ਹੀ, ਜਿਸ ਨੂੰ ਕਬੀਰ, ਹੋਰ ਭਗਤ ਕਵੀਆਂ ਤੇ ਗੁਰੂ-ਕਵੀਆਂ ਨੇ ਸਿਖ਼ਰਾਂ ਪ੍ਰਦਾਨ ਕੀਤੀਆਂ । ਇਹ ਕਾਵਿ ਭਾਰਤੀ ਅਧਿਆਤਮਕ ਕਾਵਿ ਦੀ ਇਕ ਕੜੀ ਵੀ ਆਖੀ ਜਾਂਦੀ ਹੈ ਜੋ ਕਿ ਭਾਰਤ ਦੇ ਇਤਿਹਾਸਕ ਮੰਚ ਤੇ ਪ੍ਰਾਰੰਭ ਹੋ ਚੁੱਕੀ ਭਗਤੀ ਲਹਿਰ ਦੀ ਉਪਜ ਹੈ । ਇਸ ਪ੍ਰਬਲ ਕਾਵਿਧਾਰਾ ਵਿਚ ਅਧਿਆਤਮਕ ਚਿੰਤਨ ਦੇ ਨਾਲ ਨਾਲ ਸਮਾਜ ਕਲਿਆਣ ਅਤੇ ਸੁਹਜ-ਸੌਂਦਰਯ ਦਾ ਵਿਸ਼ਿਸ਼ਟ ਸੁਮੇਲ ਉਪਲੱਬਧ ਹੈ । ਇਸ ਲਹਿਰ ਨੇ ਜਿਥੇ ਇਕ ਪਾਸੇ ਸਰਗੁਣ ਉਪਾਸਨਾ ਰਾਹੀਂ ਪੌਰਾਣਿਕ ਅਵਤਾਰ-ਭਗਤੀ ਨੂੰ ਕੇਂਦਰ ਬਣਾਇਆ, ਉਥੇ ਨਿਰਗੁਣ ਨੇ ਇਕ-ਈਸ਼ਵਰਵਾਦ ਦੇ ਸਿੱਧਾਂਤ ਨੂੰ ਅੰਗੀਕਾਰ ਕੀਤਾ । ਸਮੇਂ ਸਮੇਂ ਇਸ ਭਗਤੀ ਭਾਵਨਾ ਵਿਚ ਨਵੇਂ ਤੱਤ ਸ਼ਾਮਿਲ ਹੋਏ ਜੋ ਕਿ ਇਸ ਕਾਵਿਧਾਰਾ ਵਿਚ ਇਨ੍ਹਾਂ ਮਹਾਨ ਕਵੀਆਂ ਦਾ ਚਿੰਤਨ-ਸਮਾਵੇਸ਼ ਕਿਹਾ ਜਾ ਸਕਦਾ ਹੈ; ਫਲਸਰੂਪ ਇਸ ਤਰ੍ਹਾਂ ਉਸ ਕਾਵਿਧਾਰਾ ਦਾ ਜਨਮ ਹੋਇਆ ਜੋ ਨਿਰਗੁਣ-ਕਾਵਿ ਦੇ ਰੂਪ ਵਿਚ ਪ੍ਰਵਾਹਿਤ ਹੋਈ ।

ਭਗਤ ਨਾਮਦੇਵ ਉਹ ਮਹਾਨ ਸੰਤ ਸਨ, ਜਿਨ੍ਹਾਂ ਨੇ ਨਿਰਗੁਣਵਾਦੀ ਚਿੰਤਨ ਨੂੰ ਮਹਾਂਰਾਸ਼ਟਰ ਤੋਂ ਪੰਜਾਬ ਵਾਲੇ ਪਾਸੇ ਲਿਆਂਦਾ । ਕੁਝ ਲੋਕ ਹੂੜ੍ਹ ਸੱਚਾਈਆਂ ਨੂੰ ਭੁੱਲ ਕੇ ਨਾਮਦੇਵ ਨੂੰ ਕੇਵਲ ਸਰਗੁਣ-ਉਪਾਸ਼ਨਾ ਦਾ ਧਾਰਨੀ ਕਹਿਣ ਦੀ ਉਕਾਈ ਕਰਦੇ ਹਨ ।[1] ਸੱਚ ਤਾਂ ਇਹ ਹੈ ਕਿ ਆਪ ਨੇ ਨਿਰਗੁਣ ਸਾਧਨਾ-ਪੱਧਤੀ ਨਾਲ ਜੁੜਕੇ

---

1. "ਸ੍ਰੀ ਗਣੇਸ਼ ਪ੍ਰਸ਼ਾਦ ਦਿਵ੍ਵੇਦੀ ਨਾਮਦੇਵ ਨੂੰ ਮੂਲ ਰੂਪ ਤੋਂ ਹੀ ਸਗੁਣ ਨੂੰ ਮੰਨਣ ਵਾਲੇ ਮੰਨਦੇ ਹਨ।"

"ਸੰਤਾਂ ਦੀ ਨਿਰਗੁਣ ਉਪਾਸ਼ਨਾ ਦਾ ਸਰਗੁਣ ਪਿਛੋਕੜ',
ਡਾ. ਮਥੁਰਾ ਦੱਤ ਪਾਂਡੇਯ, "ਪੰਜਾਬੀ ਦੁਨੀਆ" (ਨਿਰਗੁਣ ਸਾਹਿਤ ਅੰਕ),
ਪੰ: 35.

ਇਸ ਕਾਵਿ-ਪ੍ਰਵਾਹ ਵਿਚ ਨਵੀਨ ਤਰਕ ਭਰੇ[1] ਜਿਨ੍ਹਾਂ ਦੀ ਵਿਸਤ੍ਰਿਤ ਚਰਚਾ ਅੱਗੇ ਚੱਲ ਕੇ ਕੀਤੀ ਜਾਵੇਗੀ ।

<u>ਨਾਮਕਰਣ</u> :

ਇਹ ਤੱਥ ਆਪਣੇ ਥਾਂ ਸੱਚਾ ਹੈ ਕਿ ਨਿਰਗੁਣ ਸ਼ਬਦ ਸਰਵ ਪ੍ਰਥਮ ਸੰਸਕ੍ਰਿਤ ਸਾਹਿੱਤ ਵਿਚ ਹੀ ਵਰਤਿਆ ਗਿਆ । ਉਪਰ ਅਸੀਂ ਇਹ ਵੀ ਸਪੱਸ਼ਟ ਕਰ ਆਏ ਹਾਂ ਕਿ 'ਨਿਰਗੁਣ' ਕਿੰਨ੍ਹਾਂ ਕਿੰਨ੍ਹਾਂ ਅਰਥਾਂ ਵਿਚ ਲਿਆ ਗਿਆ ਹੈ । ਜਿਥੋਂ ਤੱਕ ਪੰਜਾਬੀ ਵਿਚ ਨਿਰਗੁਣ ਸ਼ਬਦ ਨੂੰ ਇਕ ਖ਼ਾਸ ਕਾਵਿਕ-ਲਹਿਰ ਲਈ ਹੀ ਵਰਤੇ ਜਾਣ ਦਾ ਸੰਬੰਧ ਹੈ, ਇਨ੍ਹਾਂ ਕਵੀਆਂ ਨੇ, ਜਿਵੇਂ ਕਿ ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਤਰਕ ਹੈ 'ਪੰਜਾਬੀ ਨਿਰਗੁਣ ਕਾਵਿ ਆਪਣੇ ਸਮੇਂ ਦੀਆਂ ਸਾਰੀਆਂ ਪ੍ਰਚਲਿਤ ਵਿਚਾਰਧਾਰਾਵਾਂ, ਧਰਮ-ਸਾਧਨਾਵਾਂ ਅਤੇ ਕਾਵਿ-ਪਰੰਪਰਾਵਾਂ ਦਾ ਬਹੁਮੁੱਲ ਸਾਰ-ਤੱਤ ਹੈ'[2], ਤੱਕ ਹੀ ਆਪਣੇ ਕਾਵਿ ਨੂੰ ਸੀਮਿਤ ਨਹੀਂ ਰੱਖਿਆ, ਸਗੋਂ

---

1. 'ਇਸ ਵਿਚ ਕੋਈ ਸ਼ੱਕ ਨਹੀਂ ਕਿ ਨਾਮਦੇਵ ਵਿਲਕਸ਼ਣ ਪ੍ਰਤਿਭਾ ਵਾਲੇ ਅਤੇ ਬੜੇ ਦੂਰਦਰਸ਼ੀ ਰਹੇ ਹੋਣਗੇ । ਇਨ੍ਹਾਂ ਨੇ ਬਹੁਤ ਪਹਿਲੇ ਹੀ ਇਹ ਜਾਣ ਲਿਆ ਸੀ ਕਿ ਭਾਰਤ ਵਿਚ ਹਿੰਦੂ ਮੁਸਲਮਾਨ ਅਤੇ ਛੂਤਛਾਤ ਸਭ ਨੂੰ ਏਕਤਾ ਦੇ ਸੂਤਰ ਵਿਚ ਬੰਨਣ ਵਾਲਾ ਜੇ ਕੋਈ ਸਰਬ ਸਾਧਾਰਨ ਭਗਤੀ ਮਾਰਗ ਦਾ ਪਰਚਾਰ ਨਾ ਕੀਤਾ ਗਿਆ ਤਾਂ ਸਾਰਾ ਦੇਸ਼ ਨਾਸਤਿਕ ਹੋ ਜਾਵੇਗਾ ਜਾਂ ਭਿਆਨਕ ਵਰਗ-ਲੜਾਈ ਵਿਚ ਧਸ ਕੇ ਸਾਰੇ ਇਕ ਦੂਜੇ ਨਾਲ ਲੜ ਪੈਣਗੇ। ਇਹ ਸੋਚ ਕੇ ਇਕ ਪਾਸੇ ਤਾਂ ਇਨ੍ਹਾਂ ਨੇ ਮੰਦਰ ਮਸਜਿਦ ਦੀ ਸਾਰਹੀਨਤਾ ਘੋਸ਼ਿਤ ਕਰਦੇ ਹੋਏ ਰੱਬ ਦੀ ਮੌਜੂਦਗੀ ਦਾ ਪ੍ਰਚਾਰ ਕੀਤਾ ਤੇ ਦੂਜੇ ਪਾਸੇ ਮੂਰਤੀ-ਪੂਜਾ ਨੂੰ ਬੇਲੋੜਾ ਦੱਸ ਕੇ 'ਰਾਮ ਰਹੀਮ' ਦੀ ਏਕਤਾ ਦਾ ਰਾਗ ਵੀ ਸ਼ੁਰੂ ਕੀਤਾ।'

   'ਸੰਤਾਂ ਦੀ ਨਿਰਗੁਣ ਉਪਾਸ਼ਨਾ ਦਾ ਸਰਗੁਣ ਪਿਛੋਕੜ', ਡਾ. ਮਧੁਰਾ ਦੱਤ ਪਾਂਡੇ, "ਪੰਜਾਬੀ ਦੁਨੀਆ"(ਨਿਰਗੁਣ ਸਾਹਿਤ ਅੰਕ), ਪੰ: 35.

2. ਡਾ. ਪ੍ਰੇਮ ਪ੍ਰਕਾਸ਼ ਸਿੰਘ, "ਗੁਰੂ ਨਾਨਕ ਤੇ ਨਿਰਗੁਣਧਾਰਾ", ਪੰ: 5.

ਸਾਰ-ਤੱਤ ਗ੍ਰਹਿਣ ਕਰਨ ਦੇ ਨਾਲ ਨਾਲ ਆਪਣੇ ਮੌਲਿਕ ਚਿੰਤਨ ਜੋ ਕਿ ਸਮਕਾਲੀ ਯੁੱਗ ਪ੍ਰਸਿਥਿਤੀਆਂ ਨੂੰ ਵੀ ਜਜ਼ਬ ਕਰਦਾ ਹੈ, ਦੇ ਸਮਾਵੇਸ਼ ਨਾਲ ਇਕ ਨਵ-ਨਵੀਨ ਧਾਰਾ ਕਾਇਮ ਕੀਤੀ ।

ਇਨ੍ਹਾਂ ਕਵੀਆਂ ਨੇ ਆਪਣੇ ਨਿਰਗੁਣ ਬ੍ਰਹਮ ਦੀ ਅਭਿਵਿਅਕਤੀ ਲਈ ਨਿਰਗੁਣ ਸੰਗਿਆ ਹੀ ਵਰਤੀ ।[1] ਫਲਸਰੂਪ ਇਨ੍ਹਾਂ ਕਵੀਆਂ ਦੇ ਕਾਵਿ ਨੂੰ ਨਿਰਗੁਣ-ਕਾਵਿ ਆਖਿਆ ਜਾਣ ਲਗ ਪਿਆ ਅਤੇ ਇਨ੍ਹਾਂ ਦੇ ਮਾਰਗ ਨੂੰ ਨਿਰੁਗੁਣ ਮਾਰਗ ।[2] ਡਾ. ਹਰਿਵੰਸ਼ ਲਾਲ ਸ਼ਰਮਾ ਵੀ ਉਕਤ ਮਤ ਨਾਲ ਸਹਿਮਤੀ ਪ੍ਰਗਟ ਕਰਦੇ ਕਹਿੰਦੇ ਹਨ : "ਸੰਤਾਂ ਨੇ ਆਪਣੇ ਪ੍ਰਭੂ ਦਾ ਸਰੂਪ ਨਿਰਗੁਣ ਹੀ ਮੰਨਿਆ, ਪਰੰਤੂ ਉਪਾਸ਼ਨਾ ਦੇ ਖੇਤਰ ਵਿਚ ਉਸ ਨੂੰ ਅਲੌਕਿਕ ਗੁਣਾਂ ਦਾ ਭੰਡਾਰ ਸਵੀਕਾਰ ਕੀਤਾ।"[3]

ਕੁਝ ਵਿਦਵਾਨ ਇਹ ਵੀ ਕਹਿੰਦੇ ਹਨ "ਨਿਰਗੁਣ ਸ਼ਬਦ ਦੀ ਵਰਤੋਂ ਸਰਗੁਣ ਭਗਤਾਂ ਨਾਲੋਂ ਇਨ੍ਹਾਂ ਦੀ ਵੱਖਰਤਾ ਦੱਸਣ ਲਈ ਹੁੰਦੀ ਸੀ ।"[4] "ਹਿੰਦੀ ਸਾਹਿਤਯ

---

1. ਪ੍ਰਭਾਕਰ ਮਾਚਵੇ, "ਹਿੰਦੀ ਔਰ ਮਰਾਠੀ ਦਾ ਨਿਰਗੁਣ ਸੰਤ-ਕਾਵਯ", ਪੰ:88.
2. 'ਭਗਤੀ ਅੰਦੋਲਨ ਦੀ ਜੋ ਲਹਿਰ ਦੱਖਣ ਤੋਂ ਆਈ, ਉਸ ਨੇ ਉਤਰੀ ਭਾਰਤ ਦੀਆਂ ਸਥਿਤੀਆਂ ਦੇ ਅਨੁਕੂਲ ਹਿੰਦੂ ਅਤੇ ਮੁਸਲਮਾਨ ਦੋਵਾਂ ਲਈ ਇਕ ਸਮਾਨ ਭਗਤੀ ਮਾਰਗ ਦੀ ਭਾਵਨਾ ਕੁਝ ਲੋਕਾਂ ਵਿਚ ਜਗਾਈ...ਮਹਾਂਰਾਸ਼ਟਰ ਦੇਸ਼ ਦੇ ਪ੍ਰਸਿੱਧ ਭਗਤ ਨਾਮਦੇਵ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਲਈ ਸਮਾਨ ਭਗਤੀ ਮਾਰਗ ਦਾ ਵੀ ਆਸਰਾ ਲਿਆ । ਇਸ ਤੋਂ ਪਿਛੋਂ ਕਬੀਰ ਦਾਸ ਨੇ ਇਕ ਵਿਸ਼ੇਸ਼ ਤਤਪਰਤਾ ਨਾਲ ਇਕ ਵਿਸਤ੍ਰਿਤ ਰੂਪ ਵਿਚ ਇਹ ਮਾਰਗ ਨਿਰਗੁਣ ਪੰਥ ਦੇ ਨਾਂ ਨਾਲ ਚਲਾਇਆ'।

   ਰਾਮ ਚੰਦਰ ਸ਼ੁਕਲ, "ਹਿੰਦੀ ਸਾਹਿਤਯ ਕਾ ਇਤਿਹਾਸ", ਪੰ:66.
3. "ਮੱਧਕਾਲੀਨ ਨਿਰਗੁਣ ਭਗਤੀ ਸਾਧਨਾ", ਪੰ:5.
4. ਸੁਦਰਸ਼ਨ ਸਿੰਘ ਮਜੀਠੀਆ, "ਸੰਤ ਸਾਹਿਤਯ", ਪੰ:74.

   ਡਾ. ਪ੍ਰੇਮ ਪ੍ਰਕਾਸ਼ ਸਿੰਘ, "ਗੁਰੂ ਨਾਨਕ ਤੇ ਨਿਰਗੁਣ ਕਾਵਿਧਾਰਾ", ਪੰ:5 ਤੋਂ ਉਧ੍ਰਿਤ

ਕੋਸ਼" ਵਿਚ ਇਹ ਵੀ ਲਿਖਿਆ ਹੈ :"ਨਿਰਗੁਣ ਸੰਪ੍ਰਦਾਇ ਦਾ ਪ੍ਰਯੋਗ ਪਹਿਲਾਂ ਸਰਗੁਣ ਸੰਪ੍ਰਦਾਇ ਨਾਲੋਂ ਇਸ ਦੀ ਭਿੰਨਤਾ ਪ੍ਰਗਟ ਕਰਨ ਲਈ ਹੋਇਆ ।"[1] ਇਸ ਤਰ੍ਹਾਂ ਨਿਰਗੁਣ ਸ਼ਬਦ ਦੀ ਪਰਿਭਾਸ਼ਿਕ ਅਰਥਾਂ ਵਿਚ ਵਿਸ਼ੇਸ਼ ਵਰਤੋਂ ਕਰਕੇ ਅਤੇ ਸਰਗੁਣ ਤੋਂ ਇਸ ਦੀ ਭਿੰਨਤਾ ਪ੍ਰਗਟਾਉਣ ਲਈ ਇਸ ਪਦ ਦੀ ਵਰਤੋਂ ਕੀਤੀ ਗਈ ।

ਇਸੇ ਰੀਤੀ ਦਾ ਪਾਲਣ ਕਰਦਿਆਂ ਪੰਜਾਬੀ ਦੀ ਇਸ ਕਾਵਿ ਧਾਰਾ ਦਾ ਨਾਮਕਰਣ "ਪੰਜਾਬੀ ਨਿਰਗੁਣ ਕਾਵਿ" ਵਜੋਂ ਕੀਤਾ ਗਿਆ । ਡਾ.ਤਾਰਨ ਸਿੰਘ ਦੀ ਦ੍ਰਿਸ਼ਟੀ ਵਿਚ "ਇਹ (ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਕਵੀ) ਮੂਲ ਰੂਪ ਵਿਚ ਨਿਰਗੁਣਵਾਦੀ ਸਨ।"[2] ਡਾ.ਹਰਿਭਜਨ ਸਿੰਘ "ਗੁਰੂ ਕਾਵਿ ਨੂੰ ਨਿਰਗੁਣ ਕਾਵਿ ਲਿਖਦੇ ਹਨ।"[3] ਇਸ ਤੋਂ ਉਪਰੰਤ ਡਾ.ਕਾਲਾ ਸਿੰਘ ਬੇਦੀ, ਡਾ.ਕੇ.ਸੀ.ਗੁਪਤਾ ਅਤੇ ਡਾ.ਸੁਰੈਣ ਸਿੰਘ ਵਿਲਖੂ ਆਦਿ ਵਿਦਵਾਨ "ਇਸ ਕਾਵਿ ਨੂੰ ਨਿਰਗੁਣ-ਕਾਵਿ ਹੀ ਆਖਦੇ ਹਨ।"[4] ਡਾ.ਪ੍ਰੇਮ ਪ੍ਰਕਾਸ਼ ਸਿੰਘ ਦਾ ਤਰਕ ਹੈ "ਇਸ ਕਾਵਿਧਾਰਾ ਨੂੰ ਨਿਰਗੁਣ ਕਾਵਿ-ਧਾਰਾ ਦਾ ਨਾਂ ਦੇਣਾ ਹਰ ਤਰ੍ਹਾਂ ਜੁਗਤੀ ਜੁਗਤ ਤੇ ਨਿਆਇ ਸੰਗਤ ਹੈ ।"[5]

ਸਰਗੁਣ ਤੇ ਨਿਰਗੁਣ :

ਭਗਤੀ ਕਾਵਿ ਵਿਚ ਈਸ਼ਵਰ ਨੂੰ ਦੋ ਤਰ੍ਹਾਂ ਨਾਲ ਨਿਰੂਪਣ ਕੀਤਾ ਜਾਂਦਾ ਰਿਹਾ ਹੈ : ਇਕ ਉਸਦਾ "ਸਰਗੁਣ ਸਰੂਪ ਅਰਥਾਤ ਦਿਸਦਾ ਸਰੂਪ ਤੇ ਦੂਸਰਾ ਨਿਰਗੁਣ

---

1. "ਹਿੰਦੀ ਸਾਹਿਤਯ ਕੋਸ਼", ਪੰ:416.
2. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ", ਪੰ:18.
3. "ਗੁਰਮੁਖੀ ਲਿਪੀ ਮੇਂ ਹਿੰਦੀ ਕਾਵਯ", ਪੰ:126.
4. "ਪੰਜਾਬੀ ਦੁਨੀਆ" (ਨਿਰਗੁਣ ਕਾਵਿ ਵਿਸ਼ੇਸ਼ ਅੰਕ), ਪੰਨੇ 41,145,158.
5. "ਗੁਰੂ ਨਾਨਕ ਤੇ ਨਿਰਗੁਣ ਕਾਵਿ ਧਾਰਾ", ਪੰ:6.

ਅਰਥਾਤ ਅਣਦਿਸਦੇ ਗੁਣਾਂ ਦਾ ਚਿਤਰਣ।"[1] ਸਰਗੁਣ ਤੇ ਨਿਰਗੁਣ ਦੋਹਾਂ ਸਰੂਪਾਂ ਵਿਚ ਕੋਈ ਰੇਖਾ ਨਹੀਂ ਖਿੱਚੀ ਜਾ ਸਕਦੀ ਕਿਉਂ ਜੋ "ਨਿਰਗੁਣ ਬ੍ਰਹਮ ਨੇ ਹੀ ਬਗ਼ੈਰ ਕਿਸੇ ਸਹਾਰੇ ਦੇ ਆਪਣੇ ਆਪ ਨੂੰ ਸਰਗੁਣ ਰੂਪ ਵਿਚ ਪ੍ਰਗਟ ਕੀਤਾ ਹੈ।"[2] ਏ. ਐਸ. ਲੋਕੇਟ ਅਨੁਸਾਰ "ਨਿਰਗੁਣ ਜਿਸ ਤਰ੍ਹਾਂ ਮੁਖ ਅਧਾਰ-ਭੂਤ ਤਲ ਹੈ ਅਤੇ ਉਸ ਤੇ ਸਰਗੁਣ ਦੀਆਂ ਤਰੰਗਾਂ ਵਿਚ ਵਿਚ ਉਠਦੀਆਂ ਹਨ ਅਤੇ ਫਿਰ ਨਿਰਗੁਣ ਵਿਚ ਹੀ ਸਮਾ ਜਾਂਦੀਆਂ ਹਨ।"[3]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵਿਦਵਾਨਾਂ ਦੀਆਂ ਨਜ਼ਰਾਂ ਵਿਚ ਸਰਗੁਣ ਤੇ ਨਿਰਗੁਣ ਵਿਚ ਮੁੱਢਲਾ ਅੰਤਰ ਕੋਈ ਨਹੀਂ। ਨਿਰਗੁਣ ਬ੍ਰਹਮ ਹੀ ਸਰਗੁਣ ਰੂਪ ਧਾਰ ਕੇ ਇਸ ਜਗਤ ਵਿਚ ਵਰਤੀਂਦਾ ਹੈ। ਅੰਤਰ ਜੇ ਹੈ ਤਾਂ ਮਾਨਤਾ ਜਾਂ ਦ੍ਰਿਸ਼ਟੀਕੋਣ ਦਾ ਹੈ।

ਸਰਗੁਣ ਭਗਤੀ ਮਾਰਗ ਵਿਚ ਪੌਰਾਣਿਕ ਅਵਤਾਰਾਂ ਨੂੰ ਕੇਂਦਰ ਮੰਨਿਆ ਗਿਆ ਅਤੇ ਨਿਰਗੁਣ ਭਗਤੀ ਮਾਰਗ ਵਿਚ ਨਿਰਗੁਣ ਬ੍ਰਹਮ ਨੂੰ। ਪਹਿਲੀ ਸਾਧਨਾ ਨੇ ਹਿੰਦੂ ਜਾਤੀ ਦੀ ਨੀਰਸਤਾ ਨੂੰ ਦੂਰ ਕਰਨ ਦਾ ਪ੍ਰਯਤਨ ਕੀਤਾ। ਇਕ ਨੇ ਸਮਝੌਤੇ ਦਾ ਰਸਤਾ ਅਪਣਾਇਆ, ਦੂਜੀ ਨੇ ਵਿਦਰੋਹ ਦਾ; ਇਕ ਨੇ ਸ਼ਾਸਤਰ ਦਾ ਸਹਾਰਾ ਲਿਆ, ਦੂਜੀ ਨੇ ਅਨੁਭਵ ਦਾ; ਇਕ ਨੇ ਸ਼ਰਧਾ ਨੂੰ ਪਥ-ਪ੍ਰਦਰਸ਼ਕ ਮੰਨਿਆ ਦੂਜੀ ਨੇ ਗਿਆਨ ਨੂੰ; ਇਕ ਨੇ ਸਰਗੁਣ ਭਗਵਾਨ ਨੂੰ ਅਪਣਾਇਆ, ਦੂਜੀ ਨੇ ਨਿਰਗੁਣ ਬ੍ਰਹਮ ਨੂੰ, ਪਰ ਪ੍ਰੇਮ ਦੋਹਾਂ ਦਾ ਹੀ ਮਾਰਗ ਰਿਹਾ; ਖੁਸ਼ਕ ਅਤੇ ਨੀਰਸ ਗਿਆਨ

---

1. "Thus Akal Purakh is both Nirgun and Sagun. Nirgun is unmanifest and Sagun is manifest. The Nirgun is beyond three Gunas and thus, He is unknowable, un-conditional and devoid of all attributes. Niegun becomes Sagun so that man might know Him."

   Dr. Ajit Singh Sikka, "Facets of Guru Nanak's Thought", P.26.

2. ਡਾ. ਕਾਲਾ ਸਿੰਘ ਬੇਦੀ, "ਗੁਰੂ ਨਾਨਕ ਦਰਸ਼ਨ", ਪੰ:26.

3. "Comparative Religions", Page 220.

   ਡਾ. ਪ੍ਰਭਾਕਰ ਮਾਚਵੇ, "ਹਿੰਦੀ ਔਰ ਮਰਾਠੀ ਦਾ ਨਿਰਗੁਣ ਸੰਤ-ਕਾਵਿ", ਪੰਨਾ 32 ਤੋਂ ਉਦ੍ਰਿਤ।

ਦੋਹਾਂ ਨੂੰ ਪਸੰਦ ਨਹੀਂ; ਆਂਤਰਿਕ ਅਤੇ ਪ੍ਰੇਮ-ਨਿਵੇਦਨ ਦੋਹਾਂ ਦਾ ਇਸ਼ਟ ਸੀ ਤੇ ਆਤਮ-ਸਮਰਪਣ ਸਾਧਨ; ਭਗਵਾਨ ਦੀ ਲੀਲਾ ਵਿਚ ਦੋਵੇਂ ਵਿਸ਼ਵਾਸ ਰੱਖਦੇ ਸਨ । ਮੁੱਖ ਭੇਦ ਇਹ ਸੀ ਕਿ ਸਰਗੁਣ ਭਾਵ ਨਾਲ ਭਜਨ ਕਰਨ ਵਾਲੇ ਭਗਤ ਭਗਵਾਨ ਨੂੰ ਅਲੱਗ ਰੱਖ ਕੇ ਵੇਖਣ ਵਿਚ ਰਸ ਪ੍ਰਾਪਤ ਕਰਦੇ ਰਹੇ, ਜਦੋਂ ਕਿ ਨਿਰਗੁਣ ਭਾਵ ਨਾਲ ਭਜਨ ਕਰਨ ਵਾਲੇ ਭਗਤ ਆਪਣੇ ਆਪ ਵਿਚ ਇਕ ਰਸ ਹੋਏ ਭਗਵਾਨ ਨੂੰ ਪਰਮ ਲਕਸ਼ ਮੰਨਦੇ ਸਨ ।[1]

ਇਸ ਤਰ੍ਹਾਂ ਸਰਗੁਣ ਅਤੇ ਨਿਰਗੁਣ ਧਾਰਨਾਵਾਂ ਵਿਚ ਅੰਤਰ ਸਾਧਨਾ ਅਤੇ ਸਿੱਧੀ ਦਾ ਹੈ, ਲਕਸ਼ ਇਕ ਹੀ ਹੈ ।

<u>ਨਿਰਗੁਣ-ਕਾਵਿ ਦੇ ਪ੍ਰੇਰਕ ਤੱਤ</u> :

ਸੰਸਾਰ ਵਿਚ ਪੈਦਾ ਹੋਣ ਵਾਲੀ ਹਰ ਵਿਚਾਰਧਾਰਾ ਦੀ ਇਕ ਵੱਖਰੀ ਪਿੱਠ-ਭੂਮੀ ਹੁੰਦੀ ਹੈ ਅਤੇ ਉਸ ਦੇ ਵਿਕਾਸ ਦੀਆਂ ਵੱਖਰੀਆਂ ਹੀ ਪ੍ਰੇਰਿਕ ਪਰਸਥਿਤੀਆਂ, ਪਰਵਿਰਤੀਆਂ ਅਤੇ ਪਰੰਪਰਾਵਾਂ ਹੁੰਦੀਆਂ ਹਨ । ਪੰਜਾਬੀ ਦੇ ਨਿਰਗੁਣ-ਕਾਵਿ ਦੀ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਇਕ ਪਾਸੇ ਤਾਂ ਰੂੜ੍ਹੀਗਤ ਪਰੰਪਰਾਵਾਂ ਦਾ ਵਿਰੋਧ ਕੀਤਾ ਹੈ ਅਤੇ ਦੂਜੇ ਪਾਸੇ ਨਵੀਆਂ ਤੇ ਨਰੋਈਆਂ ਰੂੜ੍ਹੀਆਂ ਦਾ ਅਨੁਸਰਣ ਕਰਨ ਲੱਗਿਆਂ ਅਨੁਭਵਾਂ ਦੀ ਚਾਸ਼ਨੀ ਨਾਲ ਨਵੀਨਤਾ ਦਾ ਰੰਗ ਚਾੜ੍ਹਿਆ ਹੈ । ਫਲਸਰੂਪ ਨਿਰਗੁਣ ਕਾਵਿ ਦੀ ਜਿਹੜੀ ਪਰੰਪਰਾ ਉਗਮੀ ਉਹ ਪ੍ਰਾਚੀਨਤਾ ਤੇ ਰੂੜ੍ਹੀਵਾਦ ਦੇ ਪ੍ਰਤੀਕਰਮ ਵਜੋਂ ਪੈਦਾ ਹੋਈਆਂ ਵਿਚਾਰਧਾਰਾਵਾਂ ਦਾ ਸੁੰਦਰ ਸੁਮੇਲ ਹੈ ਜੋ 'ਸਤਯਮ, ਸ਼ਿਵਮ, ਸੁੰਦਰਮ' ਦੀ ਧਾਰਨੀ ਹੈ ।

---

1. ਹਜਾਰੀ ਪ੍ਰਸਾਦ ਦਿਵੇਦੀ, "ਮੱਧਕਾਲੀਨ ਧਰਮ ਸਾਧਨਾ", ਪੰਨੇ 99-100.

ਨਿਰਗੁਣ ਕਵੀ, ਕਵੀ ਹੋਣ ਦੇ ਨਾਲ ਨਾਲ ਚਿੰਤਕ ਵੀ ਸਨ । ਇਨ੍ਹਾਂ ਕਵੀਆਂ ਨੇ ਪੂਰਵਜਾਂ ਦੇ ਸਾਹਿੱਤ ਨੂੰ ਘੋਖਿਆ ਅਤੇ ਸਮਕਾਲੀ ਸਮਾਜ ਉਪਰ ਉਸ ਸਾਹਿੱਤ ਦੀ ਸਾਰਥਕਤਾ ਨੂੰ ਵਾਚਿਆ । ਹੁਣ ਤੱਕ ਪ੍ਰਾਚੀਨ ਸਾਹਿੱਤ ਜਨ ਪੱਧਰ ਤੱਕ ਪਹੁੰਚ ਹੀ ਨਹੀਂ ਸੀ ਸਕਿਆ । ਵਿਸ਼ੇਸ਼ ਕਰਕੇ ਕਸ਼ੱਤਰੀ, ਵੈਸ਼ ਤੇ ਸ਼ੂਦਰ ਤਾਂ ਇਸ ਸਾਹਿੱਤ ਤੋਂ ਕੋਰੇ ਸਨ । ਨਿਰਗੁਣ ਕਵੀਆਂ ਦੀ ਵਿਲੱਖਣਤਾ ਇਸ ਗੱਲ ਵਿਚ ਵੀ ਹੈ ਕਿ ਉਹ ਸਾਧਾਰਣ ਲੋਕਾਂ ਨੂੰ ਸਾਹਿੱਤ ਨਾਲ ਜੋੜਨਾ ਚਾਹੁੰਦੇ ਸਨ । ਇਸੇ ਕਰਕੇ ਇਨ੍ਹਾਂ ਕਵੀਆਂ ਨੇ ਪਰੰਪਰਾਵਾਂ ਦੀ ਅਨੁਸਾਰਤਾ ਦੇ ਨਾਲ ਨਾਲ ਤਿਆਗ ਦੇ ਅਸੂਲ ਨੂੰ ਵੀ ਆਪਣੀ ਸਾਹਿੱਤਕ ਕਸਵੱਟੀ ਬਣਾਇਆ । ਡਾ. ਹਰਿਭਜਨ ਸਿੰਘ ਅਨੁਸਾਰ : "ਇਸ ਕਾਵਿ ਦੀਆਂ ਜੜ੍ਹਾਂ ਇਸੇ ਧਰਤੀ ਵਿਚ ਹਨ ਅਤੇ ਗੁਰੂ ਕਾਵਿ-ਬਾਣੀ ਨੇ ਪ੍ਰਾਚੀਨ ਪ੍ਰੰਪਰਾਵਾਂ ਦੀ ਅਨੁਸਾਰਤਾ ਕਰਦਿਆਂ ਤਿਆਗ ਦੇ ਹੱਕ ਨੂੰ ਬੜੇ ਵਿਵੇਕ ਨਾਲ ਵਰਤਿਆ ਹੈ ।"[1] ਡਾ. ਪੀਤੰਬਰ ਦੱਤ ਬੜਥਵਾਲ ਦੇ ਮੱਤ ਤੋਂ ਵੀ "ਪਰੰਪਰਾਵਾਂ ਦੇ ਅਨੁਸਰਣ ਅਤੇ ਮੌਲਿਕਤਾ ਦੇ ਸੁਮੇਲ ਦੀ ਪ੍ਰੇਰਤਾ ਹੁੰਦੀ ਹੈ।"[2]

ਕੁਝ ਲੋਕ ਹਰ ਦਾਰਸ਼ਨਿਕ ਵਿਚਾਰ ਦਾ ਸੋਮਾ ਵੇਦਾਂ ਵਿਚੋਂ ਲੱਭਣਾ ਸ਼ੁਰੂ ਕਰ ਦਿੰਦੇ ਹਨ । ਪ੍ਰਸਿੱਧ ਦਾਰਸ਼ਨਿਕ ਦੀ.ਬੀ.ਪ੍ਰਸਾਦ ਚਟੋਪਾਧਿਆਇ ਨੇ "ਭਾਰਤੀ ਦਰਸ਼ਨ" ਨਾਂ ਦੀ ਪੁਸਤਕ ਵਿਚ ਮੰਨਿਆ ਹੈ: "ਸਾਡੇ ਸਭ ਵਿਦਵਾਨ ਵੇਦਾਂ ਵਿਚੋਂ ਹੀ ਦਾਰਸ਼ਨਿਕ ਵਿਚਾਰ ਦਾ ਸੋਮਾ ਲੱਭਦੇ ਹਨ।"[3] ਅਜਿਹਾ ਕੇਵਲ ਇਸ ਲਈ ਹੈ ਕਿ ਇਨ੍ਹਾਂ ਵਿਦਵਾਨਾਂ ਨੂੰ ਭਾਰਤ ਦੀ ਹਰ ਦਾਰਸ਼ਨਿਕ ਵਿਚਾਰਧਾਰਾ ਵੇਦਾਂ ਵਿਚੋਂ ਹੀ ਉਪਜੀ ਲਗਦੀ ਹੈ । ਉਹ ਵੇਦਾਂ ਨੂੰ ਹੀ ਦਰਸ਼ਨ ਦਾ ਸਿਖ਼ਰ ਮੰਨਣ ਦੀ ਬਿਰਤੀ ਰੱਖਦੇ ਹਨ । ਡਾ. ਰਾਧਾ ਕ੍ਰਿਸ਼ਨਨ ਦਾ ਤਰਕ ਵਿਚਾਰਨ ਯੋਗ ਹੈ, "ਪੁਰਾਣੇ ਵੈਦਿਕ ਮੰਤਰ ਲਿਖਾਰੀ ਰਿਸ਼ੀ ਆਪਣੇ ਸਾਦਾ ਤੇ ਭੋਲੇ

---

1. "ਗੁਰਮੁਖੀ ਲਿਪੀ ਮੇਂ ਹਿੰਦੀ ਕਾਵਯ", ਪੰਨੇ 38-39.
2. "ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ", ਪੰ:8.
3. "ਪੰਜਾਬੀ ਦੁਨੀਆ" (ਨਿਰਗੁਣ ਅੰਕ)
   'ਨਿਰਗੁਣ ਸਿਧਾਂਤ ਦਾ ਵਿਕਾਸ', ਹਰਚਰਨ ਸਿੰਘ ਕੈਮਲਪੁਰੀ, ਪੰਨਾ 1 ਤੋਂ ਉਧ੍ਰਿਤ

ਮਨ ਨਾਲ ਕੁਦਰਤ ਦੇ ਜਲਵੇ ਤੱਕ ਕੇ ਪ੍ਰਸੰਨ ਹੁੰਦੇ ਸਨ ...ਚੰਨ, ਤਾਰੇ, ਸਮੁੰਦਰ, ਅਸਮਾਨ, ਊਸ਼ਾ ਤੇ ਸੰਧਿਆ ਸਾਰੇ ਦੇਵਤਾ ਰੂਪ ਹੋ ਕੇ ਉਨ੍ਹਾਂ ਦੀਆਂ ਅੱਖਾਂ ਅੱਗੇ ਆ ਕੇ ਖੜ੍ਹੇ ਜਾਂਦੇ ਸਨ। ਵੈਦਿਕ ਸਮੇਂ ਦੀ ਸਭ ਤੋਂ ਪਹਿਲੀ ਪੂਜਾ ਪ੍ਰਤਿਸ਼ਠਾ ਇਨ੍ਹਾਂ ਕੁਦਰਤੀ ਦੇਵਤਿਆਂ ਦਾ ਪੂਜਨ ਸੀ।"[1]

ਜਿਥੋਂ ਤਕ ਪੰਜਾਬੀ ਦੇ ਨਿਰਗੁਣ ਕਵੀਆਂ ਦਾ ਸੰਬੰਧ ਹੈ ਉਹ ਵੇਦਾਂ ਦੇ ਗਿਆਨ ਤੋਂ ਤਾਂ ਜਾਣੂ ਸਨ, ਪਰ ਉਹ ਇਸਨੂੰ ਕੋਈ ਮਹੱਤਤਾ ਨਹੀਂ ਦਿੰਦੇ ਸਨ।[2] ਉਪਨਿਸ਼ਦਾਂ ਵਿਚਲੀ ਬ੍ਰਹਮ ਨਿਰੂਪਣ ਸ਼ੈਲੀ ਨੇ ਨਿਰਗੁਣ ਕਵੀਆਂ ਨੂੰ ਜ਼ਰੂਰ ਪ੍ਰਭਾਵਿਤ ਕੀਤਾ। ਉਪਨਿਸ਼ਦਾਂ ਵਿਚ ਬ੍ਰਹਮ ਨੂੰ ਅਗੋਯ, ਅਛੂਹ, ਅਗੋਤਰ (ਅਜਾਤਿ), ਅਰੰਗ, ਅਦ੍ਰਿਸ਼ਟ ਆਦਿ ਕਿਹਾ ਗਿਆ ਹੈ।[3] ਨਿਰਗੁਣ ਕਵੀ ਜਿਵੇਂ ਕਿ ਪ੍ਰਾਰੰਭ ਵਿਚ ਹੀ ਅਸੀਂ ਕਹਿ ਆਏ ਹਾਂ ਪਰਮਾਤਮਾ ਲਈ ਅਜਿਹੇ ਵਿਸ਼ੇਸ਼ਣ ਵੀ ਵਰਤਦੇ ਹਨ।

## ਸ੍ਰੀਮਦ ਭਗਵਤ ਗੀਤਾ :

ਸ੍ਰੀ ਮਦ ਭਗਵਤ ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਉਪਦੇਸ਼ ਕਰਦਿਆਂ ਯੋਗ, ਗਿਆਨ, ਭਗਤੀ-ਮੂਲਕ ਸਾਧਨਾਵਾਂ ਦੀ ਭਰਪੂਰ ਚਰਚਾ ਕੀਤੀ ਹੈ। ਇਸਤੋਂ ਅਤਿਰਿਕਤ ਸ਼ਰਣਾਗਤ, ਨਿਸ਼ਕਾਮ ਕਰਮ-ਯੋਗ, ਸਮਭਾਵਨਾ, ਇੰਦਰੀ-ਦਮਨ ਆਦਿ ਅੰਸ਼ ਜਿਨ੍ਹਾਂ ਦਾ ਗੀਤਾ ਵਿਚ ਵਰਣਨ ਹੈ ਨਿਰਗੁਣ-ਕਵੀਆਂ ਲਈ ਪ੍ਰੇਰਨਾ ਸਰੋਤ ਬਣੀ। "ਨਿਰਗੁਣ ਕਵੀਆਂ ਨੇ ਗਿਆਨ, ਭਗਤੀ ਤੇ ਕਰਮ ਮਾਰਗਾਂ ਦੀ ਸਾਂਝੀ ਨੀਂਹ ਉਤੇ ਇਕ ਨਵਾਂ ਮਾਰਗ ਕਾਇਮ ਕੀਤਾ ਹੈ। ਅਦਵੈਤ ਦਾ ਨਿਸ਼ਾਨਾ ਰੱਖ ਕੇ ਗਿਆਨ ਦੀ ਸਹਾਇਤਾ ਨਾਲ ਵਿਸਮਾਦ ਮਾਰਗ ਉਤੇ ਤੁਰਨਾ ਸਿਖਾਇਆ। 'ਵਾਹੁ ਵਾਹੁ' ਦੀ ਮਾਨਸਿਕ ਰੁਚੀ ਨੂੰ ਵਧਾਉਣ ਉਤੇ ਜ਼ੋਰ ਦਿੱਤਾ।"[4]

---

1. Indian Philosophy, Page 66.
2. "ਬੇਦ ਪੁਰਾਣ ਪੜੇ ਸੁਣਿ ਥਾਟਾ", ਆਦਿ ਗ੍ਰੰਥ, ਮਹਲਾ 1, ਪੰ:226.
3. ਮੁੰਡਕ ਉਪਨਿਸ਼ਦ 1/6
4. ਡਾ. ਸ਼ੇਰ ਸਿੰਘ, "ਗੁਰਮਤਿ ਦਰਸ਼ਨ", ਪੰ: 122.

## ਬੁੱਧ ਧਰਮ :

ਉਪਨਿਸ਼ਦਾ ਵਿਚਲੀ ਕਰਮ-ਕਾਂਡੀ ਧਾਰਾ ਦਾ ਬੁੱਧ ਧਰਮ ਨੇ ਖੰਡਨ ਕੀਤਾ। ਨਿਰਵਾਣ ਬੁੱਧ ਧਰਮ ਦਾ ਪ੍ਰਮੁੱਖ ਲਕਸ਼ ਸੀ ਜਿਸਦੀ ਪ੍ਰਾਪਤੀ ਲਈ ਸਦਾਚਾਰ, ਅਹਿੰਸਾ, ਆਤਮ-ਵਿਸ਼ਵਾਸ ਸਮਾਧੀ ਅਤੇ ਸੀਲ-ਸੰਤੋਖ ਵਰਗੇ ਅਨਮੋਲ ਰਤਨਾਂ ਦੀ ਲੋੜ ਸੀ । ਸਮੇਂ ਦੇ ਅੰਤਰ ਨਾਲ ਬੁੱਧ ਧਰਮ ਵੀ ਦੋ ਵਰਗਾਂ ਵਿਚ ਵੰਡਿਆ ਗਿਆ —ਹੀਨਯਾਨ ਅਤੇ ਮਹਾਂਯਾਨ । ਫਿਰ ਮਹਾਂਯਾਨ ਦੇ ਵੀ ਕਈ ਟੁਕੜੇ ਹੋ ਗਏ । ਉੱਤਰੀ ਭਾਰਤ ਵਿਚ ਹਰਸ਼ਵਰਧਨ ਦੇ ਸਮੇਂ ਤੱਕ ਤਾਂ ਇਨ੍ਹਾਂ ਦੇ ਮਤ-ਅਵਲੰਬੀਆਂ ਦੀ ਆਰਥਿਕ ਸਹਾਇਤਾ ਹੁੰਦੀ ਰਹੀ ਪਰ ਪਿਛੋਂ ਇਹ ਬੋਧੀ ਸੰਨਿਆਸੀ ਸਾਧਾਰਣ ਲੋਕਾਂ ਨੂੰ ਜੰਤਰਾਂ-ਮੰਤਰਾਂ, ਜਾਦੂ-ਟੂਣਿਆਂ ਵਿਚ ਫਸਾ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਨ ਕਰਦੇ ਰਹੇ । ਇਸ ਦੇ ਨਾਲ ਹੀ ਹੱਠ ਯੋਗ ਵਰਗੀਆਂ ਕੱਟੜ ਤੇ ਕਠੋਰ ਵਿਧੀਆਂ ਇਨ੍ਹਾਂ ਦੀਆਂ ਰਹੱਸਮਈ ਸਾਧਨਾਵਾਂ — ਆਪਣੇ ਅੰਦਰੋਂ ਹੀ ਚੱਕਰ, ਨਾੜੀ, ਸੁੰਨ ਦੇਸ਼ ਆਦਿ ਦੀ ਕਲਪਨਾ ਕਰਕੇ ਅਤੇ ਨਾਦ, ਬਿੰਦੂ, ਸੁਰਤਿ, ਨਿਰਤਿ ਆਦਿ ਪ੍ਰਭਾਸ਼ਿਕ ਸ਼ਬਦ ਜਨ-ਸਾਧਾਰਣ ਲਈ ਇਕ ਪਹੇਲੀ ਬਣ ਕੇ ਰਹਿ ਗਏ।"[1]

"ਮੱਧਕਾਲੀਨ ਧਰਮ ਸਾਧਨਾਵਾਂ ਵਿਚੋਂ ਨਾਥ ਪੰਥ ਬਹੁਤ ਮਹੱਤਵਪੂਰਣ ਹੈ । ਇਸ ਪੰਥ ਦੇ ਮੂਲ ਪ੍ਰਵਰਤਕ ਆਦਿ ਨਾਥ ਜਾਂ ਭਗਵਾਨ ਸ਼ਿਵ ਮੰਨੇ ਜਾਂਦੇ ਹਨ ।"[2] ਮੱਧਯੁਗ ਵਿਚ ਇਹ ਮਤ ਅਨੇਕਾਂ ਨਾਵਾਂ ਨਾਲ ਜਾਣਿਆ ਜਾਂਦਾ, ਜਿਵੇਂ ਸਿੱਧ ਮਤ, ਯੋਗ ਮਾਰਗ, ਅਵਧੂਤ ਸੰਪ੍ਰਦਾਇ, ਮਛੰਦਰ ਨਾਥੀ ਸੰਪ੍ਰਦਾਇ ਅਤੇ ਗੋਰਖ ਨਾਥੀ ਸੰਪ੍ਰਦਾਇ। ਪ੍ਰਮੁੱਖ ਕੇਵਲ ਮਛੰਦਰੀ ਨਾਥੀ ਅਤੇ ਗੋਰਖ ਨਾਥੀ ਸੰਪ੍ਰਦਾਇ ਦੋ ਹੀ ਹਨ । ਮਛੰਦਰ ਨਾਥ ਨੇ 'ਕੌਲ ਮਾਰਗ ਦੀ ਨੀਂਹ ਰੱਖੀ ਅਤੇ ਗੋਰਖ ਨਾਥ ਨੇ 'ਹੱਠ ਯੋਗ ਸੰਪ੍ਰਦਾਇ' ਦੀ ।[3] ਇਨ੍ਹਾਂ ਦੋਹਾਂ ਮੱਤਾਂ ਦੀ ਸ਼ਬਦਾਵਲੀ ਦਾ ਵੀ ਨਿਰਗੁਣ-ਕਾਵਿ ਤੇ ਅਸਰ ਪਿਆ । ਅਨੇਕਾਂ ਸ਼ਬਦ ਨਾਥ ਮਤ ਦੀ ਸ਼ਬਦਾਵਲੀ ਦੇ ਅਜਿਹੇ ਹਨ ਜੋ ਨਿਰਗੁਣ-ਕਾਵਿ ਵਿਚ ਇੰਨ-ਬਿੰਨ ਆਏ । ਡਾ. ਹਜ਼ਾਰੀ ਪ੍ਰਸਾਦਿ ਦ੍ਵਿਵੇਦੀ ਉਕਤ ਕਥਨ

---

1. "ਹਿੰਦੀ ਨਿਰਗੁਣ-ਕਾਵਯ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਕਵਿਤਾ", ਡਾ:ਕੇ: ਆਡਕਰ, ਪੰ: 39.
2. ਹਜ਼ਾਰੀ ਪ੍ਰਸਾਦਿ ਦ੍ਵਿਵੇਦੀ, "ਮੱਧਕਾਲੀਨ ਧਰਮ ਸਾਧਨਾ", ਪੰ:95.
3. _____, "ਨਾਥ ਸੰਪ੍ਰਦਾਇ", ਪੰ: 4.

ਦੀ ਪੁਸ਼ਟੀ ਕਰਦੇ ਹਨ : "ਇਨ੍ਹਾਂ ਨੇ ਨਾਥ-ਪੰਥੀਆਂ ਦੇ ਬਹੁਤ ਸਾਰੇ ਸ਼ਬਦ, ਪਦ ਅਤੇ ਦੋਹੇ ਜਿਉਂ ਦੇ ਤਿਉਂ ਸਵੀਕਾਰ ਕੀਤੇ ।"[1]

ਪਰ ਇਸ ਦਾ ਅਰਥ ਇਹ ਵੀ ਕਦਾਚਿਤ ਨਹੀਂ ਲਿਆ ਜਾ ਸਕਦਾ ਕਿ "ਨਿਰਗੁਣ-ਕਵੀਆਂ ਅਤੇ ਨਾਥ-ਪੰਥੀਆਂ ਦੀਆਂ ਸਾਧਨਾਵਾਂ ਜਾਂ ਫਿਰ ਅਭਿਵਿਅਕਤੀ ਦਾ ਆਧਾਰ ਇਕ ਹੀ ਹੈ । ਜੋ ਕੁਝ ਨਾਥ-ਪੰਥੀ ਸਾਧਕਾਂ ਨੇ ਕਿਹਾ ਹੈ, ਕਬੀਰ ਆਦਿ ਨਿਰਗੁਣਵਾਦੀ ਸੰਤਾਂ ਨੇ ਉਹੋ ਕੁਝ ਹੀ ਨਹੀਂ ਕਿਹਾ; ਨਿਰਗੁਣ ਕਾਵਿ ਦੀ ਆਤਮਾ ਆਪਣੀ ਹੈ ।"[2] ਇਸ ਦਾ ਵਿਵਰਣ ਅਸੀਂ ਅਧਿਆਇ ਤੀਸਰਾ ਦੇ ਅੰਤਰਗਤ ਵਿਸਤ੍ਰਿਤ ਰੂਪ ਵਿਚ ਕਰਾਂਗੇ ।

ਇਸਲਾਮ ਅਤੇ ਸੂਫ਼ੀ ਮੱਤ :

ਫ਼ਰਕੂਹਰ ਨੇ 1350ਈ. ਤੋਂ 1800ਈ. ਦੇ ਸਮੇਂ ਨੂੰ 'ਮੁਸਲਿਮ ਪ੍ਰਭਾਵ' ਦਾ ਯੁੱਗ ਕਿਹਾ ਹੈ ।[3] ਭਾਰਤ ਵਿਚ ਇਸ ਸਮੇਂ ਹੀ ਨਿਰਗੁਣ ਵਿਚਾਰਧਾਰਾ ਪ੍ਰਵਾਨ ਚੜ੍ਹੀ । ਇਸਲਾਮ ਧਰਮ ਦੇ ਪੈਰੋਕਾਰਾਂ ਨਾਲ ਨਿਰਗੁਣ ਕਵੀਆਂ ਦੀਆਂ ਵਿਚਾਰ ਗੋਸ਼ਟੀਆਂ ਆਮ ਹੁੰਦੀਆਂ ਰਹਿੰਦੀਆਂ ਸਨ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਕਰਕੇ ਨਿਰਗੁਣ ਵਿਚਾਰਧਾਰਾ ਉੱਪਰ ਇਸਲਾਮ ਤੇ ਸੂਫ਼ੀ ਮੱਤ ਦਾ ਪ੍ਰਭਾਵ ਪੈ ਜਾਣਾ ਕੁਦਰਤੀ ਹੀ ਸੀ ।

ਡਾ. ਸ਼ੇਰ ਸਿੰਘ ਉਕਤ ਧਾਰਨਾ ਦੀ ਰੋਸ਼ਨੀ ਵਿਚ 'ਆਦਿ ਗ੍ਰੰਥ' ਦੇ ਮੂਲ ਮੰਤਰ ਅਤੇ ਕੁਰਾਨ ਦੇ ਕਲਮਾ ਵਿਚਕਾਰ ਸਮਾਨਤਾ ਦਾ ਵਰਣਨ ਕਰਦਿਆਂ ਦੋਹਾ ਵਿਚ "ਸੰਗਤ ਦਾ ਖ਼ਿਆਲ ਤੇ ਹੁਕਮ-ਰਜ਼ਾ ਦੀ ਸਾਂਝ ਆਦਿ ਵਿਚ ਇਸਲਾਮੀ ਛਾਇਆ ਵੱਲ ਇਸ਼ਾਰਾ ਕਰਦੇ ਹਨ।"[4] ਨਾਲ ਹੀ ਡਾ. ਸਾਹਿਬ ਲਿਖਦੇ ਹਨ ਕਿ

---

1. "ਨਾਥ ਸੰਪ੍ਰਦਾਇ", ਪੰ:125.
2. ਡਾ. ਕੋਮਲ ਸਿੰਘ ਸੋਲੰਕੀ, "ਨਾਥ ਪੰਥ ਔਰ ਨਿਰਗੁਣ ਸੰਤ-ਕਾਵਯ", ਪੰ:179.
3. J.N.Farquhar, "An Outline of the Religious Literature in India", Page 284.
4. "ਗੁਰਮਤਿ ਦਰਸ਼ਨ", ਪੰ:141.

ਗੁਰੂ ਨਾਨਕ ਦੋ ਤਰ੍ਹਾਂ ਨਾਲ ਮੁਸਲਮਾਨ ਕੱਟੜ-ਸ਼ਰੱਈਆਂ ਤੇ ਸੂਫ਼ੀ ਭਗਤਾਂ ਨੂੰ ਸੰਬੋਧਨ ਕਰਦੇ ਹਨ । ਸੂਫ਼ੀ ਫ਼ਕੀਰਾਂ ਨਾਲ ਗੁਰੂ ਨਾਨਕ ਦਾ ਬਹੁਤ ਗੂੜ੍ਹਾ ਸੰਬੰਧ ਰਿਹਾ ਹੈ, ਪਰੰਤੂ ਸ਼ਰੱਈ ਮੁੱਲਾਂ-ਮੁਲਾਣਿਆਂ ਦੇ ਬਾਹਰਲੇ ਭੇਖ, ਪਾਖੰਡ, ਬੇਅਰਥ ਰਸਮਾਂ-ਰੀਤਾਂ ਨੂੰ ਅਸਵੀਕਾਰ ਕਰਕੇ ਗੁਰੂ ਜੀ ਨੇ ਇਸਲਾਮੀ ਚਿੰਨ੍ਹਾਂ ਦੇ ਅਧਿਆਤਮਕ ਅਰਥ ਖੋਜ ਕੱਢੇ ਹਨ ਜਿਸ ਦਾ ਆਸ਼ਾ ਇਹ ਹੈ ਕਿ ਗੁਰੂ ਨਾਨਕ ਇਸਲਾਮ ਨੂੰ ਉਸ ਦੇ ਕਰਮਕਾਂਡੀ ਸਰੂਪ ਵਿਚ ਪ੍ਰਵਾਨ ਨਹੀਂ ਕਰਦੇ ।"[1]

ਸਮੁੱਚੇ ਤੌਰ ਤੇ ਵੇਖਿਆਂ ਪਤਾ ਚਲਦਾ ਹੈ ਕਿ ਨਿਰਗੁਣ ਕਵੀ ਇਸਲਾਮ ਦੇ ਪੈਗੰਬਰਵਾਦ, ਰੋਜ਼ੇ-ਨਮਾਜ਼ਾਂ, ਹੱਜ, ਜ਼ਕਾਤ, ਰੋਜ਼ੇ-ਕਿਆਮਤ ਅਤੇ ਖੁਦਾ ਦੀ ਸਸੀਮਤਾ( limitness ) ਨੂੰ ਤਾਂ ਪ੍ਰਵਾਨ ਨਹੀਂ ਕਰਦੇ, ਸਗੋਂ ਨਿਰਗੁਣ ਕਵੀਆਂ ਦੀਆਂ ਜਾਤ-ਪਾਤ ਦੇ ਵਿਤਕਰੇ ਨੂੰ ਮਿਟਾ ਕੇ ਸਮ-ਭਾਵ ਦੇ ਪ੍ਰਚਾਰ (ਸਾਂਝੀਵਾਲਤਾ) ਆਦਿ ਦੀਆਂ ਧਾਰਨਾਵਾਂ ਦੇ ਵਿਕਾਸ ਵਿਚ ਜ਼ਰੂਰ ਇਸਲਾਮ ਨੇ ਯੋਗਦਾਨ ਪਾਇਆ ਹੈ ।

ਇਹ ਚਰਚਾ ਓਨਾ ਚਿਰ ਅਧੂਰੀ ਰਹਿ ਜਾਂਦੀ ਹੈ ਜਿੰਨੀ ਦੇਰ ਸੂਫ਼ੀ ਪ੍ਰੇਰਨਾ ਦੀ ਗੱਲ ਨਾ ਕੀਤੀ ਜਾਵੇ ਕਿਉਂ ਜੋ ਸੂਫ਼ੀ ਫ਼ਕੀਰਾਂ ਦੀ ਵਿਚਾਰਧਾਰਾ ਨਿਰਗੁਣ ਕਵੀਆਂ ਦੀ ਵਿਚਾਰਧਾਰਾ ਨੂੰ ਤੀਖਣਤਾ ਹੀ ਪ੍ਰਦਾਨ ਨਹੀਂ ਕਰਦੀ, ਸਗੋਂ ਇਸ ਵਿਚ ਅਨੇਕਾਂ ਨਵੇਂ ਪਾਸਾਰ ਲਿਆ ਜੋੜਦੀ ਹੈ । "ਸੂਫ਼ੀਆਂ ਦੇ ਆਚਾਰ ਵਿਧਾਨ ਨੂੰ "ਜ਼ਾਬਤਾ-ਏ-ਅਖ਼ਲਾਕ" ਦਾ ਨਾਮ ਭੀ ਦਿੱਤਾ ਜਾਂਦਾ ਹੈ ਜਿਸ ਅਨੁਸਾਰ ਆਂਤਰਿਕ ਮਨੋਬ੍ਰਿਤੀਆਂ ਦੇ ਨਤੀਜੇ ਵਜੋਂ ਸਾਧਕ ਆਪਣੀ ਤੁੱਛ ਨਿੱਜਤਾ ਤੋਂ ਬੁਲੰਦ ਹੋ ਕੇ "ਹੱਕੋ-ਤਾਅਲਾ" ਜਾਂ ਪਰਮੇਸ਼ਵਰ ਦੀ ਪਰਮਤਾ ਵਿਚ ਅਤੇ ਉਸ ਦੇ ਆਧਾਰ ਤੇ ਕਾਇਮ ਰਹਿੰਦਾ ਹੈ । ਸੂਫ਼ੀ ਦੇ ਅੰਤਰ ਮਨ ਵਿਚ ਪਰਮ-ਤੱਤਵ ਦਿਬ ਪ੍ਰਕਾਸ਼ ਵਜੋਂ ਅਤੇ ਨਜ਼ਰ ਵਿਚ ਉਸ ਦਾ ਜਲਵਾ ਵੱਸਦਾ ਹੈ । ਉਸ ਦਾ ਇਲਮ, ਗਿਆਨ, ਅਹਿਸਾਸ ਅਤੇ ਅਨੁਭਵ "ਮਿਨ ਅੱਲਾਹ" ਪਰਮੇਸ਼ਵਰ ਆਸ਼੍ਰਿਤ ਹੁੰਦਾ ਹੈ । ਉਸਦਾ

---

1. "ਗੁਰਮਤਿ ਦਰਸ਼ਨ", ਪੰ:146.

ਅਮਲ, ਕਰਮ ਅਤੇ ਕਾਰ ਵਿਵਹਾਰ "ਅੱਲਾਹ ਲਈ" ਪਰਮੇਸ਼ਵਰ ਨਿਮਿਤ ਹੁੰਦਾ ਹੈ। ਸੂਫ਼ੀ ਸਾਧਨਾ ਇਕ ਪ੍ਰਕਾਰ ਦੀ ਬ੍ਰਹਮ ਸਾਧਨਾ ਹੈ ਜਿਸ ਵਿਚ ਬ੍ਰਹਮਯੋਗ ਦੁਆਰਾ ਸਾਰਾ ਜੀਵਨ ਬ੍ਰਹਮਮਈ ਹੋ ਜਾਂਦਾ ਹੈ। ਮਾਨਵ ਵਿਅਕਤਿਤਵ ਵਿਚ ਅਲੌਕਿਕ ਦਿਵਿਅਤਾ ਦੀ ਜੋਤ ਜਾਗ ਪੈਂਦੀ ਹੈ।"[1]

ਉਕਤ ਆਚਾਰ ਵਿਧਾਨ ਤੋਂ ਅਤਿਰਿਕਤ ਸੂਫ਼ੀਆਂ ਦੀ ਸ਼ਬਦਾਵਲੀ ਨੇ ਵੀ ਨਿਰਗੁਣ-ਕਾਵਿ ਨੂੰ ਪ੍ਰਭਾਵਿਤ ਕੀਤਾ। ਇਥੇ ਇਹ ਸਪਸ਼ਟ ਕਰ ਦੇਣਾ ਅਨਉਚਿਤ ਨਹੀਂ ਹੋਵੇਗਾ ਕਿ ਇਹ ਸਭ ਤੱਥ ਇੰਨ ਬਿੰਨ ਨਿਰਗੁਣ-ਕਾਵਿ ਵਿਚ ਨਹੀਂ ਆਏ, ਸਗੋਂ ਨਿਰਗੁਣਵਾਦ ਦੀ ਚਾਸ਼ਨੀ ਵਿਚ ਇਨ੍ਹਾਂ ਦਾ ਨਿਰਗੁਣੀਕਰਣ ਹੋਇਆ; ਮੁੱਢਲੇ ਸੂਫ਼ੀਵਾਦ ਦੇ ਅੱਤਵਾਦ ਦਾ ਨਿਰਗੁਣ-ਕਾਵਿ ਵਿਚ ਕਿਧਰੇ ਵੀ ਝਲਕ ਮਾਤਰ ਸਮਾਵੇਸ਼ ਨਹੀਂ ਹੋਇਆ।

ਇਸ ਤਰ੍ਹਾਂ ਇਨ੍ਹਾਂ ਪ੍ਰੇਰਨਾ-ਤੱਤਾਂ ਦਾ ਅਧਿਐਨ ਕਰਨ ਤੋਂ ਪਿੱਛੋਂ ਅਸੀਂ ਇਸ ਨਿਸ਼ਕਰਸ਼ ਤੇ ਅੱਪੜਦੇ ਹਾਂ ਕਿ ਨਿਰਗੁਣ-ਕਾਵਿ ਵੈਦਿਕ ਧਰਮ ਦੇ ਸਾਧਨਾ ਵਿਧਾਨ, ਅਵਤਾਰਵਾਦ, ਨਾਥਾਂ ਦੇ ਹੱਠ-ਕਰਮਾਂ, ਇਸਲਾਮ ਦੇ ਪੈਗ਼ੰਬਰਵਾਦ, ਰੋਜ਼ੇ-ਕਿਆਮਤ ਅਤੇ ਸੂਫ਼ੀਆਂ ਦੀ ਕੱਟੜ ਸਾਧਨਾ ਦੇ ਵਿਰੋਧ ਵਿਚ, ਨਾਥਾਂ ਤੇ ਸੂਫ਼ੀਆਂ ਦੇ ਇਕ-ਈਸ਼ਵਰਵਾਦ, ਸਹਿਜ-ਸਾਧਨਾ ਤੇ ਪ੍ਰੇਮਾ-ਭਗਤੀ ਦੇ ਮਾਰਗ ਤੋਂ ਵਿਸ਼ੇਸ਼ ਪ੍ਰੇਰਨਾ ਲੈ ਕੇ ਆਪਣੇ ਹੀ ਕਈ ਨਵੇਂ-ਨਵੇਕਲੇ ਤੇ ਵਿਲੱਖਣਤਾ ਭਰਪੂਰ ਅੰਸ਼ਾਂ ਦਾ ਸੁਮੇਲ ਕਰ ਕੇ ਯੁਗਾਨੁਕੂਲ ਸਥਿਤੀਆਂ ਲਈ ਇਕ ਵਿਚਾਰਧਾਰਾ ਨੂੰ ਜਨਮ ਦਿੰਦਾ ਹੈ। ਇਸ ਸਭ ਕੁਝ ਦਾ ਸਿੱਟਾ ਇਹ ਨਿਕਲਿਆ ਕਿ "ਨਿਰਗੁਣਵਾਦੀ ਕਾਵਿ-ਧਾਰਾ, ਪਰੰਪਰਾ ਤੇ ਪ੍ਰਕ੍ਰਿਆ ਵਿਕਾਸ ਕਰਦੀ ਨਵੀਨ ਸੰਕਲਪਾਂ, ਨਵੀਨ ਦ੍ਰਿਸ਼ਟੀਆਂ, ਨਵੀਨ ਕਾਵਿ-ਵਿਧਾਨਾਂ ਅਤੇ ਨਵੀਨ ਗਤੀਸ਼ੀਲ ਤੱਤਾਂ ਨੂੰ ਪ੍ਰਕਾਸ਼ਮਾਨ ਕਰ ਸਕੀ ਹੈ।[2]

---

1. ਪ੍ਰੋ. ਗੁਲਵੰਤ ਸਿੰਘ, 'ਫ਼ਾਰਸੀ ਸੂਫ਼ੀ ਕਾਵਿ ਅਤੇ ਨਿਰਗੁਣ ਧਾਰਾ', "ਪੰਜਾਬੀ ਦੁਨੀਆ", ਪੰ:195.

2. ਡਾ. ਪ੍ਰੇਮ ਪ੍ਰਕਾਸ਼ ਸਿੰਘ, "ਗੁਰੂ ਨਾਨਕ ਤੇ ਨਿਰਗੁਣ ਧਾਰਾ", ਪੰ:22.

ਇਨ੍ਹਾਂ ਮਤਾਂ-ਮਤਾਂਤਰਾਂ ਤੋਂ ਛੁੱਟ ਕੁਝ ਅਜਿਹੀਆਂ ਵੀ ਤਤਕਾਲੀਨ ਪ੍ਰਸਥਿਤੀਆਂ ਸਨ, ਜਿਨ੍ਹਾਂ ਨੇ ਨਿਰਗੁਣ-ਕਾਵਿ ਨੂੰ ਉਦੀਪਤ ਕੀਤਾ। ਸੁਵਿਧਾ ਹਿਤ ਅਸੀਂ ਇਨ੍ਹਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡ ਸਕਦੇ ਹਾਂ :

(ੳ) ਰਾਜਨੀਤਕ ਪ੍ਰਸਥਿਤੀਆਂ

(ਅ) ਧਾਰਮਿਕ ਪ੍ਰਸਥਿਤੀਆਂ

(ੲ) ਸਮਾਜਕ ਪ੍ਰਸਥਿਤੀਆਂ

(ੳ) <u>ਰਾਜਨੀਤਕ ਪ੍ਰਸਥਿਤੀਆਂ</u> :

ਮੱਧਯੁਗ ਵਿਚ ਨਿਰਗੁਣ ਵਿਚਾਰਧਾਰਾ ਦੇ ਪ੍ਰਸਫੁੱਟਿਤ ਹੋਣ ਵਿਚ ਅਤੇ ਇਸ ਦੇ ਵਿਕਸਿਤ ਹੋਣ ਵਿਚ ਰਾਜਨੀਤਕ ਪ੍ਰਸਥਿਤੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਜਿਸ ਸਮੇਂ ਭਗਤੀ ਲਹਿਰ ਦਾ ਜਨਮ ਹੋ ਰਿਹਾ ਸੀ ਉਸ ਸਮੇਂ ਹਿੰਦੁਸਤਾਨ ਸੰਘਰਸ਼-ਪੂਰਨ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਬਣਿਆ ਹੋਇਆ ਸੀ। ਤੁਰਕਾਂ, ਅਫ਼ਗਾਨਾਂ ਅਤੇ ਮੁਗ਼ਲਾਂ ਦੇ ਹਮਲਿਆਂ ਨੇ ਦੇਸ਼ ਅੰਦਰ ਇਕ ਹਲਚਲ ਜਿਹੀ ਮਚਾ ਰੱਖੀ ਸੀ। ਨੇਤਾ-ਜਨ ਵੱਖੋ ਵੱਖ ਵਿਚਾਰਧਾਰਾਵਾਂ ਅਤੇ ਧਾਰਮਿਕ ਸਾਧਨਾ-ਪੱਧਤੀਆਂ ਨਾਲ ਜੁੜੇ ਹੋਣ ਕਰਕੇ ਭਾਰਤ ਦੀ ਅਖੰਡ ਏਕਤਾ ਦੀ ਗੱਲ ਸੋਚ ਵੀ ਨਹੀਂ ਸੀ ਸਕਦੇ। ਦੂਸਰੇ ਪਾਸੇ ਤੁਰਕ, ਅਫ਼ਗਾਨ ਅਤੇ ਮੁਗ਼ਲ ਆਪਣੇ ਧਰਮ ਵਿਚ ਪੂਰੀ ਤਰ੍ਹਾਂ ਦ੍ਰਿੜ੍ਹ ਸਨ ਅਤੇ ਧਰਮ ਦੇ ਨਾਂ ਉੱਤੇ ਉਹ ਜ਼ੁਲਮ ਕਰਨ ਤੋਂ ਵੀ ਨਹੀਂ ਸਨ ਰੁਕਦੇ। ਇਸੇ ਧਾਰਮਿਕ ਸੰਕੀਰਨਤਾ ਵੱਸ ਉਨ੍ਹਾਂ ਸ਼ਾਸ਼ਕਾਂ ਨੇ ਹਿੰਦੂਆਂ ਦੀਆਂ ਮੂਰਤੀਆਂ ਨੂੰ ਤੋੜਿਆ ਫੋੜਿਆ ਅਤੇ ਹਿੰਦੂ ਧਰਮ ਦਾ ਨਾਸ ਕਰ ਦੇਣ ਲਈ ਬੀੜਾ ਚੁੱਕਿਆ। ਮੁਗ਼ਲ ਸ਼ਾਸ਼ਕਾਂ ਦੇ ਜ਼ੁਲਮ ਅੱਗੇ ਹਿੰਦੂ-ਨਰੇਸ਼ਾਂ ਦੀ ਬੇਵਸੀ ਨੇ ਜਨਤਾ ਦੇ ਉਤਸ਼ਾਹ ਤੇ ਉਮਾਹ ਨੂੰ ਢਾਹ ਮਾਰੀ। ਅਸਲ ਵਿਚ ਉਸ ਸਮੇਂ ਹਿੰਦੂਵਾਦ ਦਾ ਅਸਤਿਤਵ ਪੂਰੀ ਤਰ੍ਹਾਂ ਖ਼ਤਰੇ ਵਿਚ ਪੈ ਗਿਆ ਸੀ। ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਖੰਡਿਤ ਕੀਤਾ ਗਿਆ, ਪਰ ਮੂਰਤੀਆਂ ਵਿਚਲੇ ਭਗਵਾਨ ਦੀ ਚੁੱਪ ਨੇ ਜਨ-ਸਾਧਾਰਣ ਦੇ ਮੂਰਤੀਆਂ ਵਿਚਲੇ ਉਤਸ਼ਾਹ ਤੇ ਉਮਾਹ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ। ਜਨਤਾ ਨੂੰ ਇਕ ਨਵੇਂ ਦਰਸ਼ਨ ਅਤੇ ਸੁਨੇਹ ਦੀ ਡਾਢੀ ਲੋੜ ਸੀ ਜੋ ਨਿਰਗੁਣਵਾਦੀ ਕਵੀਆਂ ਨੇ ਦਿੱਤਾ।

(ਅ) ਸਮਾਜਕ ਪ੍ਰਸਥਿਤੀਆਂ :

ਨਿਰਗੁਣ-ਕਾਵਿ ਦੇ ਵਿਕਾਸ ਦੀ ਪਿੱਠ-ਭੂਮੀ ਵਿਚ ਦੇਸ਼ ਦੀ ਤਤਕਾਲੀਨ ਸਮਾਜਕ ਸਥਿਤੀ ਅਤੇ ਜੀਵਨ-ਅਵਸਥਾ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ। ਨਿਰਸੰਦੇਹ, ਹਿੰਦੂ ਸਮਾਜ ਜ਼ੁਲਮ ਦਾ ਸ਼ਿਕਾਰ ਹੋ ਰਿਹਾ ਸੀ ਅਤੇ ਉਸ ਦਾ ਹਿੰਦੂ-ਸ਼ਾਸਕਾਂ ਤੋਂ ਭਰੋਸਾ ਪੂਰੀ ਤਰ੍ਹਾਂ ਉੱਠ ਗਿਆ ਸੀ। ਹਿੰਦੂ-ਸ਼ਾਸਕਾਂ ਨੂੰ ਆਪਣੀ ਐਸ਼ੋ-ਇਸ਼ਰਤ ਤੋਂ ਵਿਹਲ ਨਹੀਂ ਸੀ ਮਿਲਦੀ। ਪਰਜਾ ਦੇ ਪਾਲਕ ਰਾਜੇ ਜਦੋਂ ਆਪਣਾ ਮਾਰਗ ਖੋਹ ਬੈਠਣ ਤਾਂ ਸਾਧਾਰਣ ਜਨਤਾ ਦੀ ਅਗਵਾਈ ਕੌਣ ਕਰੇ ?

ਛੋਟੀਆਂ ਜਾਤੀਆਂ ਵਾਲਿਆਂ ਨੂੰ ਪੰਡਤ ਤੇ ਪ੍ਰੋਹਿਤ ਤ੍ਰਿਸਕਾਰਦੇ ਸਨ। ਇਨ੍ਹਾਂ ਜਾਤੀਆਂ ਦੀ ਕੀ ਦਸ਼ਾ ਸੀ ਨਿਰਗੁਣ ਕਵੀ ਆਪਣੇ ਕਾਵਿ ਵਿਚ ਇਸ ਦੀ ਵਿਸਤ੍ਰਿਤ ਚਰਚਾ ਕਰਦੇ ਸਨ। ਨਾਮਦੇਵ ਨੂੰ ਮੰਦਰ ਵਿਚੋਂ ਧੱਕੇ ਪੈਣੇ[1]; ਕਬੀਰ ਦਾ ਜ਼ੰਜੀਰਾਂ ਨਾਲ ਜਕੜਿਆ ਜਾਣਾ[2] ਕਥਿਤ ਉੱਚ ਵਰਗ ਦੇ ਲੋਕਾਂ ਵਲੋਂ ਨੀਵੀਆਂ ਜਾਤੀਆਂ ਦੇ ਲੋਕਾਂ ਉਤੇ ਕੀਤੇ ਅਤਿਆਚਾਰ ਦਾ ਪ੍ਰਮਾਣ ਹਨ।

---

1. "ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤਿ ਕਰਤ ਨਾਮਾ ਪਕਰਿ ਉਠਾਇਆ ॥
ਹੀਨੜੀ ਜਾਤ ਮੇਰੀ ਜਾਦਿਮ ਰਾਇਆ ॥
ਛੀਪੇ ਕੇ ਜਨਮਿ ਕਹੇ ਕਉ ਆਇਆ ॥ ਰਹਾਉ ॥
ਲੈ ਕਮਲੀ ਚਲਿਓ ਪਲਟਾਇ ॥
ਦੇਹੁਰੈ ਪਾਛੈ ਬੈਠਾ ਜਾਇ ॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥
ਭਗਤ ਜਨਾ ਕਉ ਦੇਹੁਰਾ ਫਿਰੈ॥"

'ਆਦਿ ਗ੍ਰੰਥ', ਰਾਗ ਭੈਰਉ, ਨਾਮਦੇਵ, ਪੰ:1164.

2. "ਅਤਿ ਅਥਾਹ ਜਲ ਗਹਿਰ ਗੰਭੀਰ॥ ਬਾਂਧ ਜ਼ੰਜੀਰ ਠਾਡੇ ਹੈ ਕਬੀਰ॥
ਜਲਿ ਕੀ ਤਰੰਗ ਉਠਿ ਕਰਿ ਹੈ ਕਬੀਰ॥ ਹਰਿ ਸਿਮਰਨ ਤਟ ਬੈਠੇ ਹੈ ਕਬੀਰ॥

"ਕਬੀਰ ਗ੍ਰੰਥਾਵਲੀ", ਪੰ:203
ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ, ਪੰ:24 ਤੋਂ ਉਧ੍ਰਿਤ

ਆਮ ਲੋਕਾਂ ਨੂੰ ਇਕ ਪਾਸੇ ਪੰਡਤ ਤੇ ਪ੍ਰੋਹਿਤ ਠੱਗ ਰਹੇ ਸਨ ਅਤੇ ਦੂਸਰੇ ਪਾਸੇ ਕਾਜ਼ੀ ਤੇ ਮੁੱਲਾਂ-ਮੁਲਾਣੇ । ਕਰਮ-ਕਾਂਡ ਪੂਰੇ ਸਿਖ਼ਰ ਉੱਤੇ ਸੀ । ਭਗਤ ਤੇ ਗੁਰੂ-ਕਵੀਆਂ ਦੀ ਸੁਧਾਰਵਾਦੀ ਬ੍ਰਿਤੀ ਇਨ੍ਹਾਂ ਸਮਾਜਕ ਵਿਕਾਰਾਂ ਨੂੰ ਸਹਿਣ ਨਾ ਕਰ ਸਕੀ । ਵਿਸ਼ੇਸ਼ ਕਰਕੇ ਭਗਤਾਂ ਤੇ ਗੁਰੂ-ਕਵੀਆਂ ਵਿਚ ਵਿਦਰੋਹ ਦੀ ਭਾਵਨਾ ਪ੍ਰਬਲ ਹੋਈ; ਇਕ ਅਜਿਹਾ ਵਿਦਰੋਹ ਜੋ ਰਾਜਨੀਤਕ ਸਤਾ, ਧਰਮਾਂ ਦੀ ਦਲਦਲ ਅਤੇ ਸਮਾਜਕ ਅਨਿਆ ਵਿਰੁੱਧ ਪੈਦਾ ਹੋਇਆ । ਡਾ. ਵੈਂਕਟ ਸ਼ਰਮਾ ਦਾ ਇਹ ਕਥਨ ਤਰਕ-ਸੰਗਤ ਹੈ ਕਿ ਮੱਧਕਾਲੀਨ ਭਗਤੀ-ਕਾਵਿ ਦੀ ਸਿਰਜਨਾ ਦਾ ਸਮਾਂ ਸਮਾਜਕ ਜੀਵਨ ਦੀਆਂ ਕੁਰੀਤੀਆਂ ਅਤੇ ਨੈਤਿਕ ਆਦਰਸ਼ਾਂ ਦੇ ਪਤਨ ਨਾਲ ਭਰਪੂਰ ਸੀ, ਜਿਸ ਨੂੰ ਕਿ ਨਵੀਂ ਸਿੱਖਿਆ ਵੱਲ ਮੋੜ ਕੇ ਅਤੇ ਨਿਰਾਸ਼ਾਜਨਕ ਹਨੇਰਿਆਂ ਵਿਚੋਂ ਬਾਹਰ ਕੱਢ ਕੇ ਪੁਨਰ ਜਾਗ੍ਰਣ ਪ੍ਰਦਾਨ ਕਰਨ ਵਿਚ ਭਗਤ ਕਵੀਆਂ ਦੀ ਬਾਣੀ ਸੰਜੀਵਨੀ ਬੂਟੀ ਦੀ ਤਰ੍ਹਾਂ ਸਾਬਤ ਹੋਈ ।[1]

(ੲ) ਧਾਰਮਿਕ ਪ੍ਰਸਥਿਤੀਆਂ :

ਵੈਦਿਕ ਰਹੁ-ਰੀਤੀਆਂ, ਕਰਮ-ਕਾਂਡਾਂ, ਤਾਂਤ੍ਰਿਕਾਂ ਅਤੇ ਸਿੱਧਾਂ ਤੇ ਨਾਥਾਂ ਦੀ ਵਿਲਾਸਤਾ ਨੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਸਿਖਰਾਂ ਪ੍ਰਦਾਨ ਤਾਂ ਕੀਤੀਆਂ, ਪਰ ਭੋਲੀ-ਭਾਲੀ ਜਨਤਾ ਲਈ ਮੁਕਤੀ ਦਾ ਦਰ ਕੇਵਲ ਕਰਮ ਕਾਂਡ ਜਾਂ ਜਾਦੂ-ਟੂਣੇ ਹੀ ਰਹਿ ਗਏ ਸਨ । 'ਸੱਚ ਦਾ ਮਾਰਗ' ਵਿਖਾਉਣ ਲਈ ਅਤੇ ਲੋਕਾਂ ਨੂੰ ਵਿਭਿੰਨ ਧਰਮਾਂ ਦੀ ਡੂੰਘੀ ਦਲਦਲ ਵਿਚੋਂ ਕੱਢਣ ਲਈ ਇਕ-ਈਸ਼ਵਰਵਾਦ ਦਾ ਪ੍ਰਚਾਰ ਕੇਵਲ ਨਿਰਗੁਣ ਕਵੀਆਂ ਨੇ ਹੀ ਕੀਤਾ ।

ਇਸ ਤਰ੍ਹਾਂ ਉਪਰੋਕਤ ਵਿਵਰਣ ਤੋਂ ਅਸੀਂ ਇਸ ਨਿਸ਼ਕਰਸ਼ ਤੇ ਪਹੁੰਚਦੇ ਹਾਂ ਕਿ ਤਤਕਾਲੀਨ ਰਾਜਨੀਤਕ, ਸਮਾਜਕ ਤੇ ਧਾਰਮਿਕ ਪ੍ਰਸਥਿਤੀਆਂ ਨੇ ਨਿਰਗੁਣ-ਕਾਵਿ ਦੇ ਉਦੀਪਤ ਹੋਣ ਵਿਚ ਇਕ ਅਹਿਮ ਭੂਮਿਕਾ ਨਿਭਾਈ । ਨਿਰਗੁਣ-ਕਵੀ ਮਧਯੁਗੀ ਸਮਾਜ ਦਾ ਇਕ ਅੰਗ ਹੋਣ ਕਾਰਨ ਇਨ੍ਹਾਂ ਪ੍ਰਸਥਿਤੀਆਂ ਤੋਂ ਉਨ੍ਹਾਂ ਦਾ ਅਭਿੱਜ ਰਹਿਣਾ ਸੰਭਵ ਨਹੀਂ ਸੀ ।

---

1. "ਭਕਤੀ ਕਾਵਯ ਕਾ ਅੰਤਰ ਦਰਸ਼ਨ", ਪੰ: 91.

## ਨਿਰਗੁਣ-ਕਾਵਿ ਦਾ ਸਰਵੇਖਣ :

ਨਿਰਗੁਣ-ਕਾਵਿ ਜਿਹੜਾ ਮੱਧਯੁਗ ਵਿਚ ਭਗਤ ਨਾਮਦੇਵ ਨਾਲ ਪ੍ਰਵਾਹਿਤ ਹੋਇਆ, 12ਵੀਂ ਸ਼ਤਾਬਦੀ ਤੋਂ ਨਿਰੰਤਰ ਚਲਦਾ ਆ ਰਿਹਾ ਹੈ। ਆਪਣੀ ਮਹਾਨ ਪ੍ਰਤਿਭਾ, ਸੂਹਜ ਦ੍ਰਿਸ਼ਟੀ ਤੇ ਵਿਲੱਖਣਤਾ ਭਰਪੂਰ ਚਿੰਤਨ ਦੇ ਕਾਰਨ ਬੀਜ ਰੂਪ ਵਿਚ ਜਿਨ੍ਹਾਂ ਸਿੱਧਾਂਤਾਂ ਤੇ ਪ੍ਰਵਿਰਤੀਆਂ ਨੂੰ ਭਗਤ ਨਾਮਦੇਵ ਨੇ ਪ੍ਰਸਫੁਟਿਤ ਕੀਤਾ ਉਨ੍ਹਾਂ ਸਭ ਦਾ ਵਿਵੇਚਨ ਕਰੀਏ ਤਾਂ ਆਪ ਇਸ ਕਾਵਿ ਦੇ ਪ੍ਰਵਰਤਕ ਸਥਾਪਿਤ ਹੁੰਦੇ ਹਨ। ਆਪ ਨੇ ਕ੍ਰਿਆਤਮਕ ਰੂਪ ਜਾਂ ਫਿਰ ਪ੍ਰਤੀ-ਕ੍ਰਿਆਤਮਕ ਰੂਪ ਵਿਚ ਨਾਥਾਂ ਦੇ ਪ੍ਰਭਾਵ ਨੂੰ ਕਬੂਲਿਆ ਤੇ ਤਤਕਾਲੀਨ ਸਥਿਤੀਆਂ ਨੂੰ ਵੇਖਦਿਆਂ ਅਜਿਹੇ ਲੋਕ ਪ੍ਰਿਯ ਕਾਵਿ ਦੀ ਨੀਂਹ ਰੱਖੀ ਜਿਸ ਨੂੰ ਬਿਨਾਂ ਕਿਸੇ ਹੀਲ-ਹੁੱਜਤ ਦੇ ਹਰ ਧਾਰਮਿਕ ਬਿਰਤੀ ਵਾਲਾ ਮਨੁੱਖ ਅਪਣਾ ਕੇ ਜੀਵਨਸ਼ ਰੋਸ਼ਨ ਕਰ ਸਕਦਾ ਹੈ।

ਆਪ ਤੋਂ ਪਿਛੋਂ ਯੁਗਾਨੁਕੂਲ ਪ੍ਰਸਥਿਤੀਆਂ ਅਨੁਸਾਰ ਅਨੇਕਾਂ ਚਿੰਤਨ-ਤੱਤਾਂ ਦਾ ਸਮਾਵੇਸ਼ ਇਸ ਕਾਵਿਧਾਰਾ ਵਿਚ ਹੁੰਦਾ ਰਿਹਾ ਜਿਹੜਾ ਕਿ ਕੇਵਲ ਅਭਿਵਿਅਕਤੀ ਦੇ ਭੇਦ ਕਾਰਨ ਹੀ ਜਾਣਿਆਂ ਜਾ ਸਕਦਾ ਹੈ। ਨਿਰਗੁਣ-ਕਾਵਿ ਦੇ ਇਤਿਹਾਸ, ਕਾਵਿ-ਸ਼ਾਸਤਰੀ ਜੁਗਤਾਂ ਅਤੇ ਇਸ ਦੀ ਵਿਆਪਕਤਾ ਨੂੰ ਧਿਆਨ ਵਿਚ ਰੱਖਦਿਆਂ ਇਸ ਕਾਵਿ ਦੇ ਦੋ ਪੜਾਅ ਨਿਰਧਾਰਿਤ ਕੀਤੇ ਗਏ ਹਨ :

(ੳ) ਭਗਤ-ਕਾਵਿ

(ਅ) ਗੁਰੂ-ਕਾਵਿ

ਭਾਵੇਂ ਕਿ ਕਿਸੇ ਨਾ ਕਿਸੇ ਰੂਪ ਵਿਚ ਗੁਰੂਆਂ ਤੋਂ ਪਿਛੋਂ ਵੀ ਇਹ ਕਾਵਿ ਪ੍ਰਵਾਹਿਤ ਰਿਹਾ, ਪਰੰਤੂ ਗੁਰੂ-ਕਾਵਿ ਨੂੰ ਇਸ ਦਾ ਸਿਖ਼ਰ ਮੰਨ ਕੇ ਅਸੀਂ ਆਪਣੇ ਖੋਜ-ਕਾਰਜ ਨੂੰ ਇਥੋਂ ਤਕ ਹੀ ਸੀਮਿਤ ਕੀਤਾ ਹੈ।

## ਨਿਰਗੁਣਵਾਦੀ ਭਗਤ-ਕਾਵਿ :

ਨਿਰਗੁਣਵਾਦੀ ਭਗਤ-ਕਾਵਿ ਨਾਮਦੇਵ ਜੀ ਨਾਲ ਸ਼ੁਰੂ ਹੁੰਦਾ ਹੈ। ਆਪ ਵਾਰਕਾਰੀ ਸੰਪ੍ਰਦਾਇ ਨਾਲ ਸੰਬੰਧਿਤ ਉਹ ਕਵੀ ਸਨ ਜੋ ਮਹਾਂਰਾਸ਼ਟਰ ਦੀ ਧਰਤੀ

ਵਲੋਂ ਨਿਰਗੁਣ ਵਿਚਾਰਧਾਰਾ ਨੂੰ ਪੰਜਾਬ ਵਾਲੇ ਪਾਸੇ ਮੋੜਦੇ ਹਨ । ਆਪ ਨੇ ਭਾਰਤ-ਭਰਮਣ ਦੇ ਨਾਲ ਨਾਲ ਭਜਨ ਸਿਮਰਨ, ਰਾਮ ਨਾਮ ਦੇ ਗੁਣ ਗਾਇਣ ਕਰਨ ਅਤੇ ਸੰਤ-ਮਤ ਦਾ ਪ੍ਰਚਾਰ ਕਰਦਿਆਂ ਜੀਵਨ ਬਤੀਤ ਕੀਤਾ ।

ਖੋਜ-ਪ੍ਰਬੰਧ ਦੀ ਮੂਲ ਸਮੱਸਿਆ ਵੀ ਨਾਮਦੇਵ ਦੇ ਨਿਰਗੁਣ-ਕਾਵਿ ਦੇ ਸੰਦਰਭ ਵਿਚ ਸਥਾਨ ਨੂੰ ਨਿਰਧਾਰਣ ਕਰਨ ਕਰਕੇ ਇਸ ਖੋਜ-ਪ੍ਰਬੰਧ ਦੇ ਚਾਰ ਅਧਿਆਇ ਨਾਮਦੇਵ (ਜੀਵਨ ਤੇ ਰਚਨਾ), ਨਿਰਗੁਣਵਾਦ ਤੇ ਨਾਮਦੇਵ, ਨਾਮਦੇਵ ਦੀ ਕਾਵਿ-ਕਲਾ ਅਤੇ ਨਾਮਦੇਵ ਦਾ ਪ੍ਰਭਾਵ ਆਦਿ ਵਿਸ਼ਿਆਂ ਨੂੰ ਸਮਰਪਿਤ ਹੋਣਗੇ ।

## ਸ਼ੇਖ਼ ਫ਼ਰੀਦ (ਜੀਵਨ):

ਸ਼ੇਖ਼ ਫ਼ਰੀਦ ਦਾ ਪੂਰਾ ਨਾਮ ਫ਼ਰੀਦ-ਦੀਨ-ਮਸਊਦ ਸੀ । ਆਪ ਦਾ ਜਨਮ 1173ਈ. ਵਿਚ ਪਿੰਡ ਖੋਤਵਾਲ ਜ਼ਿਲ੍ਹਾ ਮੁਲਤਾਨ ਵਿਚ ਮਹੀਨਾ ਰਮਜ਼ਾਨ ਦੇ ਪਹਿਲੇ ਰੋਜ਼ੇ ਵਾਲੇ ਦਿਨ ਹੋਇਆ । ਆਪ ਦੀ ਮਾਤਾ ਦਾ ਨਾਮ ਮਰੀਅਮ ਸੀ ਅਤੇ ਪਿਤਾ ਦਾ ਨਾਮ ਜਮਾਲੁਦੀਨ ਸੁਲੇਮਾਨ । ਆਪ ਨੂੰ ਦਿੱਲੀ ਵਾਲੇ ਖਵਾਜਾ ਕੁਤਬੁ-ਦੀਨ-ਬਖਤਿਆਰ ਦਾ ਚੇਲਾ ਦੱਸਿਆ ਜਾਂਦਾ ਹੈ ।

ਆਪ ਖਵਾਜਾ ਕੁਤਬੁਲ-ਦੀਨ ਬਖਤਿਆਰ ਦੀ ਮੌਤ ਪਿੱਛੋਂ ਦਿੱਲੀ ਆ ਵੱਸੇ ਤੇ ਫਿਰ ਆਪ ਦਾ ਬਹੁਤਾ ਸਮਾਂ ਪਾਕਪਟਨ ਵਿਚ ਹੀ ਗੁਜ਼ਰਿਆ । ਆਪ ਦਾ ਦੇਹਾਂਤ 1266ਈ. ਵਿਚ ਹੋਇਆ ।

ਰਚਨਾ ਦਾ ਵਿਵੇਰਾ :

ਫ਼ਰੀਦ ਜੀ ਦੀ ਰਚਨਾ ਬਾਰੇ ਸਭ ਵਿਦਵਾਨ ਇਕ ਮਤ ਨਹੀਂ ਹਨ, ਪਰੰਤੂ ਡਾ.ਤਾਰਨ ਸਿੰਘ ਦਾ ਮਤ ਹੈ: "ਨਿਰਸੰਦੇਹ, ਸ਼ੈਲੀ ਤੇ ਵਿਚਾਰ ਪੱਖੋਂ ਇਹ ਤੇ ਪ੍ਰਗਟ ਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਫ਼ਰੀਦ ਦੇ ਨਾਂ ਹੇਠ ਸੰਕਲਿਤ ਸਾਰੀ ਰਚਨਾ ਇਕੋ ਹੀ ਕਲਾਕਾਰ ਦੀ ਹੈ ਤੇ ਉਹ ਕਲਾਕਾਰ ਫ਼ਰੀਦ ਹੀ ਹੈ"।[1] ਗੁਰੂ ਗ੍ਰੰਥ ਸਾਹਿਬ ਵਿਚ ਆਪ ਦੀ ਰਚਨਾ ਨਿਮਨ-ਲਿਖਤ ਹੈ :

---

1. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ", ਪੰ:136.

(ੳ) ਰਾਗ ਆਸਾ ਵਿਚ ਦੋ ਪਦੇ

(ਅ) ਰਾਗ ਸੂਹੀ ਵਿਚ ਦੋ ਪਦੇ

(ੲ) ਸਲੋਕ -118

ਸ਼ੇਖ਼ ਫ਼ਰੀਦ ,ਜੀਵਨ ਵਿਚ ਸ਼ਰ੍ਹਾ ਦਾ ਪਾਬੰਦ ਹੋ ਕੇ ਬੰਦਗੀ ਕਰਕੇ ਤੇ "ਦਿਲਹੁ" ਈਸ਼ਵਰ ਨਾਲ ਪ੍ਰੇਮ ਪਾ ਕੇ, ਨਿਮਰਤਾ ਧਾਰਨ ਕਰਨ ਦਾ ਉਪਦੇਸ਼ ਦਿੰਦੇ ਹਨ ।[1]

<u>ਜੈ ਦੇਵ</u> :

ਜੈ ਦੇਵ 12ਵੀਂ ਸ਼ਤਾਬਦੀ ਵਿਚ ਦੱਖਣੀ ਬੰਗਾਲ ਦੇ ਪਿੰਡ ਕੇਂਨਦੂਲੀ ਵਿਚ ਪੈਦਾ ਹੋਏ । ਆਪ ਬੰਗਾਲ ਦੇ ਬਾਦਸ਼ਾਹ ਲਛਮਣ ਸੈਨ ਦੇ ਪੰਜ ਰਤਨਾ ਵਿਚੋਂ ਸਨ ।

ਜੈ ਦੇਵ ਕ੍ਰਿਸ਼ਨ ਭਗਤੀ ਤੋਂ ਪ੍ਰਭੂ-ਭਗਤੀ ਵੱਲ ਰੁਚਿਤ ਹੋਏ ।

ਰਚਨਾ :

ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਦੋ ਸ਼ਬਦ, ਰਾਗ ਗੂਜਰੀ ਤੇ ਰਾਗ ਮਾਰੂ ਵਿਚ ਮੌਜੂਦ ਹਨ । ਆਪ ਪ੍ਰਭੂ ਦੇ ਨਾਮ ਸਿਮਰਨ ਤੇ ਬਲ ਦਿੰਦੇ ਹਨ । ਆਪ ਦਾ ਉਪਦੇਸ਼ ਹੈ ਕਿ ਹਰੀ ਸਿਮਰਨ ਨਾਲ ਉਚੇ ਤੋਂ ਉੱਚਾ ਸਥਾਨ ਗ੍ਰਹਿਣ ਕੀਤਾ ਜਾ ਸਕਦਾ ਹੈ । ਆਪ ਦੀ ਰਚਨਾ ਭਾਵੇਂ ਆਕਾਰ ਵਿਚ ਬਹੁਤ ਘੱਟ ਹੈ, ਪਰ ਆਰੰਭਲੇ ਕਵੀ ਹੋਣ ਕਰਕੇ ਇਸ ਦਾ ਮਹੱਤਵ ਆਪਣਾ ਹੈ ।

<u>ਭਗਤ ਤ੍ਰਿਲੋਚਨ</u> :

ਭਗਤ ਤ੍ਰਿਲੋਚਨ ਪੰਡਰਪੁਰ (ਮਹਾਰਾਸ਼ਟਰ) ਦੇ ਨਿਵਾਸੀ ਵੈਸ਼ ਸਨ । ਆਪ ਦਾ ਜਨਮ 1267ਈ. ਵਿਚ ਹੋਇਆ ।[2] ਫਰਕੁਹਰ ਅਨੁਸਾਰ ਆਪ ਨਾਮਦੇਵ

---

1. "ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ।।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ।।
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ।।
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।।
'ਆਦਿ ਗ੍ਰੰਥ', ਸ਼ਲੋਕ ਫ਼ਰੀਦ, ਪੰ:1384.

2. ਜੋਧ ਸਿੰਘ, "ਭਗਤ ਨਾਮਦੇਵ ਤਥਾ ਹੋਰ ਭਗਤ, ਜੀਵਨੀ ਤੇ ਰਚਨਾ",ਪੰ:80.

ਦੇ ਸਮਕਾਲੀ ਸਨ । ਭਗਤ ਮਾਲ ਵਿਚ ਵੀ ਆਪ ਨੂੰ ਨਾਮਦੇਵ ਦਾ ਸਮਕਾਲੀ ਲਿਖਿਆ ਗਿਆ ਹੈ । ਉਸ ਵਿਚ ਇਹ ਵੀ ਲਿਖਿਆ ਹੈ ਕਿ ਦੋਹਾਂ ਸੰਤਾਂ ਨੇ ਗਿਆਨੇਸ਼ਵਰ ਤੋਂ ਦੀਖਿਆ ਪ੍ਰਾਪਤ ਕੀਤੀ ।[1] ਉਕਤ ਵਿਚਾਰ ਅਤਿ ਸ਼ੰਕਾ ਭਰਪੂਰ ਹੈ ਕਿਉਂ ਜੋ ਨਾਮਦੇਵ ਦੇ ਗੁਰੂ ਤਾਂ ਵਿਸ਼ੋਬਾਖੇਚਰ ਸਨ ਨਾ ਕਿ ਗਿਆਨੇਸ਼ਵਰ। ਹਾਂ, ਦੋਹਾਂ ਦੇ ਸਮਕਾਲੀ ਹੋਣ ਦੀ ਪ੍ਰੋੜ੍ਹਤਾ ਤਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਵੀ ਹੁੰਦੀ ਹੈ ।[2]

ਰਚਨਾ :

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਤ੍ਰਿਲੋਚਨ ਦੇ ਚਾਰ ਸ਼ਬਦ ਮਿਲਦੇ ਹਨ ਜੋ ਕਿ ਸਿਰੀ, ਗੂਜਰੀ ਤੇ ਧਨਾਸਰੀ ਰਾਗਾਂ ਵਿਚ ਹਨ ।

ਸਿਰੀ ਰਾਗ ਵਿਚ ਆਪ ਨੇ ਮਾਇਆ ਦੇ ਲੋਭ ਦੇ ਟਾਕਰੇ ਤੇ ਨਾਮ ਭਗਤੀ ਨੂੰ ਮਹਾਨਤਾ ਦਿੱਤੀ ਹੈ । ਆਪ ਦੇ ਇਸ ਪਦੇ ਵਿਚ ਬੀਭਤਸ ਪ੍ਰਧਾਨ ਰਸ ਹੈ ।

---

1. ਵਿਸ਼ਨੂੰ ਸਵਾਮੀ ਸੰਪ੍ਰਦਾਇ ਦ੍ਰਿੜ ਗਿਆਨਦੇਵ ਗੰਭੀਰ ਮਤਿ ।।
ਨਾਮਦੇਵ ਤ੍ਰਿਲੋਚਨ ਸ਼ਿਸ਼ ਸੂਰ ਸ਼ਸ਼ ਸਦੱਸ਼ ਉਜਾਗਰ ।।
"ਭਗਤ ਮਾਲ", ਪੰ:363.
ਗੋਵਿੰਦਰ ਤ੍ਰਿਗੁਣਾਯਤ, "ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠ-ਭੂਮੀ", ਪੰਨਾ 21 ਤੋਂ ਉਦ੍ਰਿਤ

2. ਨਾਮਾ ਮਾਇਆ ਮੋਹਿਆ ਕਹੈ ਤਿਲੋਚਨ ਮੀਤੁ ।।
ਕਾਹੇ ਛੀਪੈ ਛਾਇਲੈ ਰਾਮ ਨ ਲਾਵਹੁ ਚੀਤੁ ।।
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ।।
ਹਾਥ ਪਾਉ ਕਰਿ ਕਾਮੁ ਸਭੁ ਚੀਤ ਨਿਰੰਜਨ ਨਾਲਿ ।।
"ਆਦਿ ਗ੍ਰੰਥ", ਪੰ:1377.

ਤ੍ਰਿਲੋਚਨ ਦੇ ਗੂਜਰੀ ਰਾਗ ਵਾਲੇ ਪਦੇ ਵਿਚ ਇਕ ਵਿਸ਼ਵਾਸ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਅੰਤ ਸਮੇਂ ਮਨੁੱਖੀ ਮਨ ਦੀ ਵਾਸ਼ਨਾ ਅਨੁਸਾਰ ਉਸ ਨੂੰ ਅਗਲਾ ਜਨਮ ਮਿਲਦਾ ਹੈ।[1] ਧਨਾਸਰੀ ਰਾਗ ਵਿਚ ਆਪ ਨੇ ਕਰਮ ਫਲ ਨੂੰ ਦ੍ਰਿੜ੍ਹਾਇਆ ਹੈ।

ਭਗਤ ਸਧਨਾ :

ਭਗਤ ਸਧਨਾ ਜੀ ਦਾ ਜਨਮ ਸਹੇਬਾਨ ਸੂਬਾ ਸਿੰਧ (ਪਾਕਿਸਤਾਨ) ਵਿਚ ਹੋਇਆ।[2] ਡਾ. ਰਾਮ ਕੁਮਾਰ ਵਰਮਾ ਨੇ ਭਗਤ ਸਧਨਾ ਜੀ ਨੂੰ 14ਵੀਂ ਸ਼ਤਾਬਦੀ ਦੇ ਮੱਧ ਵਿਚ ਹੋਇਆ ਲਿਖਿਆ ਹੈ।[3] ਭਾਈ ਜੋਧ ਸਿੰਘ ਆਪ ਨੂੰ ਭਗਤ ਨਾਮਦੇਵ ਦਾ ਹੀ ਸਮਕਾਲੀ ਮੰਨਦੇ ਹਨ।[4] ਆਪ ਕਸਾਈ ਦਾ ਕੰਮ ਕਰਦੇ ਸਨ ਪਰੰਤੂ ਸਾਧ ਸੰਗਤ ਪ੍ਰਾਪਤ ਹੋਣ ਉਪਰੰਤ ਆਪ ਅੰਦਰ ਪ੍ਰਭੂ ਭਗਤੀ ਦੀ ਭਾਵਨਾ ਜਾਗ੍ਰਿਤ ਹੋਈ। ਪਰਮਾਰਥ ਦੇ ਰਸਤੇ ਤੇ ਚੱਲ ਕੇ ਭਗਤ-ਪਦ ਪ੍ਰਾਪਤ ਕੀਤਾ। ਆਪ ਦੀ ਸਮਾਧ (ਦੇਹੁਰਾ) ਸਰਹਿੰਦ ਦੇ ਲਾਗੇ ਹੈ।

ਰਚਨਾ :

ਭਗਤ ਸਧਨਾ ਦੁਆਰਾ ਰਚਿਤ ਇਕੋ-ਇਕ ਸ਼ਬਦ ਬਿਲਾਵਲੁ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਪ੍ਰਭੂ-ਪਿਆਰ ਵਿਚ ਬਹਿਬਲਤਾ ਆਪ ਦੇ ਸ਼ਬਦ ਦਾ ਮੂਲ ਸੁਰ ਹੈ।

---

1. ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
   ਸਰਪ ਜੋਨਿ ਵਲਿ ਵਲਿ ਅਉਤਰੈ ॥
   "ਆਦਿ ਗ੍ਰੰਥ", ਰਾਗ ਗੂਜਰੀ, ਤ੍ਰਿਲੋਚਨ, ਪੰ: 526.
2. ਜੋਧ ਸਿੰਘ, "ਭਗਤ ਨਾਮਦੇਵ ਤਥਾ ਹੋਰ ਭਗਤ, ਜੀਵਨੀ ਤੇ ਰਚਨਾ", ਪੰ: 87.
3. ਗੋਵਿੰਦ ਤ੍ਰਿਗੁਣਾਯਤ, "ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠ-ਭੂਮੀ", ਪੰਨਾ 22 ਤੋਂ ਉਦ੍ਰਿਤ।
4. "ਭਗਤ ਨਾਮਦੇਵ ਤਥਾ ਹੋਰ ਭਗਤ, ਜੀਵਨੀ ਤੇ ਰਚਨਾ", ਪੰ: 87.

ਭਗਤ ਬੇਣੀ :

ਭਗਤ ਬੇਣੀ ਦੀ ਜੀਵਨੀ ਬਾਰੇ ਹੁਣ ਤੱਕ ਕੋਈ ਬਹੁਤੇ ਤੱਥ ਉੱਘੜ ਕੇ ਸਾਹਮਣੇ ਨਹੀਂ ਆਏ । ਡਾ. ਗੋਵਿੰਦ ਤ੍ਰਿਗੁਣਾਯਤ ਭਗਤ ਬੇਣੀ ਨੂੰ ਗੋਰਖ ਦੇ ਪਿਛਲੇਰੇ ਪਰੰਤੂ ਰਾਮਾਨੰਦ ਦੇ ਪੂਰਵਜ਼ ਹੋਣ ਦੀ ਸੰਭਾਵਨਾ ਪ੍ਰਗਟ ਕਰਦੇ ਹਨ ।[1] ਮੈਕਾਲਫ ਦੀ ਧਾਰਨਾ ਨੂੰ ਆਧਾਰ ਮੰਨ ਕੇ ਭਾਈ ਜੋਧ ਸਿੰਘ ਲਿਖਦੇ ਹਨ : "ਸ਼ਬਦਾਵਲੀ ਜੋ ਭਗਤ ਜੀ ਨੇ ਵਰਤੀ ਹੈ, ਉਹ ਜ਼ਰਾ ਔਖੀ ਹੋਣ ਕਰਕੇ ਮੰਨਿਆ ਜਾਂਦਾ ਹੈ ਕਿ ਉਹ ਨਿਸਬਤਨ ਪੁਰਾਣੇ ਸਮੇਂ ਵਿਚ ਹੋਇਆ ਹੈ ।"[2] ਭਾਈ ਗੁਰਦਾਸ ਜੀ ਆਪਣੀ ਦਸਵੀਂ ਵਾਰ ਵਿਚ ਭਗਤ ਬੇਣੀ ਜੀ ਦੇ ਜੀਵਨ ਵਿਚ ਆਏ ਇਕ ਚਮਤਕਾਰ ਦਾ ਵਰਣਨ ਕਰਦੇ ਹਨ ।[3]

---

1. "ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ", ਪੰ:22.

2. "ਭਗਤ ਨਾਮਦੇਵ ਤਥਾ ਹੋਰ ਭਗਤ, ਜੀਵਨੀ ਤੇ ਰਚਨਾ", ਪੰ:89.

3. ਗੁਰਮੁਖ ਬੇਣੀ ਭਗਤ ਕਰ ਜਾਇ ਇਕਾਂਤ ਬਹੈ ਲਿਵ ਲਾਵੈ ।।
ਕਰਮ ਕਰੇ ਅਧਿਆਤਮੀ ਹੋਰਸੁ ਕਿਸੇ ਨ ਅਲਖ ਲਖਾਵੈ ।।
ਘਰ ਆਇਆ ਜਾਂ ਪੁਛੀਐ ਰਾਜ ਦੁਆਰ ਗਇਆ ਆਲਾਵੈ ।।
ਘਰ ਸਭ ਵਥੂ ਮੰਗੀਅਨ ਵਲ ਛਲ ਕਰਿ ਕੈ ਝਤ ਲੰਘਾਵੈ ।।
ਵਡਾ ਸਾਂਗ ਵਰਤਦਾ ਓਹ ਇਕ ਮਨ ਪਰਮੇਸ਼ਰ ਧਿਆਵੈ ।।
ਪੈਜ ਸਵਾਰੈ ਭਗਤ ਕੀ ਰਾਜਾ ਹੋਇ ਘਰ ਚਲਿ ਆਵੈ ।।
ਦੇਇ ਦਿਲਾਸਾ ਤੁਸ ਕੈ ਅਣਗਣਤੀ ਖਰਚੀ ਪਹੁੰਚਾਵੈ ।।
ਓਥਹੁੰ ਆਇਆ ਭਗਤ ਪਾਸ ਹੋਇ ਦਇਆਲ ਹੇਤ ਉਪਜਾਵੈ ।।
ਭਗਤ ਜਨਾਂ ਜੈਕਾਰ ਕਰਾਵੈ ।।

"ਵਾਰਾਂ ਭਾਈ ਗੁਰਦਾਸ", ਵਾਰ 10, ਪਉੜੀ 14.

ਰਾਮਾਨੰਦ :

ਮੱਧਕਾਲੀਨ ਸਾਹਿੱਤ ਵਿਚ ਰਾਮਾਨੰਦ ਦਾ ਸਥਾਨ ਵਿਸ਼ੇਸ਼ ਮਹੱਤਵ ਵਾਲਾ ਹੈ। ਆਪ ਦੇ ਜਨਮ ਦੇ ਸੰਬੰਧ ਵਿਚ ਵਿਦਵਾਨਾਂ ਵਿਚ ਕਾਫ਼ੀ ਮੱਤਭੇਦ ਹੈ । "ਭਗਤ ਮਾਲਾ ਸਟੀਕ"(ਹਿੰਦੀ) ਅਨੁਸਾਰ ਆਪ ਦਾ ਜਨਮ 1353 ਈ. ਵਿਚ ਹੋਇਆ ।[1] ਡਾ.ਭੰਡਾਰਕਰ[2] ਵੀ "ਭਗਤ ਮਾਲਾ ਸਟੀਕ" ਦੇ ਉਕਤ ਵਿਚਾਰ ਨਾਲ ਸਹਿਮਤ ਹਨ । ਡਾ.ਗੋਵਿੰਦਰ ਤ੍ਰਿਗੁਣਾਯਤ ਅਨੁਸਾਰ, "ਉਹ ਸੰਮਤ 1385 ਦੇ ਆਸ ਪਾਸ ਪੈਦਾ ਹੋਏ ।"[3] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਸ ਭਗਤ ਦਾ ਜਨਮ ਕਾਨਕੁਬਜ ਬ੍ਰਾਹਮਣ ਭੂਰਿ ਕਰਮਾਂ ਦੇ ਘਰ ਸੁਸ਼ੀਲਾ ਦੇ ਉਦਰ ਤੋਂ ਸੰਮਤ 1453 ਵਿਚ ਪ੍ਰਯਾਗ ਵਿਚ ਹੋਇਆ ।"[4] ਆਪ ਰਾਮਾਨੁਜ ਦੀ 'ਸ੍ਰੀ ਸੰਪ੍ਰਦਾਇ' ਦੇ ਪ੍ਰਸਿੱਧ ਪ੍ਰਚਾਰਕ ਰਾਘਵਾਨੰਦ ਦੇ ਚੇਲੇ ਸਨ । ਆਰੰਭ ਵਿਚ ਆਪ ਮੂਰਤੀ-ਉਪਾਸ਼ਕ ਸਨ ਪਰ ਮਗਰੋਂ ਨਿਰਗੁਣ ਬ੍ਰਹਮ ਨੂੰ ਆਪਣਾ ਇਸ਼ਟ ਮੰਨਣ ਲੱਗ ਪਏ । ਆਪ ਦੇ ਜੀਵਨ ਬਾਰੇ ਕਈ ਦੰਦ ਕਥਾਵਾਂ ਪ੍ਰਚਲਿਤ ਹਨ, ਜਿਵੇਂ ਕਿ ਆਪ ਨੀਵੀਆਂ ਜਾਤਾਂ ਵਾਲਿਆਂ ਦੇ ਮੱਥੇ ਨਹੀਂ ਸਨ ਲੱਗਦੇ । ਜਦੋਂ ਆਪ ਨਿਰਗੁਣ ਉਪਾਸ਼ਨਾ ਭਗਤੀ ਵੱਲ ਪ੍ਰੇਰਿਤ ਹੋਏ ਤਾਂ ਆਪ ਦੇ ਵਿਚਾਰਾਂ ਤੇ ਵਿਸ਼ਾਲਤਾ ਦੀ ਪਾਹ ਚੜ੍ਹਣ ਲੱਗੀ । ਕਬੀਰ, ਧੰਨਾ, ਪੀਪਾ ਤੇ ਸੈਨ ਭਗਤ ਆਪ ਜੀ ਦੇ ਹੀ ਸ਼ਿਸ਼ ਸਨ ।

ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ ਇਕ ਸ਼ਬਦ ਬਸੰਤ ਰਾਗ ਵਿਚ ਮਿਲਦਾ ਹੈ । ਤੀਰਥਾਂ ਦਾ ਭਰਮਣ ਅਤੇ ਮੂਰਤੀ ਪੂਜਾ ਦਾ ਤਿਆਗ ਕਰਕੇ ਆਪ ਇਕ ਨਿਰੰਕਾਰ ਦੀ ਉਪਾਸਨਾ ਦਾ ਪ੍ਰਚਾਰ ਕਰਦੇ ਹਨ ।

---

1. 'ਸ੍ਰੀ ਭਗਤ ਮਾਲਾ ਸਟੀਕ', ਪੰਨਾ 273.
   "ਉੱਤਰੀ ਭਾਰਤ ਕੀ ਸੰਤ ਪਰੰਪਰਾ", ਪੰ:231 ਤੋਂ ਉਦ੍ਰਿਤ ।
2. "Vaisnavism, Saivism and Minor Religious System", Page 69.
3. "ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠਭੂਮੀ", ਪੰ:24.
4. "ਮਹਾਨ ਕੋਸ਼", ਪੰ:1036.

ਧੰਨਾ :

ਧੰਨਾ ਜਾਤ ਤੋਂ ਜੱਟ, ਪੇਸ਼ੇ ਤੋਂ ਕਿਸਾਨ (ਵਾਹੀਦਾਰ) ਅਤੇ ਗੁਰ-ਪ੍ਰਣਾਲੀ ਤੋਂ ਰਾਮਾਨੰਦ ਦਾ ਚੇਲਾ ਸੀ । ਆਪ ਦੇ ਜੀਵਨ ਬਾਰੇ ਕਈ ਧਾਰਨਾਵਾਂ ਪ੍ਰਚਲਿਤ ਹਨ ਜਿਨ੍ਹਾਂ ਦੀ ਪ੍ਰੋੜ੍ਹਤਾ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਆਪ ਦੇ ਸ਼ਬਦਾਂ ਤੋਂ ਨਹੀਂ ਹੁੰਦੀ । ਆਸਾ ਰਾਗ ਵਿਚ ਪ੍ਰਾਪਤ ਆਪ ਦਾ ਇਕ ਸ਼ਬਦ ਸਪਸ਼ਟ ਕਰਦਾ ਹੈ ਕਿ ਆਪ ਨਿਰਗੁਣ ਪਰਮਾਤਮਾ ਦੀ ਭਗਤੀ ਵੱਲ ਕਿਵੇਂ ਆਕ੍ਰਸ਼ਿਤ ਹੋਏ ।[1] ਆਪ ਨੇ ਬਨਾਰਸ ਜਾ ਕੇ ਰਾਮਾਨੰਦ ਜੀ ਪਾਸੋਂ ਦੀਖਿਆ ਲਈ ਤੇ ਪ੍ਰੇਮਾ-ਭਗਤੀ ਤੇ ਗੁਰੂ-ਦੀਖਿਆ ਨੂੰ ਦ੍ਰਿੜ੍ਹ ਕਰਨ ਉਪਰੰਤ ਆਪ ਆਪਣੇ ਲਕਸ਼ ਵਿਚ ਸਫਲ ਹੋਏ ।

ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਚਾਰ ਸ਼ਬਦ ਦਰਜ ਹਨ । ਗੁਰੂ ਭਗਤੀ, ਨਾਮ ਸਿਮਰਨ, ਜੀਵ, ਨਿਰੰਕਾਰ ਅਤੇ ਉਸ ਈਸ਼ਵਰ ਦੀ ਦਿਆਲਤਾ ਆਦਿ ਵਿਸ਼ੇ ਆਪ ਨੇ ਆਪਣੇ ਕਾਵਿ ਵਿਚ ਛੋਹੇ ਹਨ । 'ਆਰਤਾ' ਆਪ ਦੀ ਸੁਪ੍ਰਸਿੱਧ ਰਚਨਾ ਹੈ ਜੋ ਕਿ ਮੋਟੀ ਠੁਲ੍ਹੀ ਭਾਸ਼ਾ ਵਿਚ ਰਚੀ ਗਈ ਹੈ ।

---

1. ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮ ਦੇਉ ਮਨ ਲੀਣਾ ।।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ।। ਰਹਾਉ ।।
ਬੁਨਨਾ ਤਨਨਾ ਤਿਆਗਕੈ ਪ੍ਰੀਤ ਚਰਨ ਕਬੀਰਾ ।।
ਨੀਚ ਕੁਲਾ ਜੋਲਾਹਰਾ ਭਇਓ ਗੁਣੀਯ ਗਹੀਰਾ ।।
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ।।
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ।।
ਸੈਨੁ ਨਾਈ ਬੁਤਕਾਰਿਆ ਓਹੁ ਘਰਿ ਘਰਿ ਸੁਨਿਆ ।।
ਹਿਰਦੈ ਵਸਿਆ ਪਾਰਬ੍ਰਹਮ ਭਗਤਾਂ ਮਹਿ ਗਨਿਆ ।।
ਇਹਿ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ।।
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ।।
"ਆਦਿ ਗ੍ਰੰਥ", ਆਸਾ ਰਾਗ, ਧੰਨਾ, ਪੰ:487.

ਪੀਪਾ :

ਭਗਤ ਪੀਪਾ ਵੀ ਰਾਮਾਨੰਦ ਦੇ ਸ਼ਿਸ਼ ਸਨ । ਆਪ ਦਾ ਜਨਮ 1482 ਸੰਮਤ ਵਿਚ ਹੋਇਆ ।[1] ਭਾਈ ਜੋਧ ਸਿੰਘ ਜੀ ਭਗਤ ਪੀਪਾ ਦਾ ਜਨਮ ਸੰਮਤ 1483 ਲਿਖਦੇ ਹਨ ।[2] ਵੈਰਾਗ ਧਾਰਨ ਕਰਨ ਤੋਂ ਪਹਿਲਾ ਆਪ ਗਗਰੌਨ ਗੜ੍ਹ ਦੇ ਰਾਜਾ ਸਨ। ਰਾਮਾਨੰਦ ਕੋਲੋਂ ਨਾਮ-ਦਾਨ ਪ੍ਰਾਪਤ ਕਰਨ ਪਿਛੋਂ ਆਪ ਨੇ ਦੇਸ਼ ਭ੍ਰਮਣ ਵੀ ਕੀਤਾ ।

ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ ਕੇਵਲ ਇਕ ਸ਼ਬਦ ਦਰਜ ਹੈ ਜੋ ਕਿ ਧਨਾਸਰੀ ਰਾਗ ਵਿਚ ਹੈ । ਆਪ ਪ੍ਰਭੂ ਦੀ ਸਰਵ-ਵਿਆਪਕਤਾ ਦੇ ਨਾਲ ਨਾਲ ਮਨੁੱਖ ਨੂੰ ਬਾਹਰਮੁਖੀ ਤੋਂ ਅੰਤਰਮੁਖੀ ਬਨਣ ਲਈ ਉਪਦੇਸ਼ ਕਰਦੇ ਹਨ ।[3]

ਸੈਣ :

ਸੈਣ ਭਗਤ ਦਾ ਸਮਾ 14ਵੀਂ ਸਦੀ ਦਾ ਅੰਤ ਜਾ 15ਵੀਂ ਸਦੀ ਦਾ ਪ੍ਰਾਰੰਭ ਨਿਰਧਾਰਿਤ ਕੀਤਾ ਗਿਆ ਹੈ । ਇਹ ਜਾਤ ਤੋਂ ਨਾਈ ਸਨ ਅਤੇ ਬਾਂਧਵਗੜ੍ਹ ਦੇ ਰਾਜਾ ਦੀ ਸੇਵਾ ਕਰਨ ਜਾਇਆ ਕਰਦੇ ਸਨ । ਆਪ ਵੀ ਰਾਮਾਨੰਦ ਦੇ ਚੇਲਿਆ ਵਿਚੋਂ ਇਕ ਸਨ ।

ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ ਇਕ ਸ਼ਬਦ ਦਰਜ ਹੈ । ਇਕ ਨਿਰੰਕਾਰ ਦੇ ਉਪਾਸ਼ਕ ਬਨਣ ਅਤੇ ਨਿਰਭੈ ਪਦ ਨੂੰ ਪ੍ਰਾਪਤ ਕਰਨ ਦੀ ਆਪ ਸਿੱਖਿਆ ਦਿੰਦੇ ਹਨ ।

---

1. J.N.Farquhar, "An outline of Religious Literature of India", Page 23.

2. "ਭਗਤ ਨਾਮਦੇਵ ਤਥਾ ਹੋਰ ਭਗਤ-ਜੀਵਨੀ ਤੇ ਰਚਨਾ", ਪੰ:101.

3. ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ।।
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ।।

"ਆਦਿ ਗ੍ਰੰਥ", ਰਾਗ ਧਨਾਸਰੀ, ਪੀਪਾ, ਪੰ:695.

ਕਬੀਰ :

ਕਬੀਰ ਜੀ ਦਾ ਜੀਵਨ-ਕਾਲ ਹੁਣ ਤਕ ਵਾਦ-ਵਿਵਾਦ ਦਾ ਵਿਸ਼ਾ ਬਣਿਆ ਰਿਹਾ। ਪਰੰਤੂ ਹੁਣ ਇਹ ਤੱਥ ਸਵੀਕਾਰ ਕੀਤਾ ਜਾ ਚੁੱਕਾ ਹੈ ਕਿ ਆਪ 1455ਈ. ਨੂੰ ਹੀ ਪੈਦਾ ਹੋਏ ਅਤੇ ਸੌ ਸਾਲ ਤੋਂ ਉਪਰ ਉਮਰ ਭੋਗੀ। ਕੁਝ ਲੋਕ ਆਪ ਨੂੰ ਬਨਾਰਸ ਅਤੇ ਕੁਝ ਮਗਹਰ ਵਿਚ ਪੈਦਾ ਹੋਇਆ ਦੱਸਦੇ ਹਨ। ਬਨਾਰਸ ਅਤੇ ਕਾਂਸ਼ੀ ਵਿਚ ਆਪ ਨੇ ਜੀਵਨ ਦਾ ਬਹੁਤਾ ਭਾਗ ਬਤੀਤ ਕੀਤਾ। ਆਪ ਜੁਲਾਹਾ ਜਾਤ ਦੇ ਸਨ। ਆਪ ਦੇ ਪਿਤਾ ਦਾ ਨਾਮ ਨੀਰੂ ਅਤੇ ਮਾਤਾ ਦਾ ਨਾਮ ਨੀਮਾ ਸੀ। ਰਾਮਾਨੰਦ ਤੋਂ ਦੀਖਿਆਤ ਹੋ ਕੇ ਆਪ ਪ੍ਰਭੂ-ਭਗਤੀ ਵਿਚ ਇਕ ਵਿਸ਼ੇਸ਼ ਮੰਜ਼ਿਲ ਪ੍ਰਾਪਤ ਕਰ ਗਏ ਜਿਹੜੀ ਕਿ ਵਿਰਲੇ ਹੀ ਸੰਤਾਂ ਮਹਾਤਮਾ ਨੂੰ ਪ੍ਰਾਪਤ ਹੁੰਦੀ ਹੈ। ਆਪ ਨੇ ਜਗਨਨਾਥ ਪੁਰੀ ਰਤਨਪੁਰ, ਬਗ਼ਦਾਦ, ਸਮਰਕੰਦ, ਗੁਜਰਾਤ ਤੇ ਪੰਡਰਪੁਰ ਦੀ ਯਾਤਰਾ ਕੀਤੀ।

ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 540 ਸ਼ਬਦ ਦਰਜ ਹਨ ਜੋ ਕਿ 17 ਰਾਗਾਂ ਵਿਚ ਉਪਲਬਧ ਹਨ। ਆਦਿ ਗ੍ਰੰਥ ਤੋਂ ਬਾਹਰ ਵੀ ਆਪ ਦਾ ਰਚਿਆ ਬਹੁਤ ਸਾਰਾ ਸਾਹਿੱਤ ਮਿਲਦਾ ਹੈ ਜੋ 'ਕਬੀਰ ਗ੍ਰੰਥਾਵਲੀ' ਅਤੇ 'ਕਬੀਰ ਬੀਜਕ' ਵਿਚ ਦਰਜ ਹੈ।[1] ਨਾਮ-ਭਗਤੀ, ਗੁਰੂ ਭਗਤੀ, ਸਾਧੂ ਭਗਤੀ, ਮਨ ਦਾ ਸੰਜਮ ਤੇ ਮਾਇਆ ਦਾ ਤਿਆਗ ਆਪ ਦੇ ਵਿਸ਼ੇਸ਼ ਵਿਸ਼ੇ ਹਨ। ਡਾ. ਤਾਰਨ ਸਿੰਘ ਅਨੁਸਾਰ "ਬ੍ਰਹਮ, ਜੀਵ ਤੇ ਜਗਤ (ਪ੍ਰਕ੍ਰਿਤੀ) ਬਾਰੇ ਦਾਰਸ਼ਨਿਕ ਵਿਚਾਰ; ਨਾਮ, ਗੁਰੂ ਤੇ ਮਨ ਦੇ ਦੁਆਲੇ ਘੁੰਮਣ ਵਾਲੇ ਧਾਰਮਕ ਸਾਧਨਾਂ ਦੇ ਵਿਚਾਰ; ਅਤੇ ਸਮਾਜ ਵਿਚ ਮਨੁੱਖੀ ਬਰਾਬਰੀ, ਧਾਰਮਕ ਸਮਤਾ ਤੇ ਸਦਾਚਾਰ ਦੇ ਵਿਚਾਰ ਤਾਣੇ-ਪੇਟੇ ਵਾਂਗ ਆਪ ਦੀ ਰਚਨਾ ਵਿਚ ਬੁਣੇ ਪਏ ਹਨ।"[2]

---

1. ਡਾ. ਗੁਰਨਾਮ ਕੌਰ ਬੇਦੀ, "ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ", ਪੰ:23.

2. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ", ਪੰ:204.

<u>ਰਵਿਦਾਸ</u> :

ਰਵਿਦਾਸ ਚਮਿਆਰ ਜਾਤੀ ਵਿਚ ਸੰਮਤ 1471 ਮਾਘ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ (ਐਤਵਾਰ) ਨੂੰ ਪੈਦਾ ਹੋਏ। ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲੀ ਗਵਾਹੀ ਤੋਂ ਇਹ ਧਾਰਨਾ ਪਰਪੱਕ ਹੋ ਜਾਂਦੀ ਹੈ ਕਿ ਆਪ ਬਨਾਰਸ ਵਿਚ ਹੀ ਜਨਮੇ।[1] ਆਪ ਰਾਮਾਨੰਦ ਦੇ ਚੇਲੇ ਸਨ। ਬ੍ਰਿਗਸ ਦੇ ਮਤ ਅਨੁਸਾਰ ਆਪ ਦੀ ਪਤਨੀ ਦਾ ਨਾਮ ਲੋਨਾ ਸੀ।[2] ਪਰਸ਼ੂਰਾਮ ਚਤੁਰਵੇਦੀ ਅਨੁਸਾਰ "ਝਾਲੀ ਰਾਣੀ ਅਤੇ ਮੀਰਾਂ ਬਾਈ ਆਪ ਦੇ ਸ਼ਿਸ਼ਾਂ ਵਿਚੋਂ ਸਨ।[3] ਆਪ ਨੇ ਸੌ ਸਾਲ ਤੋਂ ਵੱਧ ਉਮਰ ਭੋਗੀ।

ਨਾਗਰੀ ਪ੍ਰਚਾਰਣੀ ਸਭਾ ਦੀ ਖੋਜ ਅਨੁਸਾਰ ਨਿਮਨ-ਲਿਖਤ ਗ੍ਰੰਥ ਰਵਿਦਾਸ ਜੀ ਦੇ ਹਨ :

1. ਰੈਦਾਸ ਜੀ ਕੀ ਬਾਣੀ
2. ਰੈਦਾਸ ਜੀ ਕੀ ਸਾਖੀ ਤਥਾ ਪਦ
3. ਰੈਦਾਸ ਕੇ ਪਦ
4. ਪ੍ਰਹਿਲਾਦ ਲੀਲਾ [4]

ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 41 ਸ਼ਬਦ ਸ਼ਾਮਲ ਹਨ ਜੋ ਕਿ 16 ਰਾਗਾਂ ਵਿਚ ਹਨ। ਰਵਿਦਾਸ ਜੀ ਨੇ ਪਰਮਾਤਮਾ, ਪ੍ਰਕ੍ਰਿਤੀ, ਜੀਵਾਤਮਾ, ਨਾਮ, ਗੁਰੂ, ਮਨ ਆਦਿ ਨਿਰਗੁਣ-ਕਾਵਿ ਦੇ ਬੁਨਿਆਦੀ ਵਿਸ਼ਿਆਂ ਬਾਰੇ ਸ਼ਬਦ ਰਚਨਾ ਕੀਤੀ ਹੈ। ਕਰਮ, ਆਵਾਗਵਨ, ਮੁਕਤੀ ਤੇ ਨਾਮ ਭਗਤੀ, ਗੁਰੂ ਭਗਤੀ, ਤੇ ਸਾਧ ਭਗਤੀ ਆਦਿ ਬਾਰੇ ਆਪ ਦੇ ਵਿਚਾਰ ਬੜੇ ਸਪਸ਼ਟ ਹਨ।

---

1. 'ਜਾਕੇ ਕੁਟੰਬ ਕੇ ਢੇੜ ਸਭ ਢੋਰ ਢੋਵੰਤ ਫਿਰਹਿ ਅਜਹੁ ਬਨਾਰਸੀ ਆਸ ਪਾਸ॥'
"ਆਦਿ ਗ੍ਰੰਥ", ਰਾਗ ਮਲਾਰ, ਰਵਿਦਾਸ, ਪੰ:617.
2. "Encyclopaedia of Religions and Ethics", Vol.5, Page 560.
3. "ਉੱਤਰੀ ਭਾਰਤ ਕੀ ਸੰਤ ਪਰੰਪਰਾ", ਪੰ:239.
4. ਗੋਵਿੰਦ ਤ੍ਰਿਗੁਣਾਯਤ, "ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠਭੂਮੀ", ਪੰ:34.

ਪਰਮਾਨੰਦ :

ਭਗਤ ਪਰਮਾਨੰਦ ਦੇ ਜੀਵਨ ਕਾਲ ਬਾਰੇ ਬਹੁਤੇ ਵੇਰਵੇ ਉਪਲਬਧ ਨਹੀਂ ਹੁੰਦੇ । ਆਪ ਮਹਾਂਰਾਸ਼ਟਰ ਵਿਚ ਪੰਡਰਪੁਰ ਦੇ ਰਹਿਣ ਵਾਲੇ ਸਨ । ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ ਇਕ ਸ਼ਬਦ ਮਿਲਦਾ ਹੈ ਜਿਸ ਵਿਚ ਆਪ ਨੇ ਅਨਿੰਨ ਭਗਤੀ ਦੀ ਮਹਾਨਤਾ ਦਰਸਾਈ ਹੈ । ਉੱਚੇ ਤੇ ਸੁੱਚੇ ਸਦਾਚਾਰ ਤੇ ਬਲ, ਦਇਆ ਕਰਨੀ ਅਤੇ ਸਤਿਸੰਗਤ ਆਪ ਦੇ ਮੂਲ ਉਪਦੇਸ਼ ਹਨ ।[1]

ਗੁਰੂ ਕਵੀ :

ਗੁਰੂ ਨਾਨਕ ਦੇਵ :

ਗੁਰੂ ਨਾਨਕ ਮੱਧਕਾਲ ਵਿਚ ਇਕ ਯੁੱਗ-ਪੁਰਸ਼ ਹੋਏ ਹਨ । ਆਪ ਦਾ ਜੀਵਨ ਕਾਲ 1469ਈ. ਤੋਂ 1539ਈ. ਸੀ । ਆਪ ਮਾਤਾ ਤ੍ਰਿਪਤਾ ਅਤੇ ਪਿਤਾ ਕਲਿਆਣ ਰਾਏ ਦੇ ਘਰ ਪਿੰਡ ਤਲਵੰਡੀ (ਪਾਕਿਸਤਾਨ) ਵਿਚ ਪੈਦਾ ਹੋਏ । ਮੋਹ-ਮਾਇਆ ਨਾਲੋਂ ਸਾਧਾਂ-ਸੰਤਾਂ ਦੀ ਸੰਗਤ ਵੱਲ ਵਧੇਰੇ ਰੁਚਿਤ ਸਨ । ਬਚਪਨ ਤੋਂ ਆਪ ਅਸਾਧਾਰਣ ਰੁਚੀਆਂ ਦੇ ਮਾਲਕ ਸਨ । ਵਿਆਹ ਤੋਂ ਪਿਛੋਂ ਆਪ ਦੇ ਘਰ ਦੋ ਪੁੱਤਰ ਵੀ ਹੋਏ, ਪਰ ਘਰ-ਗ੍ਰਿਹਸਥੀ ਆਪ ਦੀ ਮਹਾਨ ਸੋਚ ਨੂੰ ਨਾ ਜਕੜ ਸਕੀ ।

---

1. ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ।।
ਅਨਪਾਵਨੀ ਭਗਤਿ ਨਹੀ ਉਪਜੀ ਭੂਖੇ ਦਾਨੁ ਨ ਦੀਨਾ ।। ਰਹਾਉ ।।
ਕਾਮੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ।।
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ।।
ਬਾਟਿ ਪਾਰਿ ਘਰੁ ਮੂਸਿ ਬਿਰਾਨੋ ਪੇਟ ਭਰੈ ਅਪਾਧੀ ।।
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ।।
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ।।
ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ।।
"ਆਦਿ ਗ੍ਰੰਥ", ਰਾਗ ਸਾਰੰਗ, ਪਰਮਾਨੰਦ, ਪੰ:1253.

ਆਪ ਨੇ ਚਾਰ ਦਿਸ਼ਾਵਾਂ ਵਿਚ ਭ੍ਰਮਣ ਕੀਤਾ ਜੋ ਕਿ ਚਾਰ ਉਦਾਸੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਉਦਾਸੀਆਂ ਸਮੇਂ ਆਪ ਨੇ ਹਿੰਦੂ, ਬੋਧ, ਜੈਨ ਧਰਮ ਅਤੇ ਵੇਦਾਂਤੀਆਂ ਨਾਲ ਭਾਰਤ ਵਿਚ ਭੇਂਟ ਵਾਰਤਾ ਕੀਤੀ ਅਤੇ ਕਨਫਿਊਸੀਨਿਜ਼ਮ, ਤਾਓਮਤ, ਸ਼ਿੰਤੋਮਤ, ਇਸਲਾਮ, ਯਹੂਦੀ ਤੇ ਇਸਾਈ ਅਤੇ ਜ਼ੋਰੋਸਟਰ ਆਦਿ ਧਰਮਾਂ ਅਤੇ ਮਤਾਂ ਦੇ ਅਵਲੰਬੀਆਂ ਨਾਲ ਭਾਰਤ ਤੋਂ ਬਾਹਰ ਭ੍ਰਮਣ ਕੀਤਾ।[1] ਡਾ. ਤਾਰਨ ਸਿੰਘ ਅਨੁਸਾਰ "ਆਪ ਦੀ ਪ੍ਰਤਿਭਾ ਸਮੁੱਚੇ ਭਾਰਤੀ ਜੀਵਨ ਵਿਚ ਇਕ ਚਮਤਕਾਰ ਸੀ, ਜਿਸ ਪ੍ਰਕਾਰ ਦਾ ਚਮਤਕਾਰ ਸ਼ੰਕਰ ਤੇ ਗੋਰਖ ਵਿਚ ਸੀ।"[2] ਆਪ ਦੁਆਰਾ ਰਚਿਤ ਬਾਣੀ ਦਾ ਵੇਰਵਾ ਇਹ ਹੈ :

ਪਦੇ 207
ਅਸ਼ਟਪਦੀਆਂ 121
ਛੰਤ 24
ਪਉੜੀਆਂ 116
ਸਲੋਕ 259
ਮੰਤ੍ਰ 1
ਪਹਰੇ 2
ਅਲਾਹਣੀਆਂ 5
ਕੁਚੱਜੀ ਸੁਚੱਜੀ 2
ਸੋਹਲੇ 22
ਪਦ 199 (ਪਟੀ, ਥਿਤੀ, ਓਅੰਕਾਰ, ਗੋਸਟਿ, ਬਾਰਹਮਾਹ)
ਕੁਲ ਜੋੜ 958
ਕੁਲ ਰਾਗ 19

---

1. Dr.S.S.Kohli,"Philosophy of Guru Nanak", 'Introduction'

2. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿੱਤਕ ਇਤਿਹਾਸ", ਪੰ: 242.

ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ "ਆਦਿ ਗ੍ਰੰਥ" ਤੋਂ ਬਾਹਰ ਵੀ ਗੁਰੂ ਨਾਨਕ ਬਾਣੀ ਦਾ ਵੇਰਵਾ ਨਿਮਨ ਅਨੁਸਾਰ ਦਿੱਤਾ ਹੈ :

(ੳ) ਪ੍ਰਾਣ ਸੰਗਲੀ
(ਅ) ਖਾਰੀ ਬੀੜ ਵਿਚ ਸੰਕਲਿਤ ਵਾਧੂ ਬਾਣੀ
(ੲ) ਨਾਮਾ ਸਾਹਿੱਤ ।[1]

ਪਰੰਤੂ ਡਾ. ਰਤਨ ਸਿੰਘ ਜੱਗੀ ਅਨੁਸਾਰ, "ਗੁਰੂ ਨਾਨਕ ਦੀ ਕੇਵਲ ਇਹੀ ਬਾਣੀ ਪ੍ਰਮਾਣਿਕ ਹੈ ਜੋ ਪੰਜਵੇਂ ਗੁਰੂ ਦਆਰਾ 'ਆਦਿ ਗ੍ਰੰਥ' ਵਿਚ ਸੰਕਲਿਤ ਕੀਤੀ ਗਈ ਸੀ । ਉਨ੍ਹਾਂ ਦੇ ਨਾਂ ਨਾਲ ਸੰਬੰਧਿਤ 'ਆਦਿ ਗ੍ਰੰਥ' ਤੋਂ ਬਾਹਰਲੀ ਬਾਣੀ ਨਿਸਚੈ ਹੀ ਗੁਰੂ ਨਾਨਕ ਦੀ ਰਚਨਾ ਨਹੀਂ ਹੈ ।[2] ਡਾ. ਤਾਰਨ ਸਿੰਘ ਦਾ ਕਹਿਣਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਸਾਰੀ ਬਾਣੀ ਅਖੰਡ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ।[3]

ਗੁਰੂ ਨਾਨਕ ਦੀ ਬਾਣੀ ਵਿਚ ਬ੍ਰਹਮ, ਜੀਵਾਤਮਾ, ਪ੍ਰਕ੍ਰਿਤੀ, ਗੁਰੂ-ਭਗਤੀ, ਨਾਮ-ਭਗਤੀ ਅਤੇ ਧਰਮਾਚਾਰ ਆਦਿ ਅਧਿਆਤਮਕ ਵਿਸ਼ੇ ਛੂਹੇ ਗਏ ਹਨ । ਆਪ ਸਮਾਜਕ ਤੇ ਰਾਜਸੀ ਬੁਰਾਈਆਂ ਦਾ ਜ਼ਿਕਰ ਵੀ ਨਾਲ ਕਰਦੇ ਹਨ ।

ਗੁਰੂ ਅੰਗਦ ਦੇਵ :

ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ 'ਲਹਿਣਾ' ਸੀ । ਆਪ ਦਾ ਜਨਮ ਸੰਮਤ 1561 (1504ਈ.) ਵਿਸਾਖ ਇਕਾਦਸ਼ੀ ਨੂੰ ਮੱਤੇ ਦੀ ਸਰਾਂ(ਫਿਰੋਜ਼ਪੁਰ) ਵਿਚ ਹੋਇਆ । ਆਪ ਦੇ ਮਾਤਾ ਪਿਤਾ ਸਭਰਾਈ ਜੀ ਅਤੇ ਫੇਰੂ ਜੀ ਸਨ। ਆਪ ਜੀ

---

1. "ਗੁਰੂ ਨਾਨਕ ਤੇ ਨਿਰਗੁਣ ਧਾਰਾ", ਪੰ:25.
2. "ਗੁਰੂ ਨਾਨਕ ਬਾਣੀ", ਪੰ:58 (ਭੂਮਿਕਾ)
3. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿੱਤਕ ਇਤਿਹਾਸ", ਪੰ: 243.

दा विआह संन 1515ई. विच बीबी खीवी जी नाल होइआ । आप ਦੇ ਘਰ ਦੋ ਲੜਕੇ (ਦਾਸੂ ਜੀ ਅਤੇ ਦਾਤੂ ਜੀ) ਅਤੇ ਇਕ ਲੜਕੀ (ਬੀਬੀ ਅਮਰੋ ਜੀ) ਹੋਏ ।

ਆਰੰਭ ਵਿਚ ਆਪ ਦੇਵੀ ਦੇ ਭਗਤ ਸਨ ਅਤੇ ਵੈਸ਼ਣਵ ਭਗਤੀ ਨਾਲ ਓਤਪੋਤ ਸਨ । ਇਕ ਦਿਨ ਆਪ ਨੇ ਭਾਈ ਜੋਧਾ ਜੀ ਪਾਸੋਂ 'ਆਸਾ ਦੀ ਵਾਰ' ਦਾ ਇਕ ਭਾਗ ਸੁਣਿਆ ਤਾਂ ਆਪ ਦੇ ਮਨ ਵਿਚ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦੀ ਤਾਂਘ ਜਾਗੀ । ਸੰਨ 1532 ਵਿਚ ਆਪ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਅਤੇ 1539 ਵਿਚ ਆਪ ਨੂੰ ਗੁਰਗੱਦੀ ਪ੍ਰਾਪਤ ਹੋਈ ।

ਗੁਰੂ ਅੰਗਦ ਦੇਵ ਜੀ ਦੀ ਸਾਰੀ ਬਾਣੀ ਗੁਰ-ਗੱਦੀ ਪ੍ਰਾਪਤ ਹੋਣ ਤੋਂ ਪਿਛੋਂ ਦੀ ਹੈ ਅਤੇ 'ਆਦਿ ਗ੍ਰੰਥ' ਵਿਚ ਦਰਜ ਹੈ । ਆਪ ਦੀ ਰਚਨਾ 10 ਰਾਗਾਂ ਵਿਚ ਹੈ । ਕੁਲ ਸਲੋਕ 62 ਹਨ । ਆਪ ਦੀ ਬਾਣੀ ਦਾ ਆਕਾਰ ਭਾਵੇਂ ਬਹੁਤ ਥੋੜ੍ਹਾ ਹੈ, ਪਰ ਗੁਰੂ ਨਾਨਕ ਸਾਹਿਬ ਦੇ ਦ੍ਰਿੜਾਏ ਸਾਰੇ ਬੁਨਿਆਦੀ ਦਾਰਸ਼ਨਿਕ, ਧਾਰਮਿਕ ਤੇ ਸਮਾਜਕ ਤੱਤ ਉਨ੍ਹਾਂ ਦੀ ਰਚਨਾ ਵਿਚ ਆਏ ।[1] ਆਪ ਦੀ ਦਾਰਸ਼ਨਿਕ ਦ੍ਰਿਸ਼ਟੀ ਪ੍ਰਭੂ ਦੇ ਏਕਤਵ ਨੂੰ ਦ੍ਰਿੜਾਂਦੀ[2], ਉਸ ਪ੍ਰਭੂ-ਪਿਤਾ ਨੂੰ ਪ੍ਰਾਪਤ ਕਰਨ ਲਈ ਸਵੈ-ਪੜਚੋਲ ਤੇ ਬਲ ਦਿੰਦੀ[3] ਅਤੇ ਗੁਰੂ ਦੀ ਮਹਾਨਤਾ ਨੂੰ ਪਰਪੱਕ ਕਰਦੀ ਹੈ ।[4]

---

1. ਡਾ. ਤਾਰਨ ਸਿੰਘ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ", ਪੰ:314.

2. 'ਸਭਨਾ ਸਾਹਿਬ ਏਕੁ ਹੈ'
"ਆਦਿ ਗ੍ਰੰਥ", ਪੰ:1238.

3. 'ਨਾਨਕ ਪਰਖੇ ਆਪ ਕਉ ਤ ਪਾਰਖੁ ਜਾਣ'
"ਉਹੀ", ਰਾਗ ਮਾਝ ਮਹਲਾ ੧, ਪੰ:148.

4. ਗੁਰੁ ਕੁੰਜੀ, ਪਾਹੂ ਨਿਵਲੁ, ਮਨੁ ਕੋਠਾ, ਤਨੁ ਛਤਿ ।।
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ, ਅਵਰ ਨ ਕੁੰਜੀ ਹਥਿ।।
"ਉਹੀ", ਰਾਗ ਸਾਰੰਗ ਮਹਲਾ 5, ਪੰ:1237.

ਗੁਰੂ ਅਮਰਦਾਸ :

ਗੁਰੂ ਅਮਰਦਾਸ ਜੀ ਦਾ ਜਨਮ 5 ਮਈ, 1479 ਨੂੰ ਪਿੰਡ ਬਾਸਰਕੇ (ਅੰਮ੍ਰਿਤਸਰ) ਵਿਖੇ ਹੋਇਆ । ਆਪ ਦੇ ਪਿਤਾ ਤੇਜ ਭਾਨ (ਭੱਲਾ) ਵਾਹੀ ਤੇ ਦੁਕਾਨਦਾਰੀ ਕਰਦੇ ਸਨ । ਆਪ ਦੇ ਮਾਤਾ ਜੀ ਦਾ ਨਾਮ ਰਾਮ ਕੌਰ, ਜੋ ਬਹੁਤ ਹੀ ਪਵਿੱਤਰ ਵਿਚਾਰਾਂ ਵਾਲੇ ਸਨ । ਸੰਨ 1502 ਵਿਚ ਆਪ ਦੀ ਸ਼ਾਦੀ ਹੋਈ ਅਤੇ ਆਪ ਦੇ ਘਰ ਦੋ ਬੱਚੇ ਮੋਹਨ ਤੇ ਮੋਹਰੀ ਅਤੇ ਦੋ ਲੜਕੀਆਂ ਦਾਨੀ ਤੇ ਭਾਨੀ ਹੋਈਆਂ ।

ਆਪ ਨੇ ਗੁਰਗੱਦੀ ਤੇ ਸਸ਼ੋਭਿਤ ਹੋਣ ਉਪਰੰਤ 72 ਸਾਲ ਦੀ ਆਯੂ ਵਿਚ ਬਾਣੀ ਰਚਨ ਦਾ ਕਾਰਜ ਪ੍ਰਾਰੰਭ ਕੀਤਾ ਜੋ ਕਿ 22 ਸਾਲ ਚੱਲਿਆ । ਆਪ ਨੇ 17 ਰਾਗਾਂ ਵਿਚ 907 ਸ਼ਬਦ ਸਮੇਤ ਪਉੜੀਆਂ ਅਤੇ ਸਲੋਕਾਂ ਦੇ ਰਚੇ ।

ਗੁਰੂ ਅਮਰਦਾਸ ਜੀ ਭੇਖ ਰਹਿਤ ਜੀਵਨ ਬਤੀਤ ਕਰਕੇ[1], ਗੁਰਮੁਖਾਂ ਦੀ ਕਾਰ ਕਮਾਕੇ[2], ਹਰਿ ਨਾਮ ਦੀ ਪ੍ਰਾਪਤੀ ਤੇ ਬਲ ਦਿੰਦੇ ਹਨ ।[3] ਆਪ ਆਪਣੇ ਨਿਰਗੁਣ ਪਰਮਾਤਮਾ ਨੂੰ ਬੋਧ-ਸਿੱਖ, ਸ਼ਬਦਾਵਲੀ ਦੇ 'ਸਹਜ' ਸ਼ਬਦ ਦੁਆਰਾ ਪ੍ਰਸਤੁਤ ਕਰਦੇ ਹਨ । ਇਹ 'ਸਹਜ ਪਦ' ਜਾਂ 'ਆਨੰਦ' ਦੀ ਅਵਸਥਾ ਹੀ ਹੈ ਜਿਸ ਦੀ ਪ੍ਰਾਪਤੀ ਦੀ ਸਾਰੇ ਅਕਾਂਖਿਆ ਕਰਦੇ ਹਨ ।[4]

---

1. ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥
"ਆਦਿ ਗ੍ਰੰਥ", ਸਿਰੀ ਰਾਗ ਮਹਲਾ 3, ਪੰ:26.
2. ਗੁਰਮੁਖਿ ਕਾਰ ਕਮਾਵਣੀ ਕਚੁ ਘਟਿ ਪਰਗਟੁ ਹੋਇ ॥
"ਉਹੀ", ਸਿਰੀ ਰਾਗ ਮਹਲਾ 3, ਪੰ:27.
3. ਸੁਖੁ ਸਾਗਰ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥
"ਉਹੀ", ਸਿਰੀ ਰਾਗ ਮਹਲਾ 3, ਪੰ:25.
4. ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥
"ਉਹੀ", ਸਿਰੀ ਰਾਗ ਮਹਲਾ 3, ਪੰ:68.

ਗੁਰੂ ਰਾਮਦਾਸ :

ਗੁਰੂ ਰਾਮਦਾਸ ਜੀ ਦਾ ਮੁੱਢਲਾ ਨਾਮ 'ਜੇਠਾ ਜੀ' ਸੀ । ਆਪ ਦਾ ਜਨਮ ਕਤਕ ਵਦੀ ਦੂਜ ਸੰਮਤ 1591 (1534ਈ.) ਨੂੰ ਲਾਹੌਰ ਵਿਚ ਹੋਇਆ । ਆਪ 9 ਸਾਲ ਦੀ ਉਮਰ ਵਿਚ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਆਏ । ਆਪ ਦਾ ਵਿਆਹ ਗੁਰੂ ਅਮਰਦਾਸ ਜੀ ਦੀ ਪੁੱਤਰੀ ਬੀਬੀ ਭਾਨੀ ਜੀ ਨਾਲ ਹੋਇਆ । ਆਪ ਦੇ ਘਰ ਤਿੰਨ ਪੁੱਤਰ — ਪ੍ਰਿਥੀ ਚੰਦ, ਮਹਾਦੇਵ ਅਤੇ ਗੁਰੂ ਅਰਜਨ ਦੇਵ ਜੀ ਪੈਦਾ ਹੋਏ । ਸੰਮਤ 1631 ਬਿ. ਵਿਚ ਆਪ ਨੂੰ ਗੁਰਗੱਦੀ ਦਾ ਪਦ ਭਾਰ ਪ੍ਰਾਪਤ ਹੋਇਆ ਅਤੇ ਸੰਨ 1581ਈ. ਨੂੰ ਆਪ ਜੋਤੀ-ਜੋਤਿ ਸਮਾ ਗਏ ।

ਗੁਰੂ ਰਾਮਦਾਸ ਜੀ ਦੀ ਸਾਰੀ ਬਾਣੀ 'ਆਦਿ ਗ੍ਰੰਥ' ਵਿਚ ਦਰਜ ਹੈ । ਆਪ ਨੇ 'ਆਦਿ ਗ੍ਰੰਥ' ਵਿਚ ਸੰਕਲਿਤ ਸਾਰੇ ਹੀ ਕਾਵਿ-ਰੂਪਾਂ ਵਿਚ ਬਾਣੀ ਰਚੀ, ਪਰੰਤੂ ਪ੍ਰਮੁੱਖ ਤੌਰ ਤੇ ਆਪ ਵਾਰਕਾਰ ਸਨ । ਆਪ ਦੇ ਕੁਲ 675 ਪਦੇ ਹਨ ਜੋ 30 ਰਾਗਾਂ ਵਿਚ ਹਨ । ਆਪ ਦੀ ਰਚਨਾ ਵਿਚ ਦਰਸ਼ਨ ਦੇ ਸਭ ਵਿਸ਼ੇ, ਜਿਵੇਂ ਬ੍ਰਹਮ, ਆਤਮਾ, ਪ੍ਰਕ੍ਰਿਤੀ, ਬੰਧਨ ਤੇ ਮੁਕਤੀ, ਧਾਰਮਿਕ ਵਿਸ਼ੇ, ਜਿਵੇਂ — ਗੁਰੂ, ਨਾਮ, ਮਨ ਆਦਿ ਅਤੇ ਇਸ ਸਭ ਤੋਂ ਅਤਿਰਿਕਤ ਅਦਵੈਤਵਾਦ[1], ਗੁਰੂ-ਭਗਤੀ[2], ਵੈਰਾਗ ਭਾਵਨਾ[3] ਅਤੇ ਰੱਬੀ ਪ੍ਰੇਮ[4] ਆਦਿ ਲਏ ਗਏ ਹਨ ।

---

1. ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਸਭਿ ਲੋਇ ।।
"ਆਦਿ ਗ੍ਰੰਥ", ਰਾਗ ਸੋਰਠ, ਮਹਲਾ 8, ਪੰ: 373.

2. ਸਾ ਧਰਤਿ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ।।
"ਉਹੀ", ਗਉੜੀ ਵਾਰ, ਮਹਲਾ 4, ਪੰ: 310.

3. ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ ।।
"ਉਹੀ", ਰਾਗ ਤੁਖਾਰੀ, ਮਹਲਾ 4, ਪੰ: 1113.

4. ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ।।
ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ।।
"ਉਹੀ", ਰਾਗ ਪ੍ਰਭਾਤੀ, ਮਹਲਾ 4, ਪੰ: 1337.

ਗੁਰੂ ਅਰਜਨ ਦੇਵ :

ਗੁਰੂ ਅਰਜਨ ਦੇਵ ਜੀ ਦਾ ਜਨਮ 1563ਈ. ਨੂੰ ਗੋਇੰਦਵਾਲ ਵਿਖੇ ਪਿਤਾ-ਗੁਰੂ ਰਾਮਦਾਸ ਅਤੇ ਮਾਤਾ ਬੀਬੀ ਭਾਨੀ ਜੀ ਦੇ ਘਰ ਹੋਇਆ। 1581ਈ. ਵਿਚ ਆਪ ਨੂੰ ਗੁਰਗੱਦੀ ਪ੍ਰਾਪਤ ਹੋਈ । ਗੁਰੂ ਹਰਗੋਬਿੰਦ ਸਾਹਿਬ ਆਪ ਦੀ ਇਕੋ ਇਕ ਸੰਤਾਨ ਸਨ । ਆਪ ਨੇ ਆਪਣੇ ਜੀਵਨ-ਕਾਲ ਵਿਚ ਦੋ ਮਹਾਨ ਕਾਰਜ ਸੰਪੰਨ ਕੀਤੇ — ਹਰਿਮੰਦਰ (ਅੰਮ੍ਰਿਤਸਰ) ਦਾ ਨਿਰਮਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ। 'ਆਦਿ ਗ੍ਰੰਥ' ਦੀ ਸੰਪਾਦਨਾ ਬਾਰੇ ਡਾ.ਧਰਮ ਸਿੰਘ ਦਾ ਮਤ ਹੈ : "ਸੰਪਾਦਕ ਗੁਰੂ ਅਰਜਨ ਦੇਵ ਜੀ ਪਾਸ ਕਾਵਿ-ਪ੍ਰਤਿਭਾ, ਰਾਗ ਵਿਦਿਆ ਦੀ ਡੂੰਘੀ ਸੂਝ, ਕਾਵਿ ਸ਼ਾਸਤ੍ਰ ਦੀ ਵਿਸ਼ਾਲ ਜਾਣਕਾਰੀ ਅਤੇ ਸਭ ਤੋਂ ਵੱਧ ਇਹ ਕਿ ਇਕ ਨਿਸ਼ਚਿਤ ਸੰਪਾਦਕੀ ਵਿਉਂਤ ਸੀ ਜਿਸ ਕਰਕੇ ਉਹ ਗੁਰੂ ਗ੍ਰੰਥ ਸਾਹਿਬ ਨੂੰ ਇਕ ਯੋਜਨਾਬੱਧ ਰੂਪ ਦੇ ਸਕੇ ।[1] 30 ਮਈ,1606 ਈ. ਨੂੰ ਲਾਹੌਰ ਵਿਚ ਆਪ ਨੂੰ ਜਹਾਂਗੀਰ ਬਾਦਸ਼ਾਹ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ।

ਆਪ ਦੀ ਸਾਰੀ ਰਚਨਾ 'ਆਦਿ ਗ੍ਰੰਥ' ਵਿਚ ਦਰਜ ਹੈ । ਆਪ ਨੇ 30 ਰਾਗਾਂ ਵਿਚ ਕਾਵਿ-ਰਚਨਾ ਕੀਤੀ। ਆਪ ਦੇ ਪਦਿਆਂ ਦੀ ਕੁਲ ਗਿਣਤੀ 2218 ਹੈ । ਆਪ ਤਾਂ 'ਜਨਮ-ਜਾਤ ਕਵੀ, ਅਮਲੀ ਫਿਲਾਸਫਰ, ਸ਼ਕਤੀਸ਼ਾਲੀ ਪ੍ਰਬੰਧਕ ਅਤੇ ਮਹਾਨ ਰਾਜਨੀਤੀਵੇਤਾ ਸਨ।[2] ਆਪ ਦਾ ਪ੍ਰਭੂ-ਨਿਰੰਕਾਰ ਨਿਰਗੁਣ ਹੈ[3] ਜੋ ਸਭ ਵਿਚ ਰਮਿਆ ਹੈ ।[4]

---

1. 'ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਸੰਪਾਦਕੀ ਸੂਚਨਾਵਾਂ',"ਪੰਜਾਬੀ ਦੁਨੀਆ", (ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ), ਪੰਨਾ 153, ਜਨਵਰੀ 1988.
2. Dr. Gokul Chand Narang, "Transformation of Sikhism",P.62.
3. ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕੇ ।।
   "ਆਦਿ ਗ੍ਰੰਥ", ਰਾਗ ਗਉੜੀ ਮਹਲਾ 5, ਪੰ:261.
4. ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ।।
   "ਉਹੀ", ਰਾਗ ਗਉੜੀ ਮਹਲਾ 5, ਪੰ:250.

ਗੁਰੂ ਤੇਗ ਬਹਾਦਰ :

ਆਪ ਦਾ ਜਨਮ ਵਿਸਾਖ ਵਦੀ 5 ਸੰਮਤ 1678 (1621ਈ.) ਨੂੰ ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਦੇ ਉਦਰ ਤੋਂ ਹੋਇਆ । ਆਪ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚੌਥੀ ਸੰਤਾਨ ਸਨ । ਆਪ ਦਾ ਵਿਆਹ ਕਰਤਾਰਪੁਰ ਦੇ ਖੱਤਰੀ ਭਾਈ ਲਾਲ ਜੀ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਸੰਮਤ 1686 ਨੂੰ ਹੋਇਆ । ਆਪ ਦੇ ਗ੍ਰਹਿ ਵਿਖੇ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਮਕਰਣ ਗੋਬਿੰਦ ਰਾਇ ਕਰਕੇ ਕੀਤਾ ਗਿਆ । ਆਪ ਗੁਰਗੱਦੀ ਤੇ ਗਿਆਰਾਂ ਕੁ ਸਾਲ ਬਿਰਾਜਮਾਨ ਰਹੇ ਅਤੇ 11 ਨਵੰਬਰ, ਸੰਨ 1675 ਨੂੰ ਆਪ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦ ਕਰ ਦਿੱਤਾ ਗਿਆ ।

ਆਪ ਗੰਭੀਰ ਤੇ ਤਿਆਗੀ ਸੁਭਾ ਦੇ ਮਾਲਕ ਸਨ । ਆਪ ਦੇ ਪਿਤਾ ਜੀ ਵੱਲੋਂ ਦਿੱਤੇ ਗਏ ਮੀਰੀ ਪੀਰੀ ਦੇ ਸਿੱਧਾਂਤ ਦਾ ਆਪ ਉਪਰ ਗਹਿਰਾ ਪ੍ਰਭਾਵ ਸੀ । ਗੁਰਿਆਈ ਮਿਲਦਿਆਂ ਹੀ ਆਪ ਦਾ ਕਈ ਪਾਸਿਆਂ ਤੋਂ ਵਿਰੋਧ ਹੋਇਆ । ਫਲਸਰੂਪ ਆਪ ਵਿਚ ਸਹਿਨਸ਼ੀਲਤਾ ਵਧੀ । ਔਰੰਗਜ਼ੇਬ ਦੀ ਜੇਹਲ ਦੇ ਕਸ਼ਟਾਂ ਨੇ ਆਪ ਦੀ ਸ਼ਖ਼ਸੀਅਤ ਨੂੰ ਹੋਰ ਵੀ ਚਮਕਾਇਆ ।

ਆਪ ਨੇ 57 ਸਲੋਕਾਂ ਦੀ ਰਚਨਾ ਜੋ ਸ਼ਲੋਕ ਵਾਰਾਂ ਤੋਂ ਵਧੀਕ ਦੇ ਭਾਗ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ ।

ਰਚਨਾ :

ਆਪ ਨੇ ਕੇਵਲ 59 ਪਦੇ ਤੇ 57 ਸਲੋਕ ਰਚੇ ਹਨ ਜਿਸ ਦਾ ਵੇਰਵਾ ਨਿਮਨ-ਲਿਖਤ ਹੈ :

| ਰਾਗ | ਪਦੇ | ਸ਼ਲੋਕ |
|---|---|---|
| ਗਉੜੀ | 9 | - |
| ਆਸਾ | 1 | - |
| ਦੇਵਗੰਧਾਰੀ | 3 | - |
| ਬਿਹਾਗੜਾ | 1 | - |

| | | |
|---|---|---|
| ਸੋਰਠਿ | 12 | - |
| ਜੈਤਸਿਰੀ | 3 | - |
| ਧਨਾਸਰੀ | 4 | - |
| ਟੋਡੀ | 1 | - |
| ਤਿਲੰਗ | 3 | - |
| ਬਿਲਾਵਲ | 3 | - |
| ਰਾਮਕਲੀ | 3 | - |
| ਮਾਰੂ | 3 | - |
| ਬਸੰਤ | 5 | - |
| ਸਾਰੰਗ | 4 | - |
| ਜੈਜਾਵੰਤੀ | 4 | - |
| ਸ਼ਲੋਕ ਵਾਰਾਂ ਤੋਂ ਵਧੀਕ | - | 57 |
| | 59 | 57 |

ਆਪ ਦੀ ਬਾਣੀ ਭਾਵੇਂ ਆਕਾਰ ਵਿਚ ਬਹੁਤ ਥੋੜ੍ਹੀ ਹੈ, ਪਰੰਤੂ ਆਪ ਦੀ ਬਾਣੀ ਨੂੰ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਤੋਂ ਨਿਖੇੜਣਾ ਅਤਿ ਸੁਖਾਲਾ ਹੈ। ਡਾ. ਤਾਰਨ ਸਿੰਘ ਅਨੁਸਾਰ ਉਨ੍ਹਾਂ ਦੇ ਇਕ ਇਕ ਅੱਖਰ ਉਤੇ ਉਨ੍ਹਾਂ ਦੀ ਸ਼ਖ਼ਸੀਅਤ, ਵਿਚਾਰਧਾਰਾ ਤੇ ਕਲਾ ਕੌਸ਼ਲਤਾ (ਸ਼ਬਦਾਵਲੀ, ਬੋਲੀ ਦੀ ਹਿੰਦੀ ਰੰਗਤ ਤੇ ਪੌਰਾਣਿਕ ਹਵਾਲਿਆਂ) ਦੀ ਮੋਹਰ ਹੈ ...ਆਪ ਦੀ ਰਚਨਾ ਵਿਸ਼ੇਸ਼ ਕਰਕੇ ਵੈਰਾਗ, ਉਦਾਸੀਨਤਾ ਤੇ ਵਿਯੋਗ ਦੇ ਸਮਿਆਂ ਸੰਸਕਾਰਾਂ ਤੇ ਗਾਈ ਜਾਂਦੀ ਹੈ। ਇਹ ਤੇ ਨਹੀਂ ਕਿਹਾ ਜਾ ਸਕਦਾ ਕਿ ਇਹ ਰਚਨਾ ਸੋਗੀ ਵਾਯੂ-ਮੰਡਲ ਨੂੰ ਉਤਸ਼ਾਹ ਉਮਾਹ ਵਿਚ ਬਦਲ ਦਿੰਦੀ ਹੈ ਅਤੇ ਨਾ ਹੀ ਇਹ ਕਰਤਾ ਦਾ ਮੰਤਵ ਸੀ, ਪਰ ਨਿਰਸੰਦੇਹ ਇਹ ਤਣੇ ਹੋਏ ਸੋਗੀ ਮੰਡਲ ਦੀਆਂ ਕਸਕਾਂ ਢਿੱਲੀਆਂ ਕਰ ਦਿੰਦੀ ਹੈ।[1]

---

1. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ", ਪੰ: 433.

ਇਸ ਤਰ੍ਹਾਂ ਇਹ ਨਿਰਗੁਣ-ਕਾਵਿਧਾਰਾ ਦਾ ਪ੍ਰਵਾਹ ਨਿਰੰਤਰ ਜਾਰੀ ਰਿਹਾ ਤੇ ਇਸ ਵਿਚਾਰਧਾਰਾ ਦੇ ਤੱਤ ਹੋਰ ਕਵੀਆਂ ਵਿਚ ਵੀ ਪ੍ਰਗਟ ਹੋਏ, ਪਰੰਤੂ ਇਕ ਤਾਂ ਉਕਤ ਸਰਵੇਖਣ ਦੇ ਅੰਤਰਗਤ ਆਏ ਕਵੀਆਂ ਦੀ ਰਚਨਾਵਾਂ ਨਾਲ ਇਹ ਵਿਚਾਰਧਾਰਾ ਚਰਮ-ਸੀਮਾ ਤਕ ਪਹੁੰਚੀ ਤੇ ਦੂਸਰਾ ਸਾਡੇ ਖੋਜ-ਕਾਰਜ ਦਾ ਦਾਇਰਾ ਗੁਰੂ ਗ੍ਰੰਥ ਸਾਹਿਬ ਤੱਕ ਹੀ ਸੀਮਤ ਹੋਣ ਕਰਕੇ ਅਸੀਂ ਪਿਛਲੇਰੇ ਨਿਰਗੁਣ ਕਵੀਆਂ ਦੀ ਚਰਚਾ ਕਰਨਾ ਤਰਕ-ਸੰਗਤ ਨਹੀਂ ਸਮਝਦੇ ।

<u>ਨਿਰਗੁਣ- ਕਾਵਿ ਦੇ ਮੋਢੀ ਭਗਤ ਨਾਮਦੇਵ :</u>

ਪੰਜਾਬੀ ਦੇ ਨਿਰਗੁਣ-ਕਾਵਿ ਦਾ ਸਰਵੇਖਣ ਕਰਨ ਉਪਰੰਤ ਅਸੀਂ ਇਸ ਨਿਸ਼ਕਰਸ਼ ਤੇ ਪਹੁੰਚਦੇ ਹਾਂ ਕਿ ਭਾਵੇਂ ਇਹ ਕਾਵਿਧਾਰਾ ਇਕ ਲੰਮੇ ਸਮੇਂ ਤਕ ਨਿਰੰਤਰ ਜਾਰੀ ਰਹੀ, ਪਰੰਤੂ ਸਾਰੇ ਨਿਰਗੁਣ ਕਵੀਆਂ ਜੋ ਕ੍ਰਮ ਅਨੁਸਾਰ ਭਗਤ ਨਾਮਦੇਵ ਦੇ ਪਿਛਲੇਰੇ ਕਵੀ ਹਨ, ਉਨ੍ਹਾਂ ਦੀ ਵਿਚਾਰਧਾਰਾ ਉਪਰ ਭਗਤ ਨਾਮਦੇਵ ਦਾ ਪ੍ਰਭਾਵ ਅਵੱਸ਼ ਹੀ ਪਿਆ । ਇਸ ਤੋਂ ਇਲਾਵਾ ਇਹ ਧਾਰਨਾ ਵੀ ਆਪਣੀ ਥਾਂ ਸਹੀ ਪ੍ਰਤੀਤ ਹੁੰਦੀ ਹੈ ਕਿ ਜਿਸ ਕਾਵਿਧਾਰਾ ਦਾ ਪ੍ਰਵਰਤਕ ਹੁਣ ਤਕ ਗੁਰੂ ਨਾਨਕ ਦੇਵ ਜੀ ਨੂੰ ਮੰਨਿਆ ਜਾਂਦਾ ਰਿਹਾ ਹੈ, ਉਸ ਕਾਵਿਧਾਰਾ ਦੀਆਂ ਸਭ ਪ੍ਰਵਿਰਤੀਆਂ/ ਰੁਚੀਆਂ ਭਗਤ ਨਾਮਦੇਵ ਵਿਚ ਉਪਲਬਧ ਹਨ। ਅਜ ਤਕ ਵਿਦਵਾਨ ਭਗਤ ਨਾਮਦੇਵ ਨੂੰ ਇਸ ਕਾਵਿਧਾਰਾ ਦਾ ਪ੍ਰਵਰਤਕ ਮੰਨਣ ਤੋਂ ਹਿਚਕਚਾਂਦੇ ਰਹੇ ਹਨ, ਭਾਵੇਂ ਕਿ ਉਹ ਕਿਸੇ ਨਾ ਕਿਸੇ ਰੂਪ ਵਿਚ ਇਸ ਗੱਲ ਵੱਲ ਇਸ਼ਾਰਾ ਜ਼ਰੂਰ ਕਰ ਜਾਂਦੇ ਹਨ ।

ਸਾਡੀ ਇਸ ਧਾਰਨਾ ਨੂੰ ਕਿ ਭਗਤ ਨਾਮਦੇਵ ਹੀ ਨਿਰਗੁਣ ਕਾਵਿਧਾਰਾ ਦੇ ਪ੍ਰਵਰਤਕ ਹਨ, ਅਨੇਕਾਂ ਵਿਦਵਾਨਾਂ ਦੇ ਵਿਚਾਰਾਂ ਨਾਲ ਪ੍ਰੋੜਤਾ ਹਾਸਿਲ ਹੁੰਦੀ ਹੈ। ਡਾ. ਪ੍ਰਭਾਕਰ ਮਾਚਵੇ ਦਾ ਤਰਕ ਹੈ ਕਿ ਭਗਤ ਨਾਮਦੇਵ ਆਪਣੀ ਮਹਾਨ ਪ੍ਰਤਿਭਾ ਸੂਹਜ ਦ੍ਰਿਸ਼ਟੀ, ਗੰਭੀਰ ਅਨੁਭਵ ਅਤੇ ਨਿਰਗੁਣਵਾਦੀ ਦ੍ਰਿਸ਼ਟੀਕੋਣ ਦੇ ਧਾਰਨੀ ਹੋਣ ਕਰਕੇ ਇਸ ਕਾਵਿਧਾਰਾ ਦੇ ਪ੍ਰਵਰਤਕ ਸਥਾਪਤ ਹੋਏ ।[1] ਆਨੰਦ ਪ੍ਰਕਾਸ਼ ਦੀਕਿਸ਼ਤ

---

1. "ਹਿੰਦੀ ਔਰ ਮਰਾਠੀ ਕਾ ਨਿਰਗੁਣ ਸੰਤ-ਕਾਵਿ", ਪੰ:159.

ਵਿਨੈ ਮੋਹਨ ਸ਼ਰਮਾ ਦੇ ਹਵਾਲੇ ਨਾਲ ਲਿਖਦੇ ਹਨ, "ਉਨ੍ਹਾਂ (ਭਗਤ ਨਾਮਦੇਵ) ਨਾਲ ਨਾਥ ਪੰਥੀਆਂ ਦੇ ਗਿਆਨ ਪਰਕ ਨਿਰਗੁਣ ਪੰਥ ਵਿਚੋਂ ਰਾਮ ਭਗਤੀ ਦਾ ਵਿਕਾਸ ਹੋਇਆ ਅਤੇ ਨਿਰਗੁਣ ਭਗਤੀ ਪ੍ਰਚਲਿਤ ਹੋਈ ।"[1] ਡਾ. ਕ੍ਰਿਸ਼ਨਾ ਰੈਣਾ ਦਾ ਮਤ ਹੈ "ਸੰਤ ਨਾਮਦੇਵ ਨਿਰਗੁਣ ਸੰਤ ਪਰੰਪਰਾ ਦੇ ਪ੍ਰਵਰਤਿਕ ਸਨ।"[2] ਡਾ. ਰੇਣੁਕਾ ਸਿੰਘ ਦਾ ਵਿਚਾਰ ਹੈ "ਨਾਮਦੇਵ ਦੀਆਂ ਰਚਨਾਵਾਂ ਵਿਚ ਉੱਤਰੀ ਭਾਰਤ ਦੀ ਸੰਤ-ਪਰੰਪਰਾ ਦੀਆਂ ਜਿੰਨੀਆਂ ਵੀ ਵਿਸ਼ੇਸ਼ਤਾਵਾਂ....ਹਨ, ਸਭ ਮਿਲਦੀਆਂ ਹਨ । ਫਿਰ ਉਨ੍ਹਾਂ ਨੂੰ ਉੱਤਰੀ ਭਾਰਤ ਵਿਚ ਨਿਰਗੁਣ ਭਗਤੀ ਦਾ ਸਭ ਤੋਂ ਪਹਿਲਾ ਪ੍ਰਚਾਰਕ ਮੰਨਣ ਨਾਲ ਕੀ ਅਵੱਗਿਆ ਹੋ ਸਕਦੀ ਹੈ ।"[3]

...

---

1. "ਮਰਾਠੀ ਸੰਤੋਂ ਕੀ ਹਿੰਦੀ ਵਾਣੀ", ਪੰ:3.
2. "ਹਿੰਦੀ ਨਿਰਗੁਣ ਸੰਤ-ਕਾਵਿ:ਦਰਸ਼ਨ ਔਰ ਭਗਤੀ", ਪੰ:23.
3. "ਹਿੰਦੀ ਸਾਹਿਤਯ ਕਾ ਦਾਰਸ਼ਨਿਕ ਅਧਿਐਨ", ਪੰ:249.

## ਅਧਿਆਇ ਦੂਸਰਾ

## ਨਾਮਦੇਵ (ਜੀਵਨ ਤੇ ਰਚਨਾ)

## ਨਾਮਦੇਵ (ਜੀਵਨ ਤੇ ਰਚਨਾ)

ਗੁਰੂ ਗ੍ਰੰਥ ਸਾਹਿਬ ਭਾਰਤੀ ਭਗਤੀ ਕਾਵਿ ਦਾ ਇਕੋ ਇਕ ਉਹ ਪ੍ਰਮਾਣਿਕ ਸਰੋਤ ਹੈ ਜਿਸ ਵਿਚ ਬਾਰ੍ਹਵੀਂ ਤੋਂ ਸਤਾਰ੍ਹਵੀਂ ਸ਼ਤਾਬਦੀ ਤੱਕ ਦੇ ਪ੍ਰਮੁੱਖ ਅਧਿਆਤਮਕ ਕਵੀਆਂ, ਭਗਤਾਂ, ਗੁਰੂਆਂ ਅਤੇ ਭੱਟਾਂ ਦੀ ਬਾਣੀ ਆਪਣੇ ਮੂਲ ਰੂਪ ਵਿਚ ਸੁਰੱਖਿਅਤ ਹੈ। ਇਹ ਕਵੀ- ਜਨ ਭਾਵੇਂ ਕਿਸੇ ਵੀ ਧਰਮ ਜਾਂ ਫ਼ਿਰਕੇ ਤੇ ਜਾਂ ਫਿਰ ਕਿਸੇ ਵੀ ਇਲਾਕਾਈ ਖੰਡ ਨਾਲ ਸੰਬੰਧਿਤ ਸਨ, ਪਰ ਉਨ੍ਹਾਂ ਦੀ ਬਾਣੀ ਦਾ ਮੂਲ ਸੂਤ੍ਰ ਸਭ ਨੂੰ ਇਕ ਹੀ ਲੜੀ ਵਿਚ ਪਰੋਂਦਾ ਹੈ। ਇਹ ਸੂਤ੍ਰ ਸੀ ਇਨ੍ਹਾਂ ਇਨ੍ਹਾਂ ਕਾਵਿ-ਆਤਮਾਵਾਂ ਦੀ ਉਸ ਪਰਮਾਤਮਾ ਪ੍ਰਤੀ ਲੁੱਛਣਾ ਅਤੇ ਸਮਾਜਕ ਅਨੁਭੂਤੀ। ਅਧਿਆਤਮਕ ਜਗਤ ਦੇ ਇਨ੍ਹਾਂ ਮਹਾਨ ਆਗੂਆਂ ਦੇ ਬਹੁਆਯਾਮੀ ਦਰਸ਼ਨ ਸਾਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਬਹੁਤੇ ਬਾਣੀਕਾਰਾਂ ਵਿਚ ਜ਼ਿਆਦਾਤਰ ਭਗਤ ਕਵੀ ਅਜਿਹੇ ਹਨ ਜਿਨ੍ਹਾਂ ਦੇ ਜੀਵਨ ਵੇਰਵਿਆਂ ਬਾਰੇ ਉਨ੍ਹਾਂ ਦੁਆਰਾ ਰਚਿਤ ਬਾਣੀ ਜਾਂ ਫਿਰ ਸਮਕਾਲੀ ਤੇ ਪਿਛਲੇਰੇ ਕਵੀਆਂ ਦੀਆਂ ਰਚਨਾਵਾਂ ਵਿਚੋਂ ਕੁਝ ਵੀ ਨਹੀਂ ਮਿਲਦਾ। ਜੇ ਕਿਧਰੇ ਮਿਲਦਾ ਵੀ ਹੈ ਤਾਂ ਅਲਪ ਮਾਤਰਾ ਵਿਚ। ਫਲਸਰੂਪ ਉਨ੍ਹਾਂ ਦੇ ਬਹੁਤੇ ਜੀਵਨੀਕਾਰ ਜਾਂ ਇਤਿਹਾਸਕਾਰ ਛੋਟੀਆਂ-ਮੋਟੀਆਂ ਇਤਿਹਾਸਕ ਗਵਾਹੀਆਂ ਤੋਂ ਬਿਨਾਂ ਦੰਦ-ਕਥਾਵਾਂ ਜਾਂ ਕਿਆਸ-ਅਰਾਈਆਂ ਨੂੰ ਹੀ ਆਧਾਰ ਬਣਾ ਕੇ ਇਨ੍ਹਾਂ ਕਵੀਆਂ ਦੇ ਜੀਵਨ ਬਿਰਤਾਂਤ ਲਿਖਦੇ ਆਏ ਹਨ, ਉਦਾਹਰਣ ਵਜੋਂ ਭਗਤ ਨਾਮਦੇਵ, ਕਬੀਰ, ਰਵਿਦਾਸ ਤੇ ਹੋਰ ਮੱਧਕਾਲੀ ਭਗਤਾਂ ਦੇ ਨਾਮ ਲਏ ਜਾ ਸਕਦੇ ਹਨ।

ਜਿਥੋਂ ਤਕ ਭਗਤ ਨਾਮਦੇਵ ਦਾ ਸੰਬੰਧ ਹੈ, ਮਰਾਠੀ ਅਤੇ ਹਿੰਦੀ ਸਾਹਿੱਤ ਵਿਚ ਨਾਮਦੇਵ ਨਾਂ ਦੇ ਅਨੇਕਾਂ ਸੰਤ ਮਿਲਦੇ ਹਨ।[1] ਇਹ ਗੱਲ ਵੀ ਵਾਦ-ਵਿਵਾਦ

---

1. ਪਰਸ਼ੂਰਾਮ ਚਤੁਰਵੇਦੀ, "ਉਤਰੀ ਭਾਰਤ ਕੀ ਸੰਤ ਪਰੰਪਰਾ", ਪੰ:105.

ਦਾ ਵਿਸ਼ਾ ਬਣੀ ਰਹੀ ਕਿ 'ਇਕੱਲੇ ਮਹਾਂਰਾਸ਼ਟਰ ਵਿਚ ਹੀ ਨਾਮਦੇਵ ਨਾਂ ਦੇ ਚਾਰ ਜਾਂ ਪੰਜ ਸੰਤ ਹੋਏ ਹਨ'।[1] ਇਥੇ ਉਨ੍ਹਾਂ ਸੰਤਾਂ ਦਾ ਸੰਖਿਪਤ ਜਿਹਾ ਵੇਰਵਾ ਦੇਣਾ ਅਨਿਵਾਰੀ ਹੋ ਜਾਂਦਾ ਹੈ ਜੋ ਨਾਮਦੇਵ ਦੇ ਨਾਂ ਨਾਲ ਪ੍ਰਸਿੱਧ ਸਨ ਤਾਂ ਜੋ ਖੋਜ ਅਧੀਨ ਨਾਮਦੇਵ ਨੂੰ ਉਨ੍ਹਾਂ ਤੋਂ ਨਿਖੇੜਿਆ ਜਾ ਸਕੇ। ਇਸ ਨਾਂ ਵਾਲੇ ਸੰਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

(1) ਗਿਆਨੇਸ਼ਵਰ ਦੇ ਸਮਕਾਲੀ ਨਾਮਦੇਵ :

ਇਸ ਸੰਤ ਦਾ ਹਵਾਲਾ ਮਰਾਠੀ ਅਭੰਗਾਂ ਵਿਚ ਮਿਲਦਾ ਹੈ। ਦੂਸਰੇ ਨਾਮਦੇਵ ਨਾਂ ਨਾਲ ਜਾਣੇ ਜਾਣ ਵਾਲੇ ਸੰਤਾਂ ਦੇ ਮੁਕਾਬਲੇ ਇਸ ਦੀ ਰਚਨਾ ਬਹੁਤ ਹੀ ਸਰਲ ਤੇ ਭਾਵੁਕ ਕਿਸਮ ਦੀ ਹੈ। ਕੁਝ ਅਭੰਗਾਂ ਵਿਚ ਇਹ ਆਪਣੇ ਨਾਂ ਦਾ ਉਲੇਖ 'ਨਾਮਾ', 'ਕੇਸ਼ਵਾਚਾ ਨਾਮਾ' ਆਦਿ ਨਾਵਾਂ ਨਾਲ ਕਰਦੇ ਹਨ।

(2) ਵਿਸ਼ਣੂਦਾਸ ਨਾਮਾ :

ਨਾਮ ਦੇਵ ਦੇ ਮਰਾਠੀ ਅਭੰਗਾਂ ਦਾ ਜੋ ਸੰਗ੍ਰਹਿ ਮਹਾਂਰਾਸ਼ਟਰ ਸਰਕਾਰ ਵੱਲੋਂ "ਸ੍ਰੀ ਨਾਮਦੇਵ ਗਾਥਾ" ਦੇ ਨਾਮ ਹੇਠ ਛਾਪਿਆ ਗਿਆ ਹੈ, ਉਸ ਵਿਚ ਅਨੇਕਾਂ ਅਭੰਗਾਂ ਦੇ ਆਖ਼ਿਰ ਵਿਚ ਵਿਸ਼ਣੂ ਦਾਸ ਨਾਮਾ ਲਿਖਿਆ ਮਿਲਦਾ ਹੈ। ਇਸ ਦਾ ਸਪਸ਼ਟ ਕਾਰਨ ਤਾਂ ਇਹ ਹੈ ਕਿ ਇਸ ਸੰਗ੍ਰਹਿ ਦਾ ਸੰਗ੍ਰਹਿ-ਕਰਤਾ ਵਿਸ਼ਣੂ ਦਾਸ ਨਾਮਾ ਅਤੇ ਸਾਡੇ ਅਧਿਐਨ ਹੇਠਲੇ ਭਗਤ ਨਾਮਦੇਵ ਦੇ ਕਾਵਿ ਵਿਚ ਨਿਖੇੜਾ ਨਹੀਂ ਕਰ ਸਕਿਆ। ਡਾ. ਛ. ਕੇ. ਆਡਕਰ ਨੇ ਵਿਸ਼ਣੂ ਦਾਸ ਨਾਮਾ ਦਾ ਜੀਵਨ ਕਾਲ ਸੰਨ 1580 ਤੋਂ 1633 ਈ. ਲਿਖਿਆ ਹੈ।[2] ਜਦ ਕਿ ਸਾਡੇ ਅਧਿਐਨ ਹੇਠਲੇ ਭਗਤ ਨਾਮਦੇਵ ਤੇਰ੍ਹਵੀਂ ਸਦੀ ਵਿਚ ਹੋਏ ਹਨ। ਜਾਹਰ ਹੈ ਕਿ ਇਹ ਕੋਈ ਭਗਤ ਨਾਮਦੇਵ ਨਾਲੋਂ ਪਿਛਲੇਰਾ ਕਵੀ ਹੈ। ਉਞ ਵੀ ਵਿਸ਼ਣੂ ਦਾਸ

---

1. "ਉੱਤਰੀ ਭਾਰਤ ਕੀ ਸੰਤ ਪਰੰਪਰਾ", ਪੰ:105.

2. "ਹਿੰਦੀ ਨਿਰਗੁਣ ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਰਚਨਾ", ਪੰ:56.

ਨਾ ਤੋਂ ਇਹ ਇਕ ਵੱਖਰਾ ਵਿਅਕਤੀ ਸਾਬਤ ਹੁੰਦਾ ਹੈ। ਵਿਸ਼ਨੂ ਦਾਸ ਨਾਮਾ ਦੀਆਂ ਰਚਨਾਵਾਂ ਤੋਂ ਉਹ 'ਬਾਹਰਮੁਖੀ ਸਾਧਨਾ ਦਾ ਧਾਰਨੀ ਲਗਦਾ ਹੈ ਤੇ ਉਸ ਦੀ ਸ਼ੈਲੀ ਵੀ ਇਕਤਾਰਕ ਹੈ'।[1]

(3) ਨਾਮਾ ਪਾਠਕ :

ਡਾ. ਤੁਲਪੁਲੇ ਅਨੁਸਾਰ 'ਨਾਮਾ ਪਾਠਕ' ਗਿਆਨੇਸ਼ਵਰ ਦੇ ਸਮਕਾਲੀ 'ਕਾਨੋ ਪਾਠਕ' ਦਾ ਪੋਤਾ ਹੈ। ਡਾ. ਛੇ. ਲੇ. ਆਡਕਰ ਨੇ ਚਿਤ੍ਰਾਵ ਸ਼ਾਸਤਰੀ ਦੇ ਹਵਾਲੇ ਨਾਲ ਇਸ ਦਾ ਕਾਲ ਈਸਵੀ ਸੰਮਤ 1378 ਮੰਨਿਆ ਹੈ।[2] ਇਸ ਦਾ ਇਕ 'ਔਬੀ-ਬੱਧ ਗ੍ਰੰਥ' ਵੀ ਮਿਲਦਾ ਹੈ। ਕਾਲ-ਕ੍ਰਮ ਅਨੁਸਾਰ ਇਹ ਸੰਤ ਭਗਤ ਨਾਮਦੇਵ ਤੋਂ ਪਿਛਲੇਰੇ ਕਾਲ ਦਾ ਕਵੀ ਸਾਬਤ ਹੁੰਦਾ ਹੈ। ਸਾਡੇ ਖੋਜ-ਪ੍ਰਬੰਧ ਹੇਠਲੇ ਭਗਤ ਨਾਮਦੇਵ ਦਾ ਕੋਈ ਵੀ ਔਬੀ-ਬੱਧ ਗ੍ਰੰਥ ਉਪਲਬਧ ਨਹੀਂ ਹੈ।

(4) ਨਾਮਦੇਵ ਸ਼ਿੰਪੀ :

ਨਾਮਦੇਵ ਸ਼ਿੰਪੀ ਵੀ ਗਿਆਨੇਸ਼ਵਰ ਦਾ ਨੇੜੇ ਦਾ ਸਮਕਾਲੀ ਹੈ। 'ਦਮੋਦਰ ਪੰਡਿਤ ਨੇ ਇਸ ਨੂੰ 1198ਈਸਵੀ ਵਿਚ ਮਹਾਨੁਭਵ ਪੰਥ ਵਿਚ ਦੀਖਿਅਤ ਕੀਤਾ।[3] ਇਸ ਤਿਥੀ ਨੂੰ ਧਿਆਨਗੋਚਰ ਕਰੀਏ ਤਾਂ ਇਹ ਸੰਤ ਭਗਤ ਨਾਮਦੇਵ ਦਾ ਪੂਰਵ-ਵਰਤੀ ਕਵੀ ਹੈ।

(5) ਨੇਮਾਦੇਵ :

ਮਹਾਨੁਭਵ ਪੰਥ ਵਿਚ ਦੀਖਿਅਤ ਹੋਇਆ ਇਕ ਹੋਰ ਕਵੀ ਨੇਮਾਦੇਵ ਹੈ।

---

1. "ਹਿੰਦੀ ਨਿਰਗੁਣ-ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਰਚਨਾ", ਪੰ:56.
2. "ਮਹਾਰਾਸ਼ਟਰ ਸਾਰਸਵਤ", ਪੰ: 756.
8. "ਹਿੰਦੀ ਨ੍ਰਿਗੁਣ ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਕਵਿਤਾ", ਪੰਨਾ 58 ਤੋਂ ਉਦ੍ਰਿਤ।
3. "ਸਮ੍ਰਿਤੀ ਸਥਲ", ਸੰਪ: ਵਾ: ਨਾ: ਦੇਸ਼ਪਾਂਡੇ, ਪੰਨਾ 74.
"ਹਿੰਦੀ ਨਿਰਗੁਣ ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਰਚਨਾ", ਪੰਨਾ 59 ਤੋਂ ਉਦ੍ਰਿਤ।

ਇਹ 'ਮਛੂਆ' (ਮਛੇਰਾ) ਜਾਤੀ ਸੀ, ਜਦੋਂ ਕਿ ਭਗਤ ਨਾਮਦੇਵ ਦਾ ਮਛੇਰਾ ਜਾਤੀ ਨਾਲ ਕੋਈ ਸੰਬੰਧ ਨਹੀਂ ਸੀ । ਇਸ ਤੋਂ ਉਪਰੰਤ ਨਾਮਦੇਵ ਦਾ ਵਾਰਕਾਰੀ ਸੰਪ੍ਰਦਾਇ ਨਾਲ ਸੰਬੰਧ ਸੀ ਮਹਾਨੁਭਵ ਪੰਥ ਨਾਲ ਨਹੀਂ । ਇੰਞ ਇਹ ਸਪਸ਼ਟ ਹੈ ਕਿ ਨੇਮਦੇਵ ਕੋਈ ਦੂਸਰਾ ਸੰਤ ਹੈ ।

(6) <u>ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਭਗਤ ਨਾਮਦੇਵ</u> :

ਉਕਤ ਸੰਤ ਮਹਾਰਾਸ਼ਟਰ ਵਿਚ 'ਬਾਲ ਕ੍ਰੀੜਾ ਕ੍ਰਿਤ' ਨਾਮਦੇਵ ਕਰਕੇ ਵੀ ਪ੍ਰਸਿੱਧ ਹੋਇਆ । ਮਰਾਠੀ ਅਭੰਗਾਂ ਵਿਚ ਆਪ ਨੇ ਗਿਆਨੇਸ਼ਵਰ ਅਤੇ ਵਿਸ਼ੋਬਾ ਖੇਚਰ ਦਾ ਵੀ ਵਰਣਨ ਕੀਤਾ ਹੈ ।[1]

ਡਾ. ਡੀ.ਕੇ. ਆਡਕਰ ਨੇ ਉਸ ਵਾਦ-ਵਿਵਾਦ ਦਾ ਵੀ ਜ਼ਿਕਰ ਕੀਤਾ ਹੈ ਜਿਹੜਾ ਇਸ ਗੱਲ ਤੇ ਖੜ੍ਹਾ ਹੋਇਆ ਕਿ ਮਹਾਰਾਸ਼ਟਰ ਅਤੇ ਪੰਜਾਬ ਦੀ ਧਰਤੀ ਨਾਲ ਸੰਬੰਧਿਤ ਨਾਮਦੇਵ ਇਕ ਹਨ ਜਾਂ ਦੋ ।[2] ਉਕਤ ਵਾਦ ਵਿਵਾਦ ਦੇ ਤਿੰਨ ਕਾਰਨ ਹੋ ਸਕਦੇ ਹਨ :

(ੳ) ਜਿਹੜਾ ਨਾਮਦੇਵ ਪੰਡਰਪੁਰ ਦੇ 'ਵਿਠਲ' ਨੂੰ ਇਕ ਪਲ ਛੱਡਣ ਲਈ ਤਿਆਰ ਨਹੀਂ ਸੀ, ਉਹ ਪੰਡਰਪੁਰ ਤੋਂ ਦੂਰ 20 ਸਾਲ ਦਾ ਅਰਸਾ ਕਿਵੇਂ ਰਹੇ ?

(ਅ) 'ਸ੍ਰੀ ਨਾਮਦੇਵ ਗਾਥਾ' ਵਿਚ ਨਾਮਦੇਵ ਨੇ 'ਤ੍ਰੀਥਾਵਲੀ' ਪ੍ਰਕਰਣ ਵਿਚ ਆਪਣੀਆਂ ਸਭ ਯਾਤਰਾਵਾਂ ਦਾ ਵਰਣਨ ਕੀਤਾ ਹੈ, ਪਰ ਪੰਜਾਬ ਫੇਰੀ ਦੀ ਗੱਲ ਨਹੀਂ ਕੀਤੀ ।

---

1. ਨਿਵ੍ਰਿਤੀ ਗਿਆਨ ਦੇਵ ਸੋਪਾਲ ਹਾ ਪਾਹੀ ।।
ਆਲੀ ਮੁਕਤਾ ਬਾਈ ਰਾਂਗਦੇਵ ।।
ਖੇਚਰ ਵਿਸੋਬਾ ਅਸੰਦ ਸੁਦਾਮਾ ।।
ਰੋਖਾ ਪੁਰਸ਼ੋਤਮ ਆਲਾ ਆਸੇ ।।
"ਸ੍ਰੀ ਨਾਮਦੇਵ ਗਾਥਾ", ਅਭੰਗ 1280.

2. "ਹਿੰਦੀ ਨਿਰਗੁਣ-ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਪਦਾਵਲੀ", ਪੰ: 59.

(ੲ) ਨਾਮਦੇਵ ਦੀ ਪੰਜਾਬ ਯਾਤਰਾ ਦਾ ਨਾਮਦੇਵ ਦੇ ਸਮਕਾਲੀ ਜਾਂ ਪਿਛਲੇ ਕਵੀਆਂ ਨੇ ਜ਼ਿਕਰ ਨਹੀਂ ਕੀਤਾ ।

ਡਾ. ਵਿਨੈ ਮੋਹਨ ਸ਼ਰਮਾ ਨੇ ਉਕਤ ਵਾਦ ਵਿਵਾਦ ਨੂੰ ਨਿਰਾਧਾਰ ਸਾਬਤ ਕੀਤਾ ਹੈ ।[1] ਪ੍ਰੋ. ਸਾਹਿਬ ਸਿੰਘ 'ਆਦਿ ਗ੍ਰੰਥ' ਦੇ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਦੇ ਆਧਾਰ ਤੇ ਸਪਸ਼ਟ ਕਰਦੇ ਹਨ ਕਿ ਭਗਤ ਨਾਮਦੇਵ (ਮਹਾਂਰਾਸ਼ਟਰ ਤੇ ਪੰਜਾਬ ਵਾਲੇ) ਇਕ ਹੀ ਵਿਅਕਤੀ ਹਨ ।[2] ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੇ ਬਾਣੀਕਾਰਾਂ ਵਿਚੋਂ ਭਗਤ ਨਾਮਦੇਵ ਹੀ ਇਕ ਅਜਿਹੇ ਕਵੀ ਹਨ ਜੋ ਸਭ ਤੋਂ ਵਧੀਕ ਮਰਾਠੀ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ । 'ਵਿਠਲਾ' ਜਾਂ 'ਬੀਠਲੁ' ਸ਼ਬਦ ਤਾਂ ਸਰਵ-ਪ੍ਰਥਮ ਭਗਤ ਨਾਮਦੇਵ ਨੇ ਹੀ ਵਰਤਿਆ ਜੋ ਕਿ ਮਰਾਠੀ ਭਾਸ਼ਾ ਵਿਚ ਕ੍ਰਿਸ਼ਨ ਭਗਵਾਨ ਲਈ ਵਰਤਿਆ ਜਾਂਦਾ ਹੈ । ਇਸ ਤੋਂ ਅਤ੍ਰਿਕਤ 'ਸ੍ਰੀ ਨਾਮਦੇਵ ਗਾਥਾ' ਅਤੇ 'ਆਦਿ ਗ੍ਰੰਥ' ਵਿਚ ਦਰਜ ਆਪ ਦੀ ਬਾਣੀ ਵਿਚਲੇ ਵਿਸ਼ਿਆਂ ਦੀ ਸਾਂਝ, ਜਿਵੇਂ ਈਸ਼ਵਰ ਦੀ ਸਰਵ- ਵਿਆਪਕਤਾ, ਨਾਮ ਅਤੇ ਗੁਰੂ ਦੀ ਮਹਿਮਾ, ਬ੍ਰਹਮਾਂਡੰਬਰਾਂ ਦੀ ਵਿਅਰਥਤਾ ਅਤੇ ਪ੍ਰਹਿਲਾਦ, ਧਰੂ ਅਤੇ ਅਜਾਮਲ ਆਦਿ ਪ੍ਰਾਚੀਨ ਭਗਤਾਂ ਦਾ ਕਥਾ ਸੰਦਰਭ ਆਦਿ ਤੋਂ ਵੀ ਅਜਿਹਾ ਹੀ ਸਾਬਤ ਹੁੰਦਾ ਹੈ ਕਿ ਇਹ ਦੋ ਨਹੀਂ, ਇਕੋ ਵਿਅਕਤੀ ਹੈ । ਇਸ ਤਰ੍ਹਾਂ ਇਹ ਪ੍ਰਸ਼ਨ ਕਿ ਭਗਤ ਨਾਮਦੇਵ (ਮਹਾਂਰਾਸ਼ਟਰ ਅਤੇ ਪੰਜਾਬ ਵਾਲੇ) ਦੋ ਹਨ, ਬਿਲਕੁਲ ਅਪ੍ਰਸੰਗਿਕ ਹੈ ।

---

1. "ਹਿੰਦੀ ਕੋ ਮਰਾਠੀ ਸੰਤੋਂ ਕੀ ਦੇਣ", ਪੰਨਾ 11.
2. "ਮਹਾਂਰਾਸ਼ਟਰ ਵਾਲੇ ਭਗਤ ਨਾਮਦੇਵ ਬਾਰੇ ਇਕ ਗੱਲ ਤਾਂ ਪੱਕੀ ਹੈ ਕਿ ਉਸ ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਕਿਉਂਕਿ ਮਰਾਠੀ ਬੋਲੀ ਪ੍ਰਤੱਖ ਮਿਲਦੀ ਹੈ। ਖਾਸ ਤੌਰ ਤੇ ਧਨਾਸਰੀ ਰਾਗ ਦੇ ਪਹਿਲੇ ਸ਼ਬਦ ਵਿਚ। ਜੇਕਰ ਕੋਈ ਦੂਜਾ ਨਾਮਦੇਵ ਹੋਇਆ ਹੈ ਤਾਂ ਉਸਦੇ ਵੀ ਸ਼ਬਦ ਸਤਿਗੁਰੂ ਜੀ ਨੇ ਦਰਜ ਕੀਤੇ ਹਨ ਤਾਂ ਸਤਿਗੁਰੂ ਜੀ ਨੂੰ ਤਾਂ ਪੱਕੀ ਖ਼ਬਰ ਹੋਣੀ ਚਾਹੀਦੀ ਸੀ ਕਿ ਨਾਮਦੇਵ ਦੋ ਹਨ। ਪਰ ਉਹ ਜਿਥੇ ਜ਼ਿਕਰ ਕਰਦੇ ਹਨ ਇਕ ਨਾਮਦੇਵ ਦਾ ਹੀ ਕਰਦੇ ਹਨ।"

   "ਭਗਤ ਬਾਣੀ ਸਟੀਕ" (ਹਿੱਸਾ ਤੀਜਾ), ਪੰ:12.

ਜਨਮ :

ਭਗਤ ਨਾਮਦੇਵ ਦੀ ਜਨਮ ਮਿਤੀ ਬਾਰੇ ਵਿਦਵਾਨ ਇਕ ਮਤ ਨਹੀਂ ਰੱਖਦੇ । ਮਰਾਠੀ, ਹਿੰਦੀ, ਅਤੇ ਅੰਗ੍ਰੇਜ਼ੀ ਵਿਦਵਾਨ ਵੱਖਰੀਆਂ-ਵੱਖਰੀਆਂ ਤਿਥੀਆਂ ਸਮੇਂ ਸਮੇਂ ਲਿਖਦੇ ਰਹੇ ਹਨ । ਉਦਾਹਰਣ ਹਿਤ "ਬੰਸੀ ਧਰ ਸ਼ਾਸਤਰੀ ਨਾਮਦੇਵ ਦਾ ਜਨਮ 1363ਈ. ਵਿਚ ਹੋਇਆ ਲਿਖਦੇ ਹਨ । ਡਾ.ਭੰਡਾਰਕਾਰ, ਪ੍ਰੋ.ਵੀ.ਬੀ. ਪਟਵਰਧਨ, ਡਾ. ਨਿਕਲ ਮੈਕਨੀਕੋਲ ਅਤੇ ਭਗਤ ਰਾਮ ਅਨੁਸਾਰ ਭਗਤ ਨਾਮਦੇਵ 1370 ਵਿਚ ਪੈਦਾ ਹੋਏ । ਗਰਸਾ-ਡ-ਟੈਸੀ ਅਨੁਸਾਰ ਨਾਮਦੇਵ ਦੀ ਜਨਮ ਮਿਤੀ 1278ਈ. ਹੈ, ਜਦੋਂ ਕਿ ਡਾ.ਮੋਹਨ ਸਿੰਘ ਦੀਵਾਨਾ ਭਗਤ ਨਾਮੇਦੇਵ ਨੂੰ 1390ਈ. ਵਿਚ ਪੈਦਾ ਹੋਇਆ ਲਿਖਦੇ ਹਨ ।"[1]

ਹੁਣੇ-ਹੁਣੇ (ਮਈ,1990ਈ.) ਵਿਚ "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" ਕ੍ਰਿਤ ਗਿਆਨੀ ਗੁਰਦਿੱਤ ਸਿੰਘ, ਇਕ ਵੱਡ-ਆਕਾਰੀ ਰਚਨਾ ਸਾਹਮਣੇ ਆਈ ਹੈ ਜਿਸ ਵਿਚ ਵਿਦਵਾਨ ਲੇਖਕ ਨੇ ਸਿਰਤੋੜ ਯਤਨ ਕਰਕੇ ਇਹ ਸਾਬਤ ਕਰਨ ਦਾ ਪ੍ਰਯਾਸ ਕੀਤਾ ਹੈ ਕਿ ਭਗਤ ਨਾਮਦੇਵ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ ਭਾਵੇਂ ਕਿ ਲੇਖਕ ਨਾਮਦੇਵ ਜੀ ਨੂੰ ਤਥਿਕ ਲਿਹਾਜ਼ ਤੋਂ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸਾਬਤ ਕਰਨ ਵਿਚ ਅਸਮਰੱਥ ਰਿਹਾ ਹੈ ।

"ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਗਿਆਨੀ ਗੁਰਦਿੱਤ ਸਿੰਘ ਨੇ ਰਾਮਾਨੰਦ, ਕਬੀਰ, ਰਵਿਦਾਸ, ਸੈਣ, ਪੀਪਾ, ਧੰਨਾ, ਨਾਮਦੇਵ ਅਤੇ ਫਰੀਦ ਆਦਿ ਬਾਣੀਕਾਰਾਂ ਦੀ ਇਤਿਹਾਸਕ ਸਥਿਤੀ ਬਾਰੇ ਕਿੰਤੂ ਕੀਤਾ ਹੈ । ਇਹ ਕਿੰਤੂ ਵਿਦਵਾਨ ਲੇਖਕ ਦੇ ਮਨ ਵਿਚ ਕਿਉਂ ਪੈਦਾ ਹੋਇਆ ? ਲੇਖਕ ਖੁਦ ਇਸਦਾ ਉੱਤਰ ਇਨ੍ਹਾਂ ਸ਼ਬਦਾਂ ਵਿਚ ਦਿੰਦਾ ਹੈ :

> "ਭਗਤ ਬਾਣੀ ਦੀ ਖੋਜ ਬਾਰੇ ਜੋ ਵਿਦਵਾਨ ਮੈਕਾਲਫ਼ ਸਾਹਿਬ ਤੋਂ ਗਲਤ ਗੱਲਾਂ ਨੂੰ ਵੰਗਾਰਦੇ ਰਹੇ, ਉਹਨਾਂ ਵਿਚ ਸ.ਨਿਹਾਲ ਸਿੰਘ ਸੂਰੀ, ਸੰਤ ਸੰਪੂਰਨ ਸਿੰਘ ਜੀ ਦੀ ਇਤਿਹਾਸਕ ਸੇਵਾ ਆਪਣੀ ਮਿਸਾਲ ਆਪ ਹੈ । ਸ਼ੋਕ ਹੈ ਇਨ੍ਹਾਂ ਵਿਦਵਾਨਾਂ ਦੀਆਂ ਖੋਜਾਂ ਤੇ ਸੋਚਾਂ ਪ੍ਰੋਫੈਸਰ-ਸ਼ਾਹੀ ਦੀ ਧੂੜ ਹੇਠਾਂ ਦੱਬਕੇ ਰਹਿ ਗਈਆਂ ।"[2]

---

1. ਪ੍ਰਭਾਕਰ ਮਾਚਵੇ, "ਨਾਮਦੇਵ ਜੀਵਨ ਤੇ ਦਰਸ਼ਨ"(ਅਨੁ. ਵਜ਼ੀਰ ਸਿੰਘ), ਪੰ:38.
2. "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ", ਪੰ:41.

ਜਿਹੜੇ ਲੇਖਕ ਦਾ ਕਿਤਾਬ ਲਿਖਣ ਦਾ ਪ੍ਰਯੋਜਨ ਹੀ "ਪ੍ਰੋਫੈਸਰ-ਸ਼ਾਹੀ" ਦੀ ਧੂੜ ਹੇਠੋਂ ਸ. ਨਿਹਾਲ ਸਿੰਘ ਸੂਰੀ ਤੇ ਸੰਤ ਸੰਪੂਰਨ ਸਿੰਘ ਜੀ ਦੀ ਇਤਿਹਾਸਕ ਸੇਵਾ ਨੂੰ ਕੱਢਣਾ ਹੈ, ਉਹ ਅਸਲੀਅਤ ਦੇ ਕਿੰਨਾ ਕੁ ਨੇੜੇ ਰਿਹਾ ਹੋਵੇਗਾ, ਸਹਿਜੇ ਹੀ ਅਨੁਮਾਨ ਕੀਤਾ ਜਾ ਸਕਦਾ ਹੈ। ਡਾ. ਪਿਆਰ ਸਿੰਘ ਜੋ ਕਿ ਖੁਦ ਵੀ ਪ੍ਰੋਫੈਸਰ ਵਜੋਂ ਸੇਵਾ-ਮੁਕਤ ਹੋਏ ਹਨ, ਨੇ "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" ਦੀ ਪ੍ਰਸਤਾਵਨਾ ਵਿਚ ਬੜੇ ਹੀ ਭਾਵਪੂਰਤ ਸ਼ਬਦ ਕਹੇ ਹਨ :

"ਗਿਆਨੀ ਜੀ ਦੇ ਕੱਢੇ ਸਿੱਟਿਆਂ ਨਾਲ ਸੰਮਤੀ ਜਾਂ ਅਸੰਮਤੀ ਪ੍ਰਗਟਾਉਣੀ ਛੇਤੀ ਕੀਤੇ ਸੰਭਵ ਨਹੀਂ ਹੈ। ਗਿਆਨੀ ਜੀ ਨੇ ਸੰਤਾਂ-ਮਹਾਤਮਾਵਾਂ, ਗੁਰੂਆਂ, ਪੀਰਾਂ, ਭਗਤਾਂ ਤੇ ਹੋਰ ਦਿੱਬ ਵਿਅਕਤੀਆਂ ਦੇ ਇਸ ਪਾਵਨ ਇਤਿਹਾਸ ਨੂੰ ਜਿਸ ਦਾ ਅੰਗ੍ਰੇਜ਼ੀ ਨਾਂ ਹਿਰਿਓਗ੍ਰਾਫਿਕ ਲਿਟ੍ਰੇਚਰ ਹੈ, ਪ੍ਰਮਾਣਿਕ ਮੰਨਦਿਆਂ ਇਤਿਹਾਸਕ ਸਾਮਗ੍ਰੀ ਵਜੋਂ ਭਰਪੂਰ ਰੂਪ ਵਿਚ ਵਰਤਿਆ ਹੈ। ਇਹ ਚੋਜ਼ ਅੱਜ ਦੀ ਤਰਕਵਾਦੀ ਰੁਚੀ ਦੇ ਮਜ਼ਾਜ਼ ਨੂੰ ਰਾਸ ਨਹੀਂ ਬੈਠਦੀ।"[1] ਸਪਸ਼ਟ ਹੈ ਕਿ ਡਾ. ਸਾਹਿਬ ਨੇ ਦੱਬੀ ਜ਼ਬਾਨ ਤੇ ਨਰਮ ਲਹਿਜੇ ਵਿਚ ਗਿਆਨੀ ਜੀ ਦੀਆਂ ਮਾਨਤਾਵਾਂ ਨੂੰ ਮੰਨਣ ਤੋਂ ਸੰਕੋਚ ਕੀਤਾ ਹੈ।

21 ਮਈ, 1991 ਦੀ ਅੰਗ੍ਰੇਜ਼ੀ ਅਖ਼ਬਾਰ "ਦੀ ਟ੍ਰਿਬਿਊਨ" ਵਿਚ ਭਾਈ ਵੀਰ ਸਿੰਘ ਸਾਹਿੱਤ ਸਦਨ, ਨਵੀਂ ਦਿੱਲੀ ਵਲੋਂ "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" ਉਤੇ ਕਰਵਾਈ ਗਈ ਇਕ ਗੋਸ਼ਟੀ ਦੀ ਰਿਪੋਰਟ ਛਪੀ ਹੈ ਜਿਸ ਵਿਚ ਡਾ. ਅਤਰ ਸਿੰਘ ਜੀ ਨੇ "ਫ਼ਰੀਦ ਜੀ ਬਾਰੇ ਗਿਆਨੀ ਗੁਰਦਿੱਤ ਸਿੰਘ ਦੁਆਰਾ ਪ੍ਰਗਟਾਏ ਮਤ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ।"[2]

---

1. "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ", ਪੰ:56.

2. "I, however, have my reservations about the author's assertion that the Farid Bani (in Guru Granth Sahib) is not that of the original Farid, but that of a successor who was the contemporary of Guru Nanak Dev".
"The Tribune", 21st May, 1991.

"ਖ਼ਾਲਸਾ ਐਡਵੋਕੇਟ" ਵਿਚ ਸ.ਨਰਿੰਦਰ ਸਿੰਘ ਸੋਚ ਨੇ ਅਮਰੀਕਾ ਤੋਂ ਆਈ ਡਾ.ਮਾਨ ਸਿੰਘ ਨਿਰੰਕਾਰੀ ਦੀ ਚਿੱਠੀ ਦੇ ਇਕ ਭਾਗ ਦਾ ਜ਼ਿਕਰ ਕੀਤਾ ਹੈ। ਜਿਸ ਵਿਚ ਡਾ.ਨਿਰੰਕਾਰੀ ਲਿਖਦੇ ਹਨ :

"ਗਿਆਨੀ ਗੁਰਦਿੱਤ ਸਿੰਘ ਜੀ ਦੀ ਪੁਸਤਕ ਵਿਚ ਜੋ ਬਾਣੀ ਦੀਆਂ ਟੂਕਾਂ ਛਪੀਆਂ ਹਨ,ਉਹ ਵੇਖਕੇ ਬੜਾ ਦੁੱਖ ਹੁੰਦਾ ਹੈ ਕਿ ਗੁਰਮਤਿ ਆਚਾਰੀਆ ਦੀ ਪੁਸਤਕ ਵਿਚ ਇਕ ਸ਼ਬਦ ਵੀ ਸ਼ੁਧ ਨ ਹੋਵੇ। ...ਹਰ ਸ਼ਬਦ ਵਿਚ 8-10 ਤਕ ਅਸ਼ੁਧੀਆਂ ਹਨ। ਬਹੁਤ ਅਣਗਹਿਲੀ ਅਤੇ ਲਾਪ੍ਰਵਾਹੀ ਤੋਂ ਕੰਮ ਲਿਆ ਹੈ। ...ਇਤਿਹਾਸ ਨੂੰ ਤੋੜ-ਮਰੋੜ ਕੇ ਆਪਣੇ ਪੂਰਵ ਖ਼ਿਆਲਾਂ ਵਿਚਾਰਾਂ ਮੁਤਾਬਕ ਸਿੱਟੇ ਕੱਢੇ ਹਨ। ਪੁਸਤਕ ਵੱਡ-ਆਕਾਰੀ ਜ਼ਰੂਰ ਹੈ ਵੱਡ-ਵਿਚਾਰੀ ਨਹੀਂ ਹੈ।"[1]

ਸ.ਨਰਿੰਦਰ ਸਿੰਘ ਸੋਚ ਦਾ ਤਰਕ ਹੈ, "ਗਿਆਨੀ ਜੀ ਨੇ ਪਿਛਲੇ ਬਹੁਤੇ ਖੋਜੀਆਂ ਦੀ ਖਿੱਲੀ ਉਡਾਈ ਹੈ, ਪਰ ਚੰਗੇ ਭਾਗਾਂ ਨੂੰ ਉਹ ਸਵਰਗਵਾਸ ਹੋ ਗਏ ਹਨ, ਜੇ ਜੀਉਂਦੇ ਹੁੰਦੇ ਤਾਂ ਉਹ ਗਿਆਨੀ ਜੀ ਨੂੰ ਉੱਤਰ ਦਿੰਦੇ ਜਾਂ ਗਿਆਨੀ ਜੀ ਨਾਲ ਕੀਤੀਆਂ ਭੁੱਲਾਂ ਦਾ ਸੰਤਾਪ ਹੰਢਾਉਂਦੇ।"[2] ਬੇਸ਼ਕ ਉਕਤ ਟਿੱਪਣੀਆਂ ਅਤੇ ਰਾਵਾਂ ਅਨੁਸਾਰ ਬਹੁਤੇ ਵਿਦਵਾਨਾਂ ਨੇ ਗਿਆਨੀ ਜੀ ਦੀ ਖੋਜ ਨੂੰ ਨਕਾਰਿਆ ਹੈ, ਪਰ ਸਾਡੇ ਵਿਚਾਰ ਅਨੁਸਾਰ ਇਸ ਮਸਲੇ ਬਾਰੇ ਹੋਰ ਗਹਿਰ-ਗੰਭੀਰ ਵਿਚਾਰ ਚਰਚਾ ਦੀ ਲੋੜ ਹੈ। ਹੇਠਲੇ ਪ੍ਰਕਰਣ ਵਿਚ ਅਸੀਂ ਗਿਆਨੀ ਜੀ ਦੇ ਨਾਮਦੇਵ ਸੰਬੰਧੀ ਪੇਸ਼ ਕੀਤੇ ਗਏ ਮੱਤ ਦੀਆਂ ਕਚਿਆਈਆਂ ਸਾਹਮਣੇ ਲਿਆ ਕੇ ਅਸਲੀਅਤ ਨਿਤਾਰਣ ਦਾ ਯਤਨ ਕਰਾਂਗੇ। ਗਿਆਨੀ ਜੀ ਨੇ ਜੋ ਨੁਕਤੇ ਉਠਾਏ ਹਨ, ਉਹ ਇਵੇਂ ਹਨ :

1. ਨਾਮਦੇਵ ਦੀ ਬੋਲੀ ਵਿਚ ਫ਼ਾਰਸੀ ਅਰਬੀ ਦੇ ਸ਼ਬਦ ਮਹਾਂਰਾਸ਼ਟਰ ਵਿਚ ਮੁਸਲਮਾਨਾਂ ਦੀ ਆਮਦ ਪਿਛੋਂ ਦੀ ਰਚਨਾ ਸਿੱਧ ਕਰਦੇ ਹਨ।
2. ਫ਼ਾਰਸੀ ਚੌਧਵੀਂ ਸਦੀ ਤੋਂ ਘੱਟੋ ਘੱਟ ਇਕ ਸੌ ਵਰ੍ਹਾ ਪਿਛੋਂ ਹੀ ਮਰਾਠੀ ਅਤੇ ਨਾਮਦੇਵ ਜੀ ਦੀ ਬੋਲੀ ਵਿਚ ਰਚਮਿਚ ਸਕਦੀ ਸੀ।
3. ਨਾਮਦੇਵ ਦੀ ਰਚਨਾ ਖ਼ਾਸ ਕਰ (ਹਿੰਦੀ ਪਦਿਆਂ) ਉਤੇ ਪੰਜਾਬੀ ਦਾ ਗਹਿਰਾ ਪ੍ਰਭਾਵ ਹੈ।

---

1. 14 ਜੂਨ, 1991, ਪੰ:11.
2. ਉਹੀ, ਪੰਨਾ 12.

4. ਨਾਮਦੇਵ ਦੇ ਹੱਥਾਂ ਦਾ 1585 ਸੰਨ ਸੰਮਤ ਦਾ ਲੇਖ (ਲਿਖਤ) ਉਨ੍ਹਾਂ ਬਾਰੇ ਪਹਿਲਾਂ ਹੋਏ ਦੱਸੇ ਜਾਣ ਵਾਲੇ ਨਾਮਦੇਵ ਦੇ ਸੰਮਤਾਂ ਨੂੰ ਇਕਦਮ ਰੱਦ ਕਰਦਾ ਹੈ।

5. ਨਾਮਦੇਵ ਦਾ ਸਰਗੁਣ ਭਗਤੀ ਤੋਂ ਨਿਰਗੁਣ ਭਗਤੀ ਵਿਚ ਪ੍ਰਵ੍ਰਿਤ ਹੋਣਾ ਇਕ ਵੱਡਾ ਪਲਟਾ ਹੈ। ਇਸ ਪਲਟੇ ਬਾਰੇ ਨਾਮਦੇਵ ਜੀ ਕਹਿੰਦੇ ਹਨ ਸਤਿਗੁਰੂ (ਨਾਨਕ) ਦੀ ਪ੍ਰਾਪਤੀ ਨਾਲ ਆਇਆ।

6. ਨਾਮਦੇਵ ਜੀ ਨੂੰ ਇਹ ਨਵਾਂ ਜੀਵਨ ਮਹਾਂਭਗਵਤ ਭਗਤ ਗੁਰੂ ਨਾਨਕ ਸਵਾਮੀ ਸਤਿਗੁਰੂ ਤੋਂ ਪ੍ਰਾਪਤ ਹੋਇਆ ਜਿਸਦਾ ਜ਼ਿਕਰ ਮਰਾਠੀ ਦੇ ਪੁਰਾਣੇ ਗ੍ਰੰਥਾਂ ਵਿਚ ਹੈ।

7. ਨਾਮਦੇਵ ਦੀ ਰਚਨਾ ਵਿਚ ਸੱਚੇ ਨਾਮ ( ਸਤਿਨਾਮ) ਦਾ ਮਹੱਤਵ ਅਤੇ ਸਿਮਰਣ ਦਾ ਵਰਣਨ ਹੈ।

8. ਪੁਰਾਤਨ ਮਰਾਠੀ ਦੇ ਪੁਰਾਤਨ ਲੇਖਕਾਂ ਦੀ ਰਚਨਾ ਵਿਚ ਨਾਮਦੇਵ ਦਾ ਦੱਖਣ ਦੇ ਕੁਮਾਰ ਤੀਰਥ ਉਤੇ ਮਹਾਂ ਭਗਵਤ ਭਗਤ ਨਾਨਕ ਸੁਵਾਮੀ ਨਾਲ ਮੇਲ ਹੋਣ ਦਾ ਉਲੇਖ ਹੈ, ਨਾਮਦੇਵ ਗੁਰੂ ਨਾਨਕ ਜੀ ਨੂੰ ਮਿਲੇ ਸਨ।

9. ਨਾਮਦੇਵ ਦਾ ਪੰਜਾਬ ਆ ਕੇ ਘੁਮਾਣ ਪਿੰਡ ਵਿਚ ਰਹਿਣ ਤੇ ਸਮਾਉਣ ਦਾ ਸਬੂਤ ਏਥੇ ਬਣੀ ਸਮਾਧ ਸਿੱਧ ਕਰਦੀ ਹੈ, ਉਨ੍ਹਾਂ ਦੀ ਬਾਣੀ ਉਤੇ ਪੰਜਾਬੀ ਪ੍ਰਭਾਵ ਕਿਉਂ ਪਏ ਅਤੇ ਸਤਿਗੁਰ-ਪ੍ਰਸਾਦਿ ਦਾ ਆਨੰਦ ਮਾਨਣ ਲਈ ਏਥੇ ਵੀਹ ਪੰਝੀ ਸਾਲ ਕਿਉਂ ਰਹੇ ?

10. ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਆਉਂਦੀ ਸੂਚਨਾ 'ਨਾਮਾ ਕਬੀਰ ਭਗਤ ਬਾਬੇ ਦੇ' ਕਿਸੇ ਵੀ ਸ਼ੱਕ ਦੀ ਗੁਜਾਇਸ਼ ਨਹੀਂ ਰਹਿਣ ਦਿੰਦੀ।

ਗਿਆਨੀ ਗੁਰਦਿੱਤ ਸਿੰਘ ਵਲੋਂ ਇਹ ਨੁਕਤੇ ਨਾਮਦੇਵ ਦੇ ਮਰਾਠੀ, ਹਿੰਦੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀ ਦੇ ਅਧਿਐਨ ਅਤੇ ਵਿਦਵਾਨਾਂ ਦੇ ਵਿਚਾਰਾਂ ਨੂੰ ਪੜ੍ਹ ਕੇ ਉਠਾਏ ਗਏ ਹਨ। ਸਾਡਾ ਇਤਰਾਜ਼ ਇਹ ਹੈ ਕਿ ਗਿਆਨੀ ਜੀ ਨੇ ਇਨ੍ਹਾਂ ਸਰੋਤਾਂ ਦੀ ਬਾਰੀਕਬੀਨੀ ਨਾਲ ਪੜਤਾਲ ਨਹੀਂ ਕੀਤੀ ਕੇਵਲ ਮਨਇੱਛਤ ਪ੍ਰਕਰਣਾਂ ਨੂੰ ਪੇਸ਼ ਕਰਕੇ ਮਨਚਾਹੇ ਸਿੱਟੇ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਗਿਆਨੀ ਜੀ ਦੀ ਕਾਹਲ ਅਤੇ ਮਨਚਿੰਦੇ ਨਤੀਜੇ ਪ੍ਰਾਪਤ ਕਰਨ ਦੀਆਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ :

ਗਿਆਨੀ ਜੀ ਅਨੁਸਾਰ, "ਮਹਾਰਾਸ਼ਟਰ ਸਰਕਾਰ ਨੇ ਇਕ ਵੱਡ ਆਕਾਰੀ ਗ੍ਰੰਥ ਨਾਮਦੇਵ ਗਾਥਾ 1150 ਸਫ਼ੇ ਦਾ ਛਾਪਿਆ ਹੈ, ਜਿਸ ਵਿਚ ਏਧਰੋਂ ਓਧਰੋਂ, ਜੋ ਭੀ ਨਾਮਦੇਵ ਦੇ ਨਾਮ ਲਟਾ ਪਟਾ ਮਿਲਦਾ ਸੀ, ਸਭ ਮਾਲ ਇਕੱਠਾ ਕਰਕੇ ਛਾਪ ਦਿੱਤਾ ਹੈ। ਹਿੰਦੀ ਪਦੇ, ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਪਦੇ ਭੀ ਸ਼ਾਮਲ ਹਨ, ਸਫ਼ਾ 804 ਤੋਂ 872 ਤੱਕ ਛਾਪੇ ਹਨ।"[1]

ਇਹ ਵਿਦਿਤ ਕਰਨਾ ਉਚਿਤ ਹੋਵੇਗਾ ਕਿ ਉਹ ਗ੍ਰੰਥ "ਸ੍ਰੀ ਨਾਮਦੇਵ ਗਾਥਾ ਹੈ ਜਿਸਦੇ ਸਫ਼ੇ 1152 ਹਨ, ਨਾ ਕਿ 1150 । ਜਿਹੜੇ "ਲਟੇ ਪਟੇ" ਦੀ ਗੱਲ ਕੀਤੀ ਹੈ ਉਹ ਲਟਾ ਪਟਾ ਨਹੀਂ ਸਗੋਂ ਵੱਖ ਵੱਖ ਸਰੋਤਾਂ ਤੋਂ ਪ੍ਰਾਪਤ ਹੱਥ-ਲਿਖਤਾਂ ਵਿਚਲੇ ਅਭੰਗਾਂ ਦਾ ਸੰਗ੍ਰਿਹ ਹੈ। ਇਨ੍ਹਾਂ ਹੱਥ-ਲਿਖਤਾਂ ਦਾ ਵਰਣਨ ਸੰਪਾਦਕ ਨੇ ਪ੍ਰਸਤਾਵਨਾ ਸਿਰਲੇਖ ਹੇਠ ਪੰਨਾ 86-88 ਤੱਕ ਕੀਤਾ ਹੈ। ਜਿਹੜੇ ਹਿੰਦੀ ਪਦਿਆਂ ਦੀ ਗੱਲ ਹੈ ਉਹ ਸਫ਼ਾ 804 'ਤੇ ਨਹੀਂ, ਸਗੋਂ 807 ਤੋਂ 872 ਉਤੇ ਹਨ। ਅਭੰਗਾਂ ਦੀ ਗਿਣਤੀ 2655 ਹੈ।

ਇਹ ਉਹ ਗ੍ਰੰਥ ਹੈ ਜਿਸ ਵਿਚ ਸ਼ਕ ਸੰਮਤ 1256 ਤੇ 1556 ਵਾਲੀਆਂ ਮਰਾਠੀ ਹੱਥ-ਲਿਖਤਾਂ ਤੋਂ ਵੀ ਅਭੰਗ ਉਤਾਰੇ ਗਏ ਹਨ। ਇਹ ਮਤ ਸ਼ਾਇਦ ਗਿਆਨੀ ਜੀ ਨੂੰ ਰਾਸ ਨ ਬੈਠੇ ਕਿਉਂ ਜੋ ਉਨ੍ਹਾਂ ਦੀ ਧਾਰਨਾ ਹੈ :"ਸਭ ਗ੍ਰੰਥ ਆਦਿ ਬੀੜ ਤੋਂ ਪਿਛੋਂ ਦੇ ਲਿਖੇ ਹੋਏ ਹਨ।"[2]

ਗਿਆਨੀ ਜੀ ਨੇ ਮਰਾਠੀ ਵਿਦਵਾਨ ਪ੍ਰੋ:ਬਲਵੰਤ ਪਟਵਰਧਨ ਦੇ ਵਿਲਸਨ ਫਿਲਾਲੋਜੀਕਲ ਲੈਕਚਰਾਂ ਦਾ ਹਵਾਲਾ ਦੇ ਕੇ ਸਿੱਟਾ ਕੱਢਿਆ ਹੈ ਕਿ ਨਾਮਦੇਵ ਕਿਸੇ ਵੀ ਹਾਲਤ ਵਿਚ ਗਿਆਨੇਸ਼ਵਰ (ਸ਼ਕ ਸੰਮਤ 1179) ਦੇ ਸਮਕਾਲੀ ਨਹੀਂ ਹਨ । ਪ੍ਰੋ:ਬਲਵੰਤ ਪਟਵਰਧਨ ਅਨੁਸਾਰ : "...ਸੋ ਸਚਾਈ ਇਹ ਹੈ ਕਿ ਨਾਮਦੇਵ ਦੀ ਰਚਨਾ, ਜੋ ਵੱਖ ਵੱਖ ਗਾਥਾਵਾਂ ਵਿਚ ਮਿਲਦੀ ਹੈ, ਵਿਔਜਨਾਂ ਦੀ ਸ਼ਬਦਾਵਲੀ ਤੇ ਵਿਆਕਰਣ ਏਨੇ ਜ਼ਿਆਦਾ ਆਧੁਨਿਕ ਹਨ ਕਿ ਨਾਮਦੇਵ ਨੂੰ ਗਿਆਨੇਸ਼ਵਰ ਦਾ ਸਮਕਾਲੀ ਨਹੀਂ

---

1. "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ", ਪੰ:218.
2. ਉਹੀ, ਪੰ:219.

ਅਮਲ, ਕਰਮ ਅਤੇ ਕਾਰ ਵਿਵਹਾਰ "ਅੱਲਾਹ ਲਈ" ਪਰਮੇਸ਼ਵਰ ਨਿਮਿਤ ਹੁੰਦਾ ਹੈ। ਸੂਫ਼ੀ ਸਾਧਨਾ ਇਕ ਪ੍ਰਕਾਰ ਦੀ ਬ੍ਰਹਮ ਸਾਧਨਾ ਹੈ ਜਿਸ ਵਿਚ ਬ੍ਰਹਮਯੋਗ ਦੁਆਰਾ ਸਾਰਾ ਜੀਵਨ ਬ੍ਰਹਮਮਈ ਹੋ ਜਾਂਦਾ ਹੈ। ਮਾਨਵ ਵਿਅਕਤਿਤਵ ਵਿਚ ਅਲੌਕਿਕ ਦਿਵਿਅਤਾ ਦੀ ਜੋਤ ਜਾਗ ਪੈਂਦੀ ਹੈ।"[1]

ਉਕਤ ਆਚਾਰ ਵਿਧਾਨ ਤੋਂ ਅਤਿਰਿਕਤ ਸੂਫ਼ੀਆਂ ਦੀ ਸ਼ਬਦਾਵਲੀ ਨੇ ਵੀ ਨਿਰਗੁਣ-ਕਾਵਿ ਨੂੰ ਪ੍ਰਭਾਵਿਤ ਕੀਤਾ। ਇਥੇ ਇਹ ਸਪਸ਼ਟ ਕਰ ਦੇਣਾ ਅਨਉਚਿਤ ਨਹੀਂ ਹੋਵੇਗਾ ਕਿ ਇਹ ਸਭ ਤੱਥ ਇੰਨ ਬਿੰਨ ਨਿਰਗੁਣ-ਕਾਵਿ ਵਿਚ ਨਹੀਂ ਆਏ, ਸਗੋਂ ਨਿਰਗੁਣਵਾਦ ਦੀ ਚਾਸ਼ਨੀ ਵਿਚ ਇਨ੍ਹਾਂ ਦਾ ਨਿਰਗੁਣੀਕਰਣ ਹੋਇਆ; ਮੁੱਢਲੇ ਸੂਫ਼ੀਵਾਦ ਦੇ ਅੱਤਵਾਦ ਦਾ ਨਿਰਗੁਣ-ਕਾਵਿ ਵਿਚ ਕਿਧਰੇ ਵੀ ਝਲਕ ਮਾਤਰ ਸਮਾਵੇਸ਼ ਨਹੀਂ ਹੋਇਆ।

ਇਸ ਤਰ੍ਹਾਂ ਇਨ੍ਹਾਂ ਪ੍ਰੇਰਨਾ-ਤੱਤਾਂ ਦਾ ਅਧਿਐਨ ਕਰਨ ਤੋਂ ਪਿੱਛੋਂ ਅਸੀਂ ਇਸ ਨਿਸ਼ਕਰਸ਼ ਤੇ ਅੱਪੜਦੇ ਹਾਂ ਕਿ ਨਿਰਗੁਣ-ਕਾਵਿ ਵੈਦਿਕ ਧਰਮ ਦੇ ਸਾਧਨਾ ਵਿਧਾਨ, ਅਵਤਾਰਵਾਦ, ਨਾਥਾਂ ਦੇ ਹੱਠ-ਕਰਮਾਂ, ਇਸਲਾਮ ਦੇ ਪੈਗ਼ੰਬਰਵਾਦ, ਰੋਜ਼ੇ-ਕਿਆਮਤ ਅਤੇ ਸੂਫ਼ੀਆਂ ਦੀ ਕੱਟੜ ਸਾਧਨਾ ਦੇ ਵਿਰੋਧ ਵਿਚ, ਨਾਥਾਂ ਤੇ ਸੂਫ਼ੀਆਂ ਦੇ ਇਕ-ਈਸ਼ਵਰਵਾਦ, ਸਹਿਜ-ਸਾਧਨਾ ਤੇ ਪ੍ਰੇਮਾ-ਭਗਤੀ ਦੇ ਮਾਰਗ ਤੋਂ ਵਿਸ਼ੇਸ਼ ਪ੍ਰੇਰਨਾ ਲੈ ਕੇ ਆਪਣੇ ਹੀ ਕਈ ਨਵੇਂ-ਨਵੇਕਲੇ ਤੇ ਵਿਲੱਖਣਤਾ ਭਰਪੂਰ ਅੰਸ਼ਾਂ ਦਾ ਸੁਮੇਲ ਕਰ ਕੇ ਯੁਗਾਨੁਕੂਲ ਸਥਿਤੀਆਂ ਲਈ ਇਕ ਵਿਚਾਰਧਾਰਾ ਨੂੰ ਜਨਮ ਦਿੰਦਾ ਹੈ। ਇਸ ਸਭ ਕੁਝ ਦਾ ਸਿੱਟਾ ਇਹ ਨਿਕਲਿਆ ਕਿ "ਨਿਰਗੁਣਵਾਦੀ ਕਾਵਿ-ਧਾਰਾ, ਪਰੰਪਰਾ ਤੇ ਪ੍ਰਕ੍ਰਿਆ ਵਿਕਾਸ ਕਰਦੀ ਨਵੀਨ ਸੰਕਲਪਾਂ, ਨਵੀਨ ਦ੍ਰਿਸ਼ਟੀਆਂ, ਨਵੀਨ ਕਾਵਿ-ਵਿਧਾਨਾਂ ਅਤੇ ਨਵੀਨ ਗਤੀਸ਼ੀਲ ਤੱਤਾਂ ਨੂੰ ਪ੍ਰਕਾਸ਼ਮਾਨ ਕਰ ਸਕੀ ਹੈ।[2]

---

1. ਪ੍ਰੋ. ਗੁਲਵੰਤ ਸਿੰਘ, 'ਫ਼ਾਰਸੀ ਸੂਫ਼ੀ ਕਾਵਿ ਅਤੇ ਨਿਰਗੁਣ ਧਾਰਾ', "ਪੰਜਾਬੀ ਦੁਨੀਆ", ਪੰ:195.
2. ਡਾ. ਪ੍ਰੇਮ ਪ੍ਰਕਾਸ਼ ਸਿੰਘ, "ਗੁਰੂ ਨਾਨਕ ਤੇ ਨਿਰਗੁਣ ਧਾਰਾ", ਪੰ:22.

(ਅ) ਸਮਾਜਕ ਪ੍ਰਸਥਿਤੀਆਂ :

ਨਿਰਗੁਣ-ਕਾਵਿ ਦੇ ਵਿਕਾਸ ਦੀ ਪਿੱਠ-ਭੂਮੀ ਵਿਚ ਦੇਸ਼ ਦੀ ਤਤਕਾਲੀਨ ਸਮਾਜਕ ਸਥਿਤੀ ਅਤੇ ਜੀਵਨ-ਅਵਸਥਾ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ । ਨਿਰਸੰਦੇਹ, ਹਿੰਦੂ ਸਮਾਜ ਜ਼ੁਲਮ ਦਾ ਸ਼ਿਕਾਰ ਹੋ ਰਿਹਾ ਸੀ ਅਤੇ ਉਸ ਦਾ ਹਿੰਦੂ-ਸ਼ਾਸਕਾਂ ਤੋਂ ਭਰੋਸਾ ਪੂਰੀ ਤਰ੍ਹਾਂ ਉੱਠ ਗਿਆ ਸੀ । ਹਿੰਦੂ-ਸ਼ਾਸਕਾਂ ਨੂੰ ਆਪਣੀ ਐਸ਼ੋ-ਇਸ਼ਰਤ ਤੋਂ ਵਿਹਲ ਨਹੀਂ ਸੀ ਮਿਲਦੀ । ਪਰਜਾ ਦੇ ਪਾਲਕ ਰਾਜੇ ਜਦੋਂ ਆਪਣਾ ਮਾਰਗ ਖੋਹ ਬੈਠਣ ਤਾਂ ਸਾਧਾਰਣ ਜਨਤਾ ਦੀ ਅਗਵਾਈ ਕੌਣ ਕਰੇ ?

ਛੋਟੀਆਂ ਜਾਤੀਆਂ ਵਾਲਿਆਂ ਨੂੰ ਪੰਡਤ ਤੇ ਪ੍ਰੋਹਿਤ ਧ੍ਰਿਸਕਾਰਦੇ ਸਨ । ਇਨ੍ਹਾਂ ਜਾਤੀਆਂ ਦੀ ਕੀ ਦਸ਼ਾ ਸੀ ਨਿਰਗੁਣ ਕਵੀ ਆਪਣੇ ਕਾਵਿ ਵਿਚ ਇਸ ਦੀ ਵਿਸਤ੍ਰਿਤ ਚਰਚਾ ਕਰਦੇ ਸਨ । ਨਾਮਦੇਵ ਨੂੰ ਮੰਦਰ ਵਿਚੋਂ ਧੱਕੇ ਪੈਣੇ[1]; ਕਬੀਰ ਦਾ ਜੰਜ਼ੀਰਾਂ ਨਾਲ ਜਕੜਿਆ ਜਾਣਾ[2] ਕਥਿਤ ਉੱਚ ਵਰਗ ਦੇ ਲੋਕਾਂ ਵਲੋਂ ਨੀਵੀਆਂ ਜਾਤੀਆਂ ਦੇ ਲੋਕਾਂ ਉਤੇ ਕੀਤੇ ਅਤਿਆਚਾਰ ਦਾ ਪ੍ਰਮਾਣ ਹਨ ।

---

1. "ਹਸਤ ਖੇਲਤ ਤੇਰੇ ਦੇਹੁਰੇ ਆਇਆ ।।
ਭਗਤਿ ਕਰਤ ਨਾਮਾ ਪਕਰਿ ਉਠਾਇਆ ।।
ਹੀਨੜੀ ਜਾਤ ਮੇਰੀ ਜਾਦਿਮ ਰਾਇਆ ।।
ਛੀਪੇ ਕੇ ਜਨਮਿ ਕਹੇ ਕਉ ਆਇਆ ।। ਰਹਾਉ ।।
ਲੈ ਕਮਲੀ ਚਲਿਓ ਪਲਟਾਇ ।।
ਦੇਹੁਰੇ ਪਾਛੈ ਬੈਠਾ ਜਾਇ ।।
ਜਿਉ ਜਿਉ ਨਾਮਾ ਹਰਿ ਗੁਣ ਉਚਰੈ ।।
ਭਗਤ ਜਨਾ ਕਉ ਦੇਹੁਰਾ ਫਿਰੇ।।"
'ਆਦਿ ਗ੍ਰੰਥ', ਰਾਗ ਭੈਰਉ, ਨਾਮਦੇਵ, ਪੰ:1164.

2. "ਅਤਿ ਅਥਾਹ ਜਲ ਗਹਿਰ ਗੰਭੀਰ।। ਬਾਂਧ ਜੰਜ਼ੀਰ ਠਾਡੇ ਹੈ ਕਬੀਰ।।
ਜਲਿ ਕੀ ਤਰੰਗ ਉਠਿ ਕਰਿ ਹੈ ਕਬੀਰ।। ਹਰਿ ਸਿਮਰਨ ਤਟ ਬੈਠੇ ਹੈ ਕਬੀਰ।।
"ਕਬੀਰ ਗ੍ਰੰਥਾਵਲੀ", ਪੰ:203
ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ, ਪੰ:24 ਤੋਂ ਉਦ੍ਰਿਤ

ਇਨ੍ਹਾਂ ਮਤਾਂ-ਮਤਾਂਤਰਾਂ ਤੋਂ ਛੁੱਟ ਕੁਝ ਅਜਿਹੀਆਂ ਵੀ ਤਤਕਾਲੀਨ ਪ੍ਰਸਥਿਤੀਆਂ ਸਨ, ਜਿਨ੍ਹਾਂ ਨੇ ਨਿਰਗੁਣ-ਕਾਵਿ ਨੂੰ ਉਦੀਪਤ ਕੀਤਾ ।ਸੁਵਿਧਾ ਹਿਤ ਅਸੀਂ ਇਨ੍ਹਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡ ਸਕਦੇ ਹਾਂ :

(ੳ) ਰਾਜਨੀਤਕ ਪ੍ਰਸਥਿਤੀਆਂ

(ਅ) ਧਾਰਮਿਕ ਪ੍ਰਸਥਿਤੀਆਂ

(ੲ) ਸਮਾਜਕ ਪ੍ਰਸਥਿਤੀਆਂ

(ੳ) ਰਾਜਨੀਤਕ ਪ੍ਰਸਥਿਤੀਆਂ :

ਮੱਧਯੁਗ ਵਿਚ ਨਿਰਗੁਣ ਵਿਚਾਰਧਾਰਾ ਦੇ ਪ੍ਰਸਫੁੱਟਿਤ ਹੋਣ ਵਿਚ ਅਤੇ ਇਸ ਦੇ ਵਿਕਸਿਤ ਹੋਣ ਵਿਚ ਰਾਜਨੀਤਕ ਪ੍ਰਸਥਿਤੀਆਂ ਦਾ ਵਿਸ਼ੇਸ਼ ਯੋਗਦਾਨ ਹੈ । ਜਿਸ ਸਮੇਂ ਭਗਤੀ ਲਹਿਰ ਦਾ ਜਨਮ ਹੋ ਰਿਹਾ ਸੀ ਉਸ ਸਮੇਂ ਹਿੰਦੁਸਤਾਨ ਸੰਘਰਸ਼-ਪੂਰਨ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਬਣਿਆ ਹੋਇਆ ਸੀ । ਤੁਰਕਾਂ, ਅਫ਼ਗਾਨਾਂ ਅਤੇ ਮੁਗ਼ਲਾਂ ਦੇ ਹਮਲਿਆਂ ਨੇ ਦੇਸ਼ ਅੰਦਰ ਇਕ ਹਲਚਲ ਜਿਹੀ ਮਚਾ ਰੱਖੀ ਸੀ । ਨੇਤਾ-ਜਨ ਵੱਖੋ ਵੱਖ ਵਿਚਾਰਧਾਰਾਵਾਂ ਅਤੇ ਧਾਰਮਿਕ ਸਾਧਨਾ-ਪੱਧਤੀਆਂ ਨਾਲ ਜੁੜੇ ਹੋਣ ਕਰਕੇ ਭਾਰਤ ਦੀ ਅਖੰਡ ਏਕਤਾ ਦੀ ਗੱਲ ਸੋਚ ਵੀ ਨਹੀਂ ਸੀ ਸਕਦੇ । ਦੂਸਰੇ ਪਾਸੇ ਤੁਰਕ, ਅਫ਼ਗਾਨ ਅਤੇ ਮੁਗ਼ਲ ਆਪਣੇ ਧਰਮ ਵਿਚ ਪੂਰੀ ਤਰ੍ਹਾਂ ਦ੍ਰਿੜ੍ਹ ਸਨ ਅਤੇ ਧਰਮ ਦੇ ਨਾਂ ਉੱਤੇ ਉਹ ਜੁਲਮ ਕਰਨ ਤੋਂ ਵੀ ਨਹੀਂ ਸਨ ਰੁਕਦੇ । ਇਸੇ ਧਾਰਮਿਕ ਸੰਕੀਰਨਤਾ ਵੱਸ ਉਨ੍ਹਾਂ ਸ਼ਾਸ਼ਕਾਂ ਨੇ ਹਿੰਦੂਆਂ ਦੀਆਂ ਮੂਰਤੀਆਂ ਨੂੰ ਤੋੜਿਆ ਫੋੜਿਆ ਅਤੇ ਹਿੰਦੂ ਧਰਮ ਦਾ ਨਾਸ ਕਰ ਦੇਣ ਲਈ ਬੀੜਾ ਚੁੱਕਿਆ। ਮੁਗ਼ਲ ਸ਼ਾਸ਼ਕਾਂ ਦੇ ਜ਼ੁਲਮ ਅੱਗੇ ਹਿੰਦੂ-ਨਰੇਸ਼ਾਂ ਦੀ ਬੇਵਸੀ ਨੇ ਜਨਤਾ ਦੇ ਉਤਸ਼ਾਹ ਤੇ ਉਮਾਹ ਨੂੰ ਢਾਹ ਮਾਰੀ । ਅਸਲ ਵਿਚ ਉਸ ਸਮੇਂ ਹਿੰਦੂਵਾਦ ਦਾ ਅਸਤਿਤਵ ਪੂਰੀ ਤਰ੍ਹਾਂ ਖਤਰੇ ਵਿਚ ਪੈ ਗਿਆ ਸੀ । ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਖੰਡਿਤ ਕੀਤਾ ਗਿਆ, ਪਰ ਮੂਰਤੀਆਂ ਵਿਚਲੇ ਭਗਵਾਨ ਦੀ ਚੁੱਪ ਨੇ ਜਨ-ਸਾਧਾਰਣ ਦੇ ਮੂਰਤੀਆਂ ਵਿਚਲੇ ਉਤਸ਼ਾਹ ਤੇ ਉਮਾਹ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ। ਜਨਤਾ ਨੂੰ ਇਕ ਨਵੇਂ ਦਰਸ਼ਨ ਅਤੇ ਸੁਨੇਹ ਦੀ ਡਾਢੀ ਲੋੜ ਸੀ ਜੋ ਨਿਰਗੁਣਵਾਦੀ ਕਵੀਆਂ ਨੇ ਦਿੱਤਾ ।

ਮੰਨਿਆ ਜਾ ਸਕਦਾ । ਜੇਕਰ ਭਵਿੱਖ ਦੀ ਖੋਜ ਨਾਮਦੇਵ ਬਾਣੀ ਦਾ ਕੋਈ ਐਸਾ ਖਰੜਾ ਲੈ ਆਵੇ, ਜੋ ਕਿ 'ਗਿਆਨੇਸ਼ਵਰੀ ਦੀ ਪੁਰਾਤਨ ਭਾਸ਼ਾ ਵਿਆਕਰਣ ਅਤੇ ਸੰਕੇਤਵਾਲੀ ਦੇ ਨੇੜੇ ਹੋਵੇ ਤਾਂ ਮੈਂ ਆਪਣੀ ਰਾਇ ਬਦਲਣ ਲਈ ਤਿਆਰ ਹੋਵਾਂਗਾ । ਪਰ ਉਸ ਸਮੇਂ ਤੱਕ ਮੈਂ ਆਪਣੇ ਸਿੱਟੇ ਨੂੰ ਨਹੀਂ ਬਦਲ ਸਕਦਾ ਕਿ 'ਗਿਆਨੇਸ਼ਵਰੀ' ਦੇ ਕਰਤਾ ਅਤੇ ਨਾਮਦੇਵ ਵਿਚਕਾਰ ਇਕ ਸਦੀ ਤੋਂ ਵਧੀਕ ਦਾ ਸਮਾਂ ਅਵੱਸ਼ ਬੀਤਿਆ ਹੋਵੇਗਾ ।[1]

ਅੱਗੇ ਚੱਲ ਕੇ ਪ੍ਰੋ:ਬਲਵੰਤ ਪਟਵਰਧਨ ਦਲੀਲ ਦਿੰਦਾ ਹੈ :"ਧਿਆਨ ਨਾਲ ਘੋਖਿਆਂ ਗਿਆਨੇਸ਼ਵਰ ਅਤੇ ਨਾਮਦੇਵ ਦੀ ਭਾਸ਼ਾ ਵਿਚਲੇ ਅੰਤਰ ਦੀ ਦਲੀਲ ਕਾਇਮ ਨਹੀਂ ਰਹਿੰਦੀ।" "ਨਾਮਦੇਵ ਦੇ ਕਾਵਿ ਦੀ ਭਾਸ਼ਾ ਗਿਆਨੇਸ਼ਵਰੀ ਨਾਲੋਂ ਕਈ ਗੁਣਾਂ ਵਧੀਕ ਆਧੁਨਿਕ ਹੈ । ਪ੍ਰੰਪਰਾਵਾਂ ਨੇ ਉਸਦਾ ਸਮਾਂ 1270-1350 ਮਿਥਿਆ ਹੈ, ਪਰ ਬਹੁਤ ਸੰਭਾਵਨਾ ਇਹ ਹੈ ਕਿ ਸਰ ਭੰਡਾਰਕਾਰ ਉਸ ਨੂੰ ਇਕ ਸਦੀ ਮਗਰੋਂ ਦਰਸਾਣ ਵਿਚ ਠੀਕ ਹੋਣ।"[2] ਪ੍ਰੋ:ਬਲਵੰਤ ਪਟਵਰਧਨ ਦੀਆਂ ਉਪਰੋਕਤ ਸਵੈ-ਵਿਰੋਧੀ ਦਲੀਲਾਂ ਤੋਂ ਪਤਾ ਲਗਦਾ ਹੈ ਕਿ ਪ੍ਰੋ:ਸਾਹਿਬ ਕੋਲ ਨਾਮਦੇਵ ਦੇ ਮਰਾਠੀ ਕਾਵਿ ਦੀਆਂ ਸਭ ਹੱਥ-ਲਿਖਤਾਂ ਸੰਪੂਰਣ ਰੂਪ ਵਿਚ ਮੌਜੂਦ ਨਹੀਂ ਸਨ । ਉਂਜ ਵੀ ਪ੍ਰੋ: ਪਟਵਰਧਨ ਦੇ ਲੈਕਚਰ 1917ਈ. ਵਿਚ ਦਿਤੇ ਹੋਏ ਹਨ ਅਰਥਾਤ ਅੱਜ ਤੋਂ 74 ਸਾਲ ਪਹਿਲਾਂ । ਇਸਤੋਂ ਪਿਛੋਂ ਨਾਮਦੇਵ ਬਾਰੇ ਆਧੁਨਿਕ ਵਿਦਵਾਨਾਂ ਨੇ ਹੋਰ ਖੋਜ ਕੀਤੀ ਹੈ । ਗਿਆਨੀ ਜੀ ਨੇ ਇਹ ਖੋਜ ਸ਼ਾਇਦ ਇਸ ਕਰਕੇ ਨਹੀਂ ਵਰਤੀ ਕਿਉਂਕਿ ਇਹ ਉਨ੍ਹਾਂ ਦੇ ਸਿੱਟਿਆਂ ਨੂੰ ਰੱਦ ਕਰਦੀ ਹੈ । ਚੱਲੋ, ਜੇਕਰ ਪ੍ਰੋ:ਪਟਵਰਧਨ ਜੀ ਦੀ ਗੱਲ ਮੰਨ ਲਈ ਜਾਵੇ ਤਾਂ ਇਹ ਸਮਾਂ 1370-1450ਈ. ਹੋਇਆ । ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਤਾਂ ਭਗਤ ਨਾਮਦੇਵ ਜੀ ਫਿਰ ਵੀ ਨ ਨਿਕਲੇ ।

ਪੰਜਾਬੀ ਵਿਚ ਉਪਲਬਧ ਜਨਮਸਾਖੀਆਂ ਜਾਂ ਗੋਸ਼ਟੀਆਂ ਵਾਂਗ ਹੀ ਹਿੰਦੀ ਸਾਹਿੱਤ ਵਿਚ ਵੀ ਕੁਝ ਲਿਖਤਾਂ ਅਜੇਹੀਆਂ ਹਨ । ਅਜਿਹੀ ਇਕ ਹਿੰਦੀ ਲਿਖਤ ਵਿਚੋਂ ਗਿਆਨੀ ਗੁਰਦਿੱਤ ਸਿੰਘ ਨੇ "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਅਧੂਰਾ ਹਵਾਲਾ (ਨਾਂ ਤੇ ਪੰਨਾ ਨੰਬਰ ਨਹੀਂ ਹੈ) ਦਿੱਤਾ ਹੈ :

---

1. "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ", ਪੰਨਾ 241 ਤੋਂ ਉਦ੍ਰਿਤ
2. ਉਹੀ, ਪੰਨਾ 243 ਤੋਂ ਉਦ੍ਰਿਤ

"ਨਾਮਦੇਵ ਜੀ ਪੰਡਰਪੁਰ ਮੇਂ ਤੀਨ ਮਾਸ ਰਹਿਣੇ ਕੇ ਬਾਦ ਫਿਰ ਦੱਖਣ ਕੇ ਤੀਰਥੋਂ ਕੇ ਦਰਸ਼ਨ ਕਰਨੇ ਕੇ ਲੀਏ ਬਿਠਲ ਭਗਵਾਨ ਕੀ ਅਰਾਧਨਾ ਸੇਂ ਸਭ ਸੰਤ ਵਹਾਂ ਨਿਕਲ ਪੜੇ । ...ਜਿਸ ਜਗਹਿ ਨਾਨਕ ਸਵਾਮੀ ਜੀ ਸੇ ਮੁਲਾਕਾਤ ਹੂਈ ।"[1]

ਇਸੇ ਹੀ ਤਰ੍ਹਾਂ ਮਿਹਰਬਾਨ ਵਾਲੀ ਜਨਮਸਾਖੀ ਵਿਚੋਂ ਸਾਖੀ ਦਾ ਇਕ ਹਿੱਸਾ ਗਿਆਨੀ ਜੀ ਨੇ ਨਿਮਨ ਲਿਖਤ ਅਨੁਸਾਰ ਲਿਆ ਹੈ :

"ਆਯੁਧਿਆ ਵਿਚ ਇਕ ਪੰਚ ਤੀਰਥੀ ਮਟ ਥਾ । ਉਸੀ ਮਹਿ (ਬਾਬਾ) ਬੈਠਾ ਪਰਲੀ ਦੱਖਣ ਕੀ ਤਰਫ਼ ਨਾਮ ਸਿਮਰਨ ਕਰਤਾ ਥਾ, ਤਬ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥ ਸਭ ਭਗਤ ਮਿਲ ਕਰ ਆਏ । ਨਾਮਾ, ਜੈ ਦੇਉ, ਕਬੀਰ, ਤ੍ਰਿਲੋਚਨ, ਰਵਿਦਾਸ, ਸਧਨਾ, ਧੰਨਾ, ਬੇਣੀ ।"[2]

ਗਿਆਨੀ ਜੀ ਦੀ ਖੋਜ ਵਿਧੀ ਦੀ ਸਭ ਤੋਂ ਵੱਡੀ ਤਰੁੱਟੀ ਇਹ ਹੈ ਕਿ ਕਿਸੇ ਲਿਖਤ ਵਿਚ ਉਹੀ ਸਤਰ ਢੁੱਕਦੇ ਹਨ ਜਿਸ ਨਾਲ ਇਨ੍ਹਾਂ ਦੀ ਧਾਰਨਾ ਪੁਸ਼ਟ ਹੁੰਦੀ ਹੋਵੇ । ਦੂਜੀ ਗੱਲ ਇਹ ਹੈ ਕਿ ਸਾਰੇ ਪ੍ਰਸੰਗ ਦੇ ਅਰਥ ਸਮਝਣ ਦੀ ਥਾਂ ਮਨਭਾਉਂਦਾ ਹਿੱਸਾ ਉਦ੍ਰਿਤ ਕਰ ਲੈਂਦੇ ਹਨ ਪਰ ਇਹ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਇਸਦੀ ਇਤਿਹਾਸਕ ਪ੍ਰਮਾਣਿਕਤਾ ਕੀ ਹੈ । ਉਦਾਹਰਣ ਹਿਤ ਉਪਰੋਕਤ ਹਿੰਦੀ ਲਿਖਤ ਤਾਂ ਸਾਨੂੰ ਮਿਲੀ ਨਹੀਂ । ਹਾਂ, ਮਿਹਰਬਾਨ ਵਾਲੀ ਜਨਮਸਾਖੀ ਵਿਚੋਂ ਸਫ਼ਾ 190 ਜਿਸਤੋਂ ਇਹ ਸਤਰਾਂ ਤਾਂ ਲੈ ਲਈਆਂ ਪਰ ਜੇਕਰ ਪੜ੍ਹਦੇ ਪੜ੍ਹਦੇ ਉਸੇ ਜਨਮਸਾਖੀ ਦਾ ਸਫ਼ਾ 198 ਵੇਖ ਲੈਂਦੇ ਤਾਂ ਗੱਲ ਸਪਸ਼ਟ ਹੋ ਜਾਂਦੀ । ਇਸ ਸਫ਼ੇ ਤੇ ਲਿਖਿਆ ਹੋਇਆ ਹੈ :

"ਤਬ ਭਗਤ ਬਿਦਾ ਹੋਇ ਕਰਿ ਸਚ ਖੰਡ ਕਉ ਸਿਧਾਰੇ ।"[3]

---

1. "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ", ਪੰ: 245.
2. ਉਹੀ ।
3. "ਜਨਮਸਾਖੀ ਸੋਢੀ ਮਿਹਰਬਾਨ", ਪੰ:198.

ਗਿਆਨੀ ਜੀ ਨੇ ਜੇਕਰ ਮਿਹਰਬਾਨ ਦਾ ਮਤ ਹੀ ਸਵੀਕਾਰ ਕਰਨਾ ਹੈ ਫਿਰ ਤਾਂ ਮਿਹਰਬਾਨ ਅਨੁਸਾਰ ਭਗਤ ਕਵੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਉਪਰੰਤ ਸਚਖੰਡ ਨੂੰ ਚਲੇ ਗਏ ਸਨ । ਸਪਸ਼ਟ ਹੈ ਕਿ ਫਿਰ ਤਾਂ ਸਭ ਭਗਤਾਂ ਦੀ ਸਮਾਧੀ ਅਯੁਧਿਆ ਵਿਚ ਚਾਹੀਦੀ ਹੈ ਕਿਉਂ ਜੋ ਗਿਆਨੀ ਜੀ ਨੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਨਾਮਦੇਵ ਸਭ ਭਗਤਾਂ ਨਾਲ ਅਯੁਧਿਆ ਵਿਚ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਪਰ ਵਾਸਤਵਿਕਤਾ ਇਹ ਨਹੀਂ ਹੈ । ਮਿਹਰਵਾਨ ਵਾਲੀ ਜਨਮਸਾਖੀ ਦੀ ਪ੍ਰਮਾਣਿਕਤਾ ਸ਼ੱਕੀ ਹੋਣ ਕਰਕੇ, ਜ਼ਾਹਰ ਹੈ ਕਿ ਜਿਹੜੇ ਨਤੀਜੇ ਇਸਨੂੰ ਆਧਾਰ ਬਣਾ ਕੇ ਕੱਢੇ ਗਏ, ਸ਼ੱਕੀ ਹੀ ਰਹਿਣਗੇ । ਜਨਮ ਸਾਖੀਆਂ ਦੀ ਇਤਿਹਾਸਕ ਮਹੱਤਤਾ ਬਾਰੇ ਡਾ. ਪਿਆਰ ਸਿੰਘ ਦਾ ਕਥਨ ਹੈ :

"ਜਨਮਸਾਖੀਆਂ ਦੀ ਇਤਿਹਾਸਕ ਮਹੱਤਾ ਬਾਰੇ ਅਕਸਰ ਕਿੰਤੂ ਕੀਤਾ ਜਾਂਦਾ ਹੈ । ਸ਼ਰਧਾ ਇਨ੍ਹਾਂ ਨੂੰ ਤੱਥ ਮੰਨਦੀ ਹੈ ਤੇ ਤਰਕ ਸੰਦਿਗਧ । ਇਸ ਪਿਛਲੇ ਮਤ ਦੀ ਇਕ ਵੱਡੀ ਪੁਣਛਾਣ ਵਾਲੀ ਰਚਨਾ 1968ਈ. ਵਿਚ ਛਪੀ ਡਾ. ਮੈਕਲਾਊਡ ਦੀ ਪੁਸਤਕ "ਗੁਰੂ ਨਾਨਕ ਐਂਡ ਦਾ ਸਿੱਖ ਰਿਲੀਜ਼ਨ" ਹੈ । ਇਸ ਵਿਚ ਵਿਦਵਾਨ ਲੇਖਕ ਨੇ ਬੜੀ ਪੁਣਛਾਣ ਪਿਛੋਂ ਇਹ ਤੱਤ ਕੱਢਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੁੜੀਆਂ ਬਹੁਤੀਆਂ ਘਟਨਾਵਾਂ ਇਤਿਹਾਸ ਨਾਲੋਂ ਦੰਤ-ਕਥਾਵਾਂ ਜਾਂ ਰਵਾਇਤਾਂ ਵਧੇਰੇ ਹਨ । ਇਨ੍ਹਾਂ ਸਾਖੀਆਂ ਦੀ ਕੀਤੀ ਪੁਣਛਾਣ ਵਿਚੋਂ ਇਨ੍ਹਾਂ ਵਿਚੋਂ ਬਹੁਤੀਆਂ ਦਾ ਸੰਬੰਧ ਪੁਰਾਣੇ ਧਾਰਮਿਕ ਆਗੂਆਂ, ਸੂਫੀਆਂ, ਸੰਤਾਂ ਤੇ ਪੀਰਾਂ-ਫ਼ਕੀਰਾਂ ਦੀਆਂ ਰਿਵਾਇਤਾਂ ਨਾਲ ਜਾ ਜੋੜਦੀ ਹੈ ।"[1] ਅੱਗੇ ਚੱਲਕੇ ਵਿਦਵਾਨ ਲੇਖਕ ਫਿਰ ਚਰਚਾ ਕਰਦਾ ਹੈ :

"ਸਾਡੇ ਸਾਖੀਕਾਰ ਇਤਿਹਾਸਕ ਸੂਝ ਨਹੀਂ ਸਨ ਰੱਖਦੇ । ਇਸ ਇਕ ਜਨਮਸਾਖੀਕਾਰ ਨੇ ਬਾਬੇ ਨਾਨਕ ਨੂੰ ਜੋ ਪੰਦਰਵੀਂ ਸੋਲ੍ਹਵੀਂ ਸਦੀ ਈਸਵੀ ਵਿਚ ਹੋਏ ਬਹਾਉਦੀਨ (ਮ੍ਰਿਤੂ 1267ਈ.) ਦੇ ਪੋਤੇ ਰੁਕਨਦੀਨ (ਮ੍ਰਿਤੂ 1375ਈ.), ਬਾਬਾ ਰਤਨ ਹਾਜੀ (ਮ੍ਰਿਤੂ 1234-1235ਈ.) ਅਤੇ ਗੋਰਖ ਨਾਥ (ਗਿਆਰਵੀਂ ਬਾਰ੍ਹਵੀਂ ਸਦੀ ਈ.) ਨਾਲ ਜਾ ਮਿਲਾਇਆ ਹੈ ਜੋ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਕਿਸੇ ਤਰ੍ਹਾਂ ਵੀ ਨਹੀਂ ਬਣਦਾ।[2]

---

1. "ਜਨਮਸਾਖੀ ਗੁਰੂ ਨਾਨਕ ਦੇਵ ਜੀ" (ਸੰਪਾ. ਡਾ. ਪਿਆਰ ਸਿੰਘ), ਪੰ:21.
2. ਉਹੀ, ਪੰ:21.

ਇਸ ਤਰ੍ਹਾਂ 'ਜਿਓਗ੍ਰਾਫਿਕ ਲਿਟ੍ਰੇਚਰ' ਨੂੰ ਇਤਿਹਾਸ ਮੰਨਕੇ ਇਤਿਹਾਸਕ ਤੱਥਾਂ ਤੋਂ ਮੂੰਹ ਮੋੜਨਾ ਹਠ-ਧਰਮੀ ਹੈ ਜੋ ਗਿਆਨੀ ਜੀ ਵਰਗੇ ਵਿਦਵਾਨ ਨੂੰ ਨਹੀਂ ਸ਼ੋਭਦੀ। ਆਪਦਾ ਪਹਿਲਾ ਨੁਕਤਾ ਹੈ ਕਿ ਨਾਮਦੇਵ ਦੀ ਬੋਲੀ ਵਿਚ ਫ਼ਾਰਸੀ ਅਰਬੀ ਦੇ ਸ਼ਬਦ ਮਹਾਂਰਾਸ਼ਟਰ ਵਿਚ ਮੁਸਲਮਾਨਾਂ ਦੀ ਆਮਦ ਪਿਛੋਂ ਦੀ ਰਚਨਾ ਸਿੱਧ ਕਰਦੇ ਹਨ।

ਮੁਸਲਮਾਨਾਂ ਦੀ ਮਹਾਂਰਾਸ਼ਟਰ ਵਿਚ ਆਮਦ ਕਦੋਂ ਹੋਈ ? "ਇਨਸਾਈਕਲੋਪੀਡੀਆ ਆਫ਼ ਰਿਲੀਜ਼ਨ" ਵਿਚ ਲਿਖਿਆ ਹੈ :"ਦੱਖਣ ਦੇ ਧੁਰਅੰਤਰ ਦਿੱਲੀ ਦੇ ਸੁਲਤਾਨਾਂ ਦੇ ਹਮਲਿਆਂ ਸਮੇਂ ਹੀ ਮੁਸਲਮਾਨ ਵਪਾਰੀ 13ਵੀਂ ਸਦੀ ਦੇ ਪ੍ਰਾਰੰਭ ਵਿਚ ਜਾ ਵੱਸੇ ਸਨ।"[1] 'History of Medieval Deccan' ਅਨੁਸਾਰ "ਸੁਲਤਾਨਾਂ ਦੇ ਹਮਲਿਆਂ ਤੋਂ ਵੀ ਬਹੁਤ ਪਹਿਲੇ ਮੁਸਲਮਾਨ ਫ਼ਕੀਰ ਦੱਖਣ ਵਿਚ ਖਾਨਗਾਹਾਂ ਬਣਾ ਕੇ ਵੱਸ ਚੁੱਕੇ ਸਨ।"[2] ਇਨ੍ਹਾਂ ਮੁਸਲਿਮ ਵਪਾਰੀਆਂ ਤੇ ਫ਼ਕੀਰਾਂ ਦੀ ਬੋਲੀ ਦਾ ਪ੍ਰਭਾਵ ਦੱਖਣ ਦੀ ਧਰਤੀ ਤੇ ਪੈਣਾ ਪ੍ਰਾਰੰਭ ਹੋਇਆ ਅਤੇ ਅਰਬੀ ਅਤੇ ਫ਼ਾਰਸੀ ਜੋ ਇਨ੍ਹਾਂ ਦੀ ਬੋਲੀ ਸੀ ਦੇ ਸ਼ਬਦਾਂ ਦਾ ਰਲਾ ਮਰਾਠੀ ਵਿਚ ਪਿਆ।

ਪ੍ਰਸਿੱਧ ਇਤਿਹਾਸਕਾਰ ਫਰਾਂਸਿਸ ਡੇ ਆਪਣੀ ਪੁਸਤਕ "The Land of Perumals" ਵਿਚ ਲਿਖਦੇ ਹਨ :"ਅਰਬ ਵਪਾਰੀ ਸੱਤਵੀਂ ਸਦੀ ਤੋਂ ਪਿਛੋਂ ਭਾਰਤ ਦੇ ਪੱਛਮੀ ਕੰਢੇ ਉਪਰਲੀਆਂ ਵੱਖ ਵੱਖ ਬੰਦਰਗਾਹਾਂ ਉਤੇ ਆ ਵੱਸੇ ਸਨ ਅਤੇ ਉਨ੍ਹਾਂ ਨੇ ਅਨੇਕਾਂ ਹਿੰਦੁਸਤਾਨੀ ਔਰਤਾਂ ਨਾਲ ਸ਼ਾਦੀ ਵੀ ਕੀਤੀ।"[3] ਪ੍ਰਸਿੱਧ ਇਤਿਹਾਸਕਾਰ, ਤਾਰਾ ਚੰਦ 'ਅਸ਼ੀਦਾ' ਦੇ ਹਵਾਲੇ ਨਾਲ ਲਿਖਦੇ ਹਨ : "ਇਸ ਸਮੇਂ ਮੁਸਲਮਾਨ ਧਰਮ ਦੀਆਂ ਕੁਝ ਮਹਾਨ ਸ਼ਖ਼ਸੀਅਤਾਂ ਦੇ ਨਾਲ ਨਾਲ ਨਿਰਸੰਦੇਹ, ਕੁਝ ਘੱਟ ਜਾਣੇ-ਪਛਾਣੇ ਲੋਕ ਵੀ ਭਾਰਤ ਵਿਚ ਰਹਿੰਦੇ ਰਹੇ ਤੇ ਮਿਹਨਤ-ਮੁਸ਼ੱਕਤ ਕਰਦੇ ਰਹੇ, ਅਤੇ ਆਪਣੇ

1. "Encyclopaedia of Religions", Page 392.
2. "History of Medieval Deccan", Vol.II,Ed.Prof.H.S.Shervani.
3. Francis Day, "The Land of Perumals", Page 365. Quoted by Tara Chand, "Influence of Islam on Indian Culture", Page 32.

ਸਖਸ਼ੀ ਪ੍ਰਭਾਵ ਨਾਲ ਭਾਰਤ ਦੀਆਂ ਚਾਰ ਦਿਸ਼ਾਵਾਂ ਵਿਚ ਉਨ੍ਹਾਂ ਨੇ ਇਸਲਾਮ ਦੇ ਦਰਸ਼ਨ ਨੂੰ ਫੈਲਾਇਆ ।"[1] ਡਾ. ਯੂਸਫਹੁਸੈਨ ਇਸ ਬਾਰੇ ਥੋੜ੍ਹਾ ਹੋਰ ਅਗੇਰੇ ਜਾਂਦੇ ਲਿਖਦੇ ਹਨ, "13ਵੀਂ ਸਦੀ ਤੱਕ ਮੁਸਲਮਾਨ ਸਾਸ਼ਕਾਂ ਦੀ ਜਿੱਤ ਉਪਰੰਤ ਫ਼ਾਰਸੀ ਅਤੇ ਅਰਬੀ ਦੇ ਸ਼ਬਦ ਦੱਖਣ ਵਿਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਘੁਲ ਮਿਲ ਗਏ ।"[2]

ਉਪਰੋਕਤ ਇਤਿਹਾਸਕਾਰਾਂ ਦੇ ਵਿਚਾਰਾਂ ਨੂੰ ਘੋਖਿਆਂ ਇਹ ਨਿਰਣਾ ਹੋ ਜਾਂਦਾ ਹੈ ਕਿ ਅਰਬੀ ਤੇ ਫ਼ਾਰਸੀ ਬੋਲੀ ਦੀ ਸ਼ਬਦਾਵਲੀ ਦਾ ਰਲਾ ਸੱਤਵੀਂ ਸਦੀ ਤੋਂ ਸ਼ੁਰੂ ਹੋ ਕੇ 13ਵੀਂ ਸਦੀ ਤੱਕ ਹਿੰਦ ਦੀਆਂ ਬੋਲੀਆਂ ਵਿਚ ਪੈ ਚੁੱਕਾ ਸੀ ।

ਇਸ ਤਰ੍ਹਾਂ ਗਿਆਨੀ ਗੁਰਦਿੱਤ ਸਿੰਘ ਦਾ ਇਹ ਕਥਨ ਨਿਰਾਧਾਰ ਬਣ ਜਾਂਦਾ ਹੈ ਕਿ ਨਾਮਦੇਵ ਦੀ ਬੋਲੀ ਵਿਚ ਫ਼ਾਰਸੀ ਅਰਬੀ ਦੇ ਸ਼ਬਦ ਚੌਧਵੀਂ ਸਦੀ ਤੋਂ ਘੱਟੋ ਘੱਟ ਇਕ ਸੌ ਵਰ੍ਹਾ ਪਿਛੋਂ ਅਰਥਾਤ ਪੰਦਰਵੀਂ ਸਦੀ ਵਿਚ ਹੀ ਰਲ ਸਕਦੇ ਸੀ । ਸਪਸ਼ਟ ਹੈ ਕਿ ਵੱਖ ਵੱਖ ਭਾਸ਼ਾਵਾਂ ਦੇ ਮਿਸ਼ਰਣ ਵਜੋਂ ਪ੍ਰਫੁਲਤ ਹੋਈ ਸਾਧੂਕੜੀ ਭਾਸ਼ਾ 13ਵੀਂ ਸਦੀ ਵਿਚ ਵੀ ਕੋਈ ਬਾਣੀਕਾਰ ਇਸ ਭਾਸ਼ਾ ਵਿਚ ਬਾਣੀ ਰਚ ਸਕਦਾ ਸੀ, ਜ਼ਰੂਰੀ ਨਹੀਂ ਕਿ ਸਾਧੂ ਭਾਖਾ ਵਿਚ ਬਾਣੀ ਰਚਣਵਾਲਾ ਪੰਦਰਵੀਂ ਸਦੀ ਵਿਚ ਹੀ ਪੈਦਾ ਹੋਇਆ ਹੋਵੇ । ਇਸ ਤਰ੍ਹਾਂ ਭਾਸ਼ਾ ਦੇ ਨੁਕਤਾ-ਨਿਗਾਹ ਤੋਂ ਨਾਮਦੇਵ ਨੂੰ ਪੰਦਰਵੀਂ ਸਦੀ ਵਿਚ ਪੈਦਾ ਹੋਇਆ ਦੱਸਣਾ ਇਕ ਹੱਠ ਧਰਮੀ ਤੋਂ ਵੱਧ ਹੋਰ ਕੁਝ ਨਹੀਂ ।

ਨਾਮਦੇਵ ਜੀ ਬਾਰੇ ਗਿਆਨੀ ਜੀ ਵੱਲੋਂ ਗੋਇੰਦਵਾਲ ਵਾਲੀਆਂ ਪੋਥੀਆਂ ਵਿਚੋਂ ਉਦ੍ਰਿਤ ਸੂਚਨਾ ਤੇ ਵਿਚਾਰ ਕਰਨੀ ਵੀ ਅਨਿਵਾਰੀ ਹੈ । ਇਨ੍ਹਾਂ ਪੋਥੀਆਂ ਵਿਚ ਆਈ ਸੂਚਨਾ :

ਭੈਰੋਂ ਕਮੀਰੁ ਨਾਮਾ ਭਗਤ ਗੁਰੂ ਬਾਬੇ ਦੇ ।।(ਪਤਰਾ 161)
ਕਬੀਰ ਨਾਮਾ ਭਗਤ ਬਾਬੇ ਦੇ ।।(ਪਤਰਾ 264)

---

1. "Influence of Islam on Indian Culture", Page 48.
2. ਡਾ. ਯੂਸਫਹੁਸੈਨ, "ਮੱਧਯੁਗੀਨ ਭਾਰਤੀਯ ਸੰਸਕ੍ਰਿਤੀ"(ਅਨੁ. ਡਾ. ਮੁਹੰਮਦ ਉਮਰ), ਪੰ:68.

ਕਾਸ਼ ! ਇਹ ਪੋਥੀਆਂ ਹਰ ਇਕ ਦੀ ਪਹੁੰਚ ਵਿਚ ਹੋਣ ਤਾਂ ਜੋ ਅਸਲੀਅਤ ਖੋਜੀ ਜਾ ਸਕੇ । ਜਿਹੜਾ ਵਿਦਵਾਨ "ਆਦਿ ਗ੍ਰੰਥ ਵਿਚੋਂ ਵੀ ਸ਼ਬਦਾਂ ਦੇ ਸ਼ਬਦ ਗਲਤ ਲਿਖੀ ਜਾਂਦਾ ਹੈ, ਨਾ ਤੁਕਾਂ ਠੀਕ, ਨਾ ਰਾਗ ਠੀਕ, ਨ ਮਹਲਾ ਠੀਕ, ਨ ਪ੍ਰਸੰਗ ਠੀਕ, ਅਜਿਹੇ ਲੇਖਕ ਕੋਲੋਂ ਅਸਲੀਅਤ ਦੀ ਆਸ ਕਰਨੀ ਫਜ਼ੂਲ ਹੀ ਭਾਸਦੀ ਹੈ ।[1] ਸ੍ਰੀ ਨਾਮਦੇਵ ਗਾਥਾ ਵਿਚੋਂ ਇਕ ਮਰਾਠੀ ਅਭੰਗ ਦਾ ਹਵਾਲਾ ਦੇ ਕੇ ਲੇਖਕ ਨੇ ਨਾਮਦੇਵ ਨੂੰ ਕਬੀਰ, ਸਧਨਾ ਤੇ ਰਵਿਦਾਸ ਦਾ ਸਮਕਾਲੀ ਸਿੱਧ ਕਰਨ ਦਾ ਯਤਨ ਕੀਤਾ ਹੈ । ਇਸ ਅਭੰਗ ਨੂੰ ਗਿਆਨੀ ਜੀ ਨੇ "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" ਦੇ ਪੰਨਾ 233- 34 ਉਤੇ ਅੰਕਿਤ ਕਰਕੇ ਅਭੰਗ ਦਾ ਨੰ:752 ਦਰਜ ਕੀਤਾ ਹੈ, ਪਰ ਅਫ਼ਸੋਸ ਅਜਿਹਾ ਕੋਈ ਅਭੰਗ "ਸ੍ਰੀ ਨਾਮਦੇਵ" ਗਾਥਾ ਵਿਚ ਪੰਨਾ 752 ਉਤੇ ਹੈ ਹੀ ਨਹੀਂ ।

ਸਾਨੂੰ ਇਹ ਗੱਲ ਕਰਨ ਦੀ ਇਸ ਲਈ ਲੋੜ ਭਾਸੀ ਕਿ ਗਿਆਨੀ ਜੀ ਅਜਿਹਾ ਕਰਨ ਦੇ ਆਦੀ ਹਨ ਜਿਵੇਂ ਕਿ "ਖ਼ਾਲਸਾ ਐਡਵੋਕੇਟ" ਵਿਚ ਸਰਦਾਰ ਨਰਿੰਦਰ ਸਿੰਘ ਸੋਚ ਨੇ ਪ੍ਰੋ:ਕਰਨਜੀਤ ਸਿੰਘ ਦੇ ਹਵਾਲੇ ਨਾਲ ਲਿਖਿਆ ਹੈ, "ਅੱਜ ਤੋਂ 30 ਸਾਲ ਪਹਿਲਾਂ ਗਿਆਨੀ ਜੀ ਨੇ ਇਕ ਲੇਖ ਵਿਚ ਲਿਖਿਆ ਸੀ ਕਿ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਬਾਬਾ ਫ਼ਰੀਦ ਜੀ ਦੀ ਬਾਣੀ ਨਹੀਂ,ਪਰ ਹੁਣ ਕਹਿੰਦੇ ਹਨ, ਦੋ ਸ਼ਬਦ ਦਰਜ ਹਨ ।"[2]

"ਵਾਰਾਂ ਭਾਈ ਗੁਰਦਾਸ" ਭਗਤਾਂ ਤੇ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਉਪਰ ਚਾਨਣ ਪਾਉਣ ਵਾਲਾ ਇਕ ਅਹਿਮ ਸਾਹਿੱਤਕ ਖਜ਼ਾਨਾ ਹੈ । ਇਨ੍ਹਾਂ ਵਿਚੋਂ ਵਾਰ 10ਵੀਂ ਦੀ 15ਵੀਂ ਪਉੜੀ ਵਿਚ ਭਗਤ ਕਬੀਰ ਜੀ ਨੂੰ ਰਾਮਾਨੰਦ ਜੀ ਤੋਂ 'ਰਾਮਨਾਮ' ਦਾ ਉਪਦੇਸ਼ ਮਿਲਣ ਦੀ ਘਟਨਾ ਇਵੇਂ ਬਿਆਨ ਕੀਤੀ ਹੈ :

ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦ ਗੁਸਾਈਂ ।।
ਅੰਮ੍ਰਿਤੁ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ ।।

---

1. "ਖ਼ਾਲਸਾ ਐਡਵੋਕੇਟ", 31 ਮਈ,1991.
2. ਉਹੀ ।

ਅਗੋ ਹੀ ਦੇ ਜਾਇਕੈ ਲੰਮਾ ਪਿਆ ਕਬੀਰ ਤਿਖਾਈਂ ।।
ਪੈਰੀਂ ਟੁੰਬ ਉਠਾਲਿਆ 'ਬੋਲਹੁ ਰਾਮਾ' ਸਿਖ ਸਮਝਾਈ ।।
ਜਿਉਂ ਲੋਹਾ ਪਾਰਸ ਛੁਹੇ ਚੰਦਨ ਵਾਸੁ ਨਿੰਮੁ ਮਹਿਕਾਈ ।।
ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰੂ ਦੀ ਵਡਿਆਈ ।।
ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ ।।
ਝਰਣਾ ਝਰਦਾ ਨਿਝਰਹੁ ਗੁਰਸਿਖ ਬਾਣੀ ਅਘੜ ਘੜਾਈ ।।
ਰਾਮ ਕਬੀਰੈ ਭੇਦੁ ਨ ਭਾਈ ।।

(ਵਾਰ 10ਵੀਂ)

ਜੇਕਰ ਕਬੀਰ ਜੀ ਜਾਂ ਨਾਮੇਦਵ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਆਏ ਹੁੰਦੇ ਤਾਂ ਭਾਈ ਗੁਰਦਾਸ ਨੂੰ ਇਸਦੀ ਕੋਈ ਭੁੱਲ ਨਹੀਂ ਸੀ ਹੋਣੀ । ਉਨ੍ਹਾਂ ਇਹ ਨਹੀਂ ਸੀ ਲਿਖਣਾ ਕਿ ਕਬੀਰ ਰਾਮਾਨੰਦ ਦਾ ਸਿੱਖ ਬਣਿਆ ਤੇ 'ਰਾਮ ਨਾਮ' ਦਾ ਜਾਪ ਜਪਿਆ, ਸਗੋਂ ਉਨ੍ਹਾਂ ਰਾਮਾਨੰਦ ਦੀ ਥਾਂ ਗੁਰੂ ਨਾਨਕ ਦੁਆਰਾ ਕਬੀਰ ਨੂੰ ਦੀਖਿਅਤ ਹੁੰਦੇ ਦੱਸਣਾ ਸੀ । ਨਾਮਦੇਵ ਤ੍ਰਿਲੋਚਨ ਸੰਵਾਦ ਦੀ ਗਵਾਹੀ ਆਦਿ ਗ੍ਰੰਥ ਵਿਚੋਂ ਉਪਲਬਧ ਹੈ :

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ।।
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ।।
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸੰਮਾਲਿ ।।
ਹਾਥ ਪਾਉ ਕਰ ਕਾਮੁ ਸਭ ਚੀਤੁ ਨਿਰੰਜਨ ਨਾਲਿ ।।

(ਆਦਿ ਗ੍ਰੰਥ, ਪੰ:1372-73)

ਇਸਤੋਂ ਅਤਿਰਿਕਤ ਨਾਮਦੇਵ-ਤਿਲੋਚਨ ਗੋਸ਼ਟੀ ਦਾ ਜ਼ਿਕਰ "ਵਾਰਾਂ ਭਾਈ ਗੁਰਦਾਸ" ਵਿਚ ਵੀ ਹੈ :

ਦਰਸਨੁ ਵੇਖਣ ਨਾਮਦੇਵ ਰਲ ਕੇ ਉਠਿ ਤ੍ਰਿਲੋਚਨ ਆਵੇ ।।
ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰ ਚਲਿਤ ਸੁਣਾਵੈ ।।
ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾ ਜੇ ਤਿਸੁ ਭਾਵੈ ।।
ਠਾਕੁਰ ਜੀ ਨੂੰ ਪੁਛਿਓਸੁ ਦਰਸਨ ਕਿਵੈ ਤ੍ਰਿਲੋਚਨ ਪਾਵੈ ।।

ਹਸਿਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ ।।
ਹਥਿ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ ।।
ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ ।।
(ਵਾਰ 10ਵੀਂ)

ਅਰਥਾਤ ਨਾਮਦੇਵ ਤ੍ਰਿਲੋਚਨ ਦੇ ਸਮਕਾਲੀ ਸਨ ਤੇ ਬਾਣੀਕਾਰ ਅਤੇ ਭਾਈ ਗੁਰਦਾਸ ਇਸਤੋਂ ਵਾਕਿਫ਼ ਸਨ ।

ਗੋਸ਼ਟਾਂ ਦਾ ਇਤਿਹਾਸਕ ਮਹੱਤਵ ਕਿਸ ਹੱਦ ਤੱਕ ਮੰਨਣਾ ਚਾਹੀਦਾ ਹੈ, ਅਸਾਂ ਸ਼ੁਰੂ ਵਿਚ ਇਹ ਸਪਸ਼ਟ ਕੀਤਾ ਹੈ । ਜੇਕਰ ਇਹਨਾਂ ਦਾ ਆਂਸ਼ਿਕ ਇਤਿਹਾਸਕ ਮਹੱਤਵ ਮੰਨ ਵੀ ਲਿਆ ਜਾਵੇ ਤਾਂ ਵੀ ਅਸੀਂ ਕਹਿ ਸਕਦੇ ਹਾਂ ਕਿ ਨਾਮਦੇਵ-ਨਾਨਕ ਗੋਸ਼ਟ ਨ ਮੌਖਿਕ ਰੂਪ ਵਿਚ ਤੇ ਨ ਹੀ ਲਿਖਤੀ ਰੂਪ ਵਿਚ ਪ੍ਰਚਲਿਤ ਹੈ । ਜੇਕਰ ਇਹ ਗੋਸ਼ਟੀ ਲੇਖਕਾਂ ਦੇ ਅਰਧ-ਚੇਤਨ ਮਨ ਵਿਚ ਵੀ ਹੁੰਦੀ ਤਾਂ ਇਹ ਗੋਸ਼ਟ ਲਿਖਤੀ ਰੂਪ ਵਿਚ ਜ਼ਰੂਰ ਘੜੀ ਜਾਣੀ ਸੀ । ਇਸ ਤਰ੍ਹਾਂ ਇਹ ਗੱਲ ਕਹਨੀ ਕਿ ਨਾਮਦੇਵ ਗੁਰੂ ਨਾਨਕ ਦੇ ਸਮਕਾਲੀ ਹਨ, ਬੇ-ਮਾਅਨਾ ਸਾਬਤ ਹੁੰਦੀ ਹੈ ।

ਅਸਲ ਵਿਚ ਨਾਮਦੇਵ ਦਾ ਜਨਮ ਕਦੋਂ ਹੋਇਆ ? ਇਸਦਾ ਉੱਤਰ ਸਾਨੂੰ "ਸ੍ਰੀ ਨਾਮਦੇਵ ਗਾਥਾ" ਵਿਚੋਂ ਮਿਲਦਾ ਹੈ । ਇਸ ਸੰਗ੍ਰਹਿ ਦੀ ਪ੍ਰਸਤਾਵਨਾ ਵਿਚ ਸੰਪਾਦਕ ਨੇ ਉਨ੍ਹਾਂ ਹੱਥ-ਲਿਖਤਾਂ ਦੀ ਚਰਚਾ ਕੀਤੀ ਹੈ ਜਿਨ੍ਹਾਂ ਤੋਂ ਨਾਮਦੇਵ ਦੀ ਮਰਾਠੀ ਬਾਣੀ ਉਤਾਰੀ ਗਈ । ਇਹ ਹੱਥ-ਲਿਖਤਾਂ ਕ੍ਰਮਵਾਰ ਸ਼ਕ ਸੰਮਤ 1256, 1553, 1657 ਅਤੇ 1691 ਵਿਚ ਤਿਆਰ ਕੀਤੀਆਂ ਗਈਆਂ ਹਨ । ਨਿਸ਼ਚੇ ਹੀ ਇਨ੍ਹਾਂ ਹੱਥ-ਲਿਖਤਾਂ ਵਿਚੋਂ ਵਿਸ਼ੇਸ਼ ਕਰਕੇ 1256 ਅਤੇ 1553 ਵਾਲੀਆਂ ਗੋਇੰਦਵਾਲ ਵਾਲੀਆਂ ਹੱਥ-ਲਿਖਤਾਂ ਤੋਂ ਪ੍ਰਾਚੀਨ ਹਨ । ਉਪਰੋਕਤ ਮਰਾਠੀ ਹੱਥ-ਲਿਖਤਾਂ ਵਿਚੋਂ ਜਿਹੜੇ ਅਭੰਗ "ਸ੍ਰੀ ਨਾਮਦੇਵ ਗਾਥਾ" ਵਿਚ ਉਤਾਰੇ ਗਏ, ਉਨ੍ਹਾਂ ਵਿਚੋਂ ਜਨਮ ਦੇ ਪ੍ਰਸੰਗ ਵਿਚ ਇਕ ਅਭੰਗ ਵਿਚਾਰਣਯੋਗ ਹੈ :

ਮਾਝੇ ਜਨਮ ਪੱਤ੍ਰ ਬਾਬਾ ਜੀ ਬ੍ਰਾਹਮਣੇ ।।
ਝਿਹਲੇ ਤਿਆਰੀ ਖੁਣ ਸਾਰੂ ਐਕਾ ।।
ਅਧਿਕ ਇਆਵਣ ਗਣਿਤ ਅਕ ਰਾਸ਼ਤੇ ।।

ਤਿਗਰਵਤਾ ਆਦਿਤਯ-ਰੋਹਣੀ ਸੀ ।।
ਸ਼ੁਕਲ ਇਕਾਦਸ਼ੀ ਦਾਰੁਣੀ ਰਵਿਵਾਰ ।।
ਪ੍ਰਭਵ ਸੰਵਤ ਸਰ ਸਾਲਿਵਾਹਣ ਸ਼ਕੇ ।।
ਪ੍ਰਸਵਲੀ ਮਾਤਾ ਮਜ ਮਲੁਮੂਤ੍ਰੀ ।।
ਤੇਵਹਾ ਜਿਹਰੇਵਰੀ ਲਹਿਲੇ ਦੇਵੇ ।।

(ਸ੍ਰੀ ਨਾਮਦੇਵ ਗਾਥਾ, ਅਭੰਗ 1240)

ਅਰਥਾਤ : ਮੇਰਾ ਜਨਮ-ਪੱਤਰਾ(ਜਨਮ ਕੁੰਡਲੀ) ਬਾਬਾ ਬ੍ਰਾਹਮਣ ਜੀ ਨੇ ਲਿਖਿਆ। ਉਸ ਦੀ ਸਾਰ ਨਿਸ਼ਾਨੀ ਸੁਣ । ਗਿਆਰਾਂ ਸੌ ਤੋਂ ਉਪਰ ਬਾਨ੍ਹਵੇਂ, ਕੱਤਕ ਦੀ ਸ਼ੁਕਲ ਇਕਾਦਸ਼ੀ ਦਿਨ ਐਤਵਾਰ ।। ਇਸ ਸ਼ੁਕ ਸੰਮਤ ਨੂੰ ਸੂਰਜ ਉਦੇ ਸਮੇਂ ਮੇਰੀ ਮਾਤਾ ਨੇ ਮਲ-ਮੂਤ੍ਰ ਤੋਂ ਮੈਨੂੰ ਜਨਮ ਦਿੱਤਾ ।। ਭਗਤ ਨਾਮਦੇਵ ਦੇ ਇਸ ਸਵੈਕਥਨੀ ਅਭੰਗ ਤੋਂ ਸਭ ਸ਼ੰਕਿਆ ਦੀ ਨਵਿਰਤੀ ਹੋ ਜਾਂਦੀ ਹੈ ਅਤੇ ਇਹ ਗੱਲ ਭਲੀ ਭਾਂਤ ਸਾਬਿਤ ਹੋ ਜਾਂਦੀ ਹੈ ਕਿ ਭਰਤ ਨਾਮਦੇਵ ਦਾ ਜਨਮ 1270ਈ: ਵਿਚ ਹੋਇਆ ।

ਉਪਰੋਕਤ ਅਭੰਗ ਦੇ ਆਧਾਰ ਉਤੇ ਆਰ. ਡੀ. ਰਾਨਾਡੇ[1], ਲਕਸ਼ਮਣ ਗਣੇਸ਼ਧੋਗ[2], ਮਾਧਵ ਗੋਪਾਲ ਦੇਸ਼ਮੁਖ[3], ਡਾ. ਤਾਰਨ ਸਿੰਘ[4], ਭਾਈ ਜੋਧ ਸਿੰਘ[5], ਕ੍ਰਿਪਾਲ ਸਿੰਘ ਨਾਰੰਗ[6], ਗਿਆਨੀ ਖਜ਼ਾਨ ਸਿੰਘ[7] ਅਤੇ ਡਾ. ਫ਼ੈ. ਕੇ. ਆਡਕਰ[8] ਤੋਂ ਬਿਨਾਂ ਅਣਗਿਣਤ ਹੋਰ ਵਿਦਵਾਨ ਨਾਮਦੇਵ ਦੀ ਜਨਮ ਮਿਤੀ 26 ਅਕਤੂਬਰ, 1270ਈ:(ਸ਼ਕ 1192 ਕੱਤਕ ਦੀ ਸ਼ੁਕਲ ਇਕਾਦਸ਼ੀ) ਸਵੀਕਾਰ ਚੁੱਕੇ ਹਨ । ਇੰਜ ਕਵੀ ਦੁਆਰਾ ਆਪਣੀ ਦਿੱਤੀ ਹੋਈ ਜਨਮ ਤਰੀਖ ਤੋਂ ਵੱਧ ਪ੍ਰਮਾਣਿਕ ਸੋਮਾ ਕੋਈ ਹੋਰ ਨਹੀਂ ਹੋ ਸਕਦਾ ।

---

1. "Mysticism in Maharashtra"
2. "ਨਾਮਦੇਵ", ਅਨੁ:ਸਵਰਨ ਸਿੰਘ, ਪੰ:15.
3. "ਨਾਮਦੇਵ", ਅਨੁ:ਹਰਿਭਜਨ ਸਿੰਘ, ਪੰ:18.
4. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿੱਤਕ ਇਤਿਹਾਸ", ਪੰ:156.
5. "ਨਾਮਦੇਵ ਤਥਾ ਹੋਰ ਭਗਤ:ਜੀਵਨ ਤੇ ਰਚਨਾ", ਪੰ:2.
6. "ਸੰਤ ਨਾਮਦੇਵ ਜੀ: ਜੀਵਨ,ਬਾਣੀ ਅਤੇ ਉਪਦੇਸ਼", ਪੰ:14.
7. "ਜਨਮ ਸਾਖੀ ਭਗਤ ਨਾਮਦੇਵ ਜੀ", ਪੰ:13.
8. "ਹਿੰਦੀ ਨਿਰਗੁਣ ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਰਚਨਾ",ਪੰ:64.

ਭਗਤ ਨਾਮਦੇਵ 26 ਅਕਤੂਬਰ, 1270ਈ. ਨੂੰ ਪੈਦਾ ਹੋਏ । ਨਿਰਣੈ ਕਰਨਾ, ਬੜਾ ਹੀ ਆਸਾਨ ਹੈ ਕਿ ਨਾਮਦੇਵ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਾਬਤ ਨਹੀਂ ਹੁੰਦੇ । ਦੋਨਾਂ ਦੀਆਂ ਜਨਮ ਮਿਤੀਆਂ ਵਿਚ 199 ਸਾਲਾਂ ਦਾ ਅੰਤਰ ਹੈ । ਇਹ ਵੀ ਸਾਬਤ ਹੋ ਗਿਆ ਕਿ ਉਸ ਸਮੇਂ ਅਰਬੀ ਫ਼ਾਰਸੀ ਸ਼ਬਦਾਵਲੀ ਸਥਾਨਕ ਭਾਰਤੀ ਜ਼ਬਾਨਾਂ ਵਿਚ ਰਚਮਿਚ ਰਹੀ ਸੀ ਅਤੇ ਇਸੇ ਹੀ ਬੋਲੀ ਵਿਚ ਨਾਮੇਦਵ ਜੀ ਨੇ 61 ਸ਼ਬਦ ਲਿਖੇ ।

## ਜਨਮ ਸਥਾਨ :

ਭਗਤ ਨਾਮਦੇਵ ਦੇ ਜਨਮ ਸਥਾਨ ਬਾਰੇ ਵੀ ਵਿਦਵਾਨਾਂ ਵਿਚ ਦੋ ਧਾਰਨਾਵਾਂ ਪ੍ਰਚਲਿਤ ਹਨ । ਇਸ ਸੰਬੰਧ ਵਿਚ ਹੁਣ ਤਕ ਕੋਈ ਇਕ ਮਤ ਕਾਇਮ ਨਹੀਂ ਕੀਤਾ ਜਾ ਸਕਿਆ । ਦੋ ਰਾਵਾਂ ਜੋ ਵਿਦਵਾਨ ਪ੍ਰਸਤੁਤ ਕਰਦੇ ਹਨ, ਇਵੇਂ ਹਨ :

(ੳ) ਨਾਮਦੇਵ ਦਾ ਜਨਮ ਸਥਾਨ ਪੰਡਰਪੁਰ ਹੈ ।

(ਅ) ਨਾਮਦੇਵ ਦਾ ਮੁੱਢਲਾ ਪਿੰਡ ਨਰਸੀ ਹੈ ਅਤੇ ਉਥੇ ਹੀ ਆਪ ਦਾ ਜਨਮ ਹੋਇਆ ।

(ੳ) ਨਾਮਦੇਵ ਦਾ ਜਨਮ ਸਥਾਨ ਪੰਡਰਪੁਰ ਮੰਨਣ ਵਾਲਿਆਂ ਦੇ ਪੱਖ ਵਿਚ ਜੋ ਪ੍ਰਮਾਣ ਉਪਲਬਧ ਹਨ, ਉਹ ਇਸ ਪ੍ਰਕਾਰ ਹਨ :

ਜਨਾਬਾਈ ਆਪਣੇ ਇਕ ਅਭੰਗ ਵਿਚ ਕਹਿੰਦੀ ਹੈ, 'ਨਾਮਦੇਵ ਦੇ ਜਨਮ ਤੋਂ ਪਹਿਲਾਂ ਉਸ ਦੇ ਮਾਤਾ ਪਿਤਾ ਪੰਡਰਪੁਰ ਵਿਚ ਰਹਿੰਦੇ ਸਨ । ਉਨ੍ਹਾਂ ਦੇ ਘਰ ਜੋ ਪੁੱਤਰ ਜਨਮਿਆ, ਉਹ ਹੀ ਨਾਮਦੇਵ ਸੀ '।[1]

ਹਿੰਦੀ ਵਿਚ ਨਾਮਦੇਵ ਦਾ ਸਭ ਤੋਂ ਪਹਿਲਾ ਚਰਿਤ੍ਰ ਲਿਖਣ ਵਾਲੇ ਅਨੰਤਦਾਸ ਸਨ, 'ਜੋ ਨਾਮਦੇਵ ਦਾ ਜਨਮ ਸਥਾਨ ਪੰਡਰਪੁਰ ਮੰਨਦੇ ਹਨ'।[2]

---

1. ਧੰਨਯ ਵੰਸ਼ ਜਯਾਚਾ।। ਬਰਕਾਰੀ ਪੰਡਰੀਚਾ ।।
ਜਨਮੋਜਨਮੀਚਾ ਅੰਕਿਲਾ ਤਯਾਨੀ ਦੇਵ ਗਿਸ਼ੀ ਕੇਲਾ।।
ਸ਼੍ਰੀ ਨਾਮਦੇਵ ਗਾਥਾ, ਕੁਟੰਬਿਆਚੇ ਵ ਪਰਿਬਰਾਂਤੀਲ ਇਤਰਾਚੇ, ਅਭੰਗ 547.

2. ਪੰਡਰ ਪੁਰ ਜਹਾਂ ਨਗਰ ਸਕਲ ਭੋਗ ਕਰਾਹੀ ।
ਨਾਮਦੇਵ ਕੇ ਪਿਤਾ ਬਸੈ ਬੈਰੋਜਾ ਮਾਹੀ ।
ਜਾਕੋ ਪੁੱਤਰ ਪੁਨੀਤ ਨਾਮਦੇਵ ਸਭ ਵਿਧਿ ਪੂਰੇ ।
ਸਕਲ ਸਿਰੋਮਨਿ ਸੰਤ ਵਿਗ੍ਹ ਸੂਰ ਨਿਭੈ ਸੂਰੇ ।
ਨਾਮਦੇਵ ਕੀ ਪਰਿਚਯੀ (ਹਥ ਲਿਖਤ), ਜਯਕਰ ਗ੍ਰੰਥਾਲਯ, ਪੂਨਾ ਵਿਸ਼ਵ-ਵਿਦਿਆਲਾ, ਪੂਨਾ।

ਪੰਜਾਬੀ ਦੇ ਸਾਖੀਕਾਰ ਪੂਰਨ ਦਾਸ[1], ਸੋਹਣ ਲਾਲ ਮਨੋਹਰ[2] ਅਤੇ ਗਿਆਨੀ ਖਜਾਨ ਸਿੰਘ[3] ਵੀ ਨਾਮਦੇਵ ਦਾ ਜਨਮ ਸਥਾਨ ਪੰਡਰਪੁਰ ਨੂੰ ਹੀ ਕਹਿੰਦੇ ਹਨ ।

(ਅ) ਦੂਸਰੀ ਧਾਰਨਾ ਜੋ ਨਾਮਦੇਵ ਦੇ ਜਨਮ ਸਥਾਨ ਬਾਰੇ ਵਿਅਕਤ ਕੀਤੀ ਜਾਂਦੀ ਹੈ, ਉਹ ਇਹ ਹੈ ਕਿ ਨਾਮਦੇਵ ਨਰਸੀ ਬ੍ਰਾਮਣੀ ਪਿੰਡ ਵਿਚ ਪੈਦਾ ਹੋਏ ਜੋ ਕਿ ਮਹਾਂਰਾਸ਼ਟਰ ਦੇ ਇਕ ਰੇਲਵੇ ਸਟੇਸ਼ਨ ਕਰਾਂਦ ਦੇ ਨੇੜੇ ਹੈ । 'ਸ੍ਰੀ ਨਾਮਦੇਵ ਗਾਥਾ' ਦੇ ਅਧਿਆਇ 'ਸ੍ਰੀ ਨਾਮਦੇਵ ਚਰਿਤ੍ਰ' ਵਿਚ ਲਿਖਿਆ ਮਿਲਦਾ ਹੈ, 'ਮੈਂ ਗੋਣਾਈ ਦੇ ਉਦਰ ਤੋਂ ਨਰਸੀ ਗਾਂਵ (ਪਿੰਡ) ਵਿਚ ਪੈਦਾ ਹੋਇਆ ।[4] ਹਿੰਦੀ ਵਿਦਵਾਨ ਮਾਧਵ ਗੋਪਾਲ ਦੇਸ਼ਮੁਖ[5] ਅਤੇ ਡਾ.ਭਗੀਰਥ ਮਿਸ਼ਰ ਵੀ ਇਸ ਮਤ ਨਾਲ ਸਹਿਮਤ ਹਨ ਕਿ ਨਾਮਦੇਵ ਨਰਸੀ ਬ੍ਰਾਮਣੀ ਪਿੰਡ ਵਿਚ ਜਨਮੇ ।[6] ਕੁਝ ਕੁ ਮਰਾਠੀ ਵਿਦਵਾਨਾਂ- ਕੇਸ਼ਵਰਾਮ ਕੋਰਾਤਪੁਰ, ਅਜਗਾਉਂਕਰ, ਪੰਗਾਰਕਰ ਭਾਵੇ ਅਤੇ ਡਾ. ਤਿਲਪੁਲੇ ਦੇ ਹਵਾਲੇ ਨਾਲ ਪ੍ਰਭਾਕਰ ਮਾਚਵੇ ਵੀ ਦ੍ਰਿੜ ਧਾਰਨਾ ਰੱਖਦੇ ਹਨ ਕਿ ਨਰਸੀ ਬ੍ਰਾਮਣੀ ਹੀ ਨਾਮਦੇਵ ਦਾ ਜਨਮ ਸਥਾਨ ਹੈ । ਮੈਕਾਲਫ਼ ਦੇ ਕਹਿਣ ਮੁਤਾਬਕ, 'ਨਾਮਦੇਵ ਨਰਸੀ ਬ੍ਰਾਮਣੀ ਪਿੰਡ ਵਿਚ ਜਨਮੇ ਜੋ ਕਰਾਦ ਦੇ ਨੇੜੇ ਹੈ ।[7] ਪ੍ਰੋ.ਸਾਹਿਬ ਸਿੰਘ

---

1. "ਜਨਮਸਾਖੀ ਭਗਤ ਨਾਮਦੇਵ ਜੀ", ਪੰ:36.
2. "ਯੁਗ ਪੁਰਸ਼ ਨਾਮਦੇਵ", ਪੰ:6.
3. "ਜਨਮ ਸਾਖੀ ਭਗਤ ਨਾਮਦੇਵ", ਪੰ:9.
4. ਗੋਣਾਈ ਦਾਮਾਸੇਠੀ ਜਾਲੇ ਪਾਣਿ ਗ੍ਰਹਿਣ ।
   ਸੰਸਾਰੀ ਅਸੋਨ ਨਰਸੀ ਗਾਂਵੀਂ ।।

   ਅਭੰਗ 1233.
5. "ਨਾਮਦੇਵ", ਅਨੁ:ਹਰਿਭਜਨ ਸਿੰਘ, ਪੰ:18.
6. "ਸੰਤ ਨਾਮਦੇਵ ਕੀ ਹਿੰਦੀ ਪਦਾਵਲੀ", ਪੰ:32.
7. "Namdev was the son of Damasheti, a tailor who resided at Narsi Bamani, a village near Karad."
   "Sikh Religion", Vol.VI, Page 17.

ਲਿਖਦੇ ਹਨ, "ਬੰਬਈ ਪ੍ਰਾਂਤ ਦੇ ਜ਼ਿਲ੍ਹਾ ਸਿਤਾਰਾ ਵਿਚ ਇਕ ਪਿੰਡ ਨਰਸੀ ਨਾਮ ਦਾ ਹੈ, ਜੋ ਕਰਾਤ ਰੇਲਵੇ ਸਟੇਸ਼ਨ ਦੇ ਨੇੜੇ ਹੈ, ਉਥੇ ਨਾਮਦੇਵ ਜਨਮੇ।[1]

ਪਿਛੇ ਉਦ੍ਰਿਤ "ਸ੍ਰੀ ਨਾਮਦੇਵ ਗਾਥਾ" ਵਿਚਲੀ ਗਵਾਹੀ ਉਨ੍ਹਾਂ ਵਿਦਵਾਨਾਂ ਦੇ ਪਲੜੇ ਨੂੰ ਭਾਰੀ ਤੇ ਇਸ ਵਿਚਾਰ ਨੂੰ ਸਾਰਥਕ ਬਣਾ ਦਿੰਦੀ ਹੈ ਕਿ ਨਾਮਦੇਵ ਪੰਡਰਪੁਰ ਵਿਚ ਨਹੀਂ, ਸਗੋਂ ਨਰਸੀ ਬ੍ਰਾਮਣੀ ਪਿੰਡ ਵਿਚ ਪੈਦਾ ਹੋਏ। ਇਸ ਤਰ੍ਹਾਂ ਨਰਸੀ ਬ੍ਰਾਮਣੀ ਪਿੰਡ ਨੂੰ ਭਗਤ ਨਾਮਦੇਵ ਦਾ ਜਨਮ-ਸਥਾਨ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

ਜਾਤ :

ਭਗਤ ਨਾਮਦੇਵ ਦੇ ਜੀਵਨੀਕਾਰਾਂ ਵਿਚੋਂ ਗਿਆਨੀ ਖਜਾਨ ਸਿੰਘ ਇਕ ਅਜਿਹਾ ਜੀਵਨੀਕਾਰ ਹੈ ਜੋ ਭਗਤ ਨਾਮਦੇਵ ਦੀ ਜਾਤ ਬਾਰੇ ਅਤਿ ਵਿਚੱਤਰ ਧਾਰਨਾ ਕਾਇਮ ਕਰੀ ਬੈਠਾ ਹੈ। ਉਹ 'ਆਦਿ ਗ੍ਰੰਥ' ਦੇ ਵਿਚਲੀਆਂ ਅਤੇ ਬਾਹਰਲੀਆਂ ਗਵਾਹੀਆਂ ਨੂੰ ਅੱਖਾਂ ਤੋਂ ਪਰੋਖਾ ਕਰਕੇ ਭਗਤ ਜੀ ਦੀ ਜਾਤ 'ਭਾਰਦਵਾਜ' ਲਿਖਦੇ ਹਨ।[2] ਗਿਆਨੀ ਖਜਾਨ ਸਿੰਘ ਦੇ ਇਸ ਮਤ ਦੀ ਪ੍ਰੋੜਤਾ ਕਿਧਰੋਂ ਨਹੀਂ ਹੁੰਦੀ।

ਪ੍ਰਾਚੀਨ ਯੁੱਗ ਵਿਚ ਜਾਤੀ ਵਿਵਸਥਾ ਕੰਮਕਾਜ ਤੇ ਹੀ ਨਿਰਭਰ ਕਰਦੀ ਰਹੀ ਸੀ। ਪੁੱਤਰ ਆਮ ਤੌਰ ਤੇ ਪਿਤਾ-ਪੁਰਖੀ ਕਿੱਤਾ ਹੀ ਸੰਭਾਲਦੇ ਰਹੇ। ਨਾਮਦੇਵ ਦੇ ਵੱਡੇ ਵਡੇਰੇ ਕੱਪੜੇ ਰੰਗਣ ਤੇ ਸਿਊਣ ਦਾ ਕੰਮ ਕਰਨ ਵਾਲੇ ਸਨ। ਅਜਿਹੇ ਪੇਸ਼ੇ ਦੇ ਲੋਕਾਂ ਨੂੰ ਛੀਪੇ ਜਾਂ ਛੀਂਬੇ ਕਿਹਾ ਜਾਂਦਾ ਹੈ। ਪੰਜਾਬੀ ਸ਼ਬਦ ਛੀਂਬਾ ਛੀਪਾ ਜਾਂ ਛਿੰਪੀ ਦਾ ਹੀ ਤਦਭਵ ਰੂਪ ਹੈ।[3] ਆਦਿ ਗ੍ਰੰਥ ਵਿਚ ਦਰਜ ਬਾਣੀ ਭਗਤ ਨਾਮਦੇਵ ਵਿਚ ਭਗਤ ਜੀ ਆਪਣੀ ਜਾਤ ਵੱਲ ਇਸ਼ਾਰਾ ਕਰਦੇ ਹਨ :

---

1. "ਭਗਤ ਬਾਣੀ ਸਟੀਕ", ਪੰ: 7.
2. "ਭਗਤ ਨਾਮਦੇਵ ਜੀ ਦਾ ਗੋਤਰ 'ਭਾਰਦਵਾਜ' ਹੈ, ਜਿਥੋਂ ਤਕ ਅਸੀਂ ਖੋਜ ਕੀਤੀ ਹੈ ਇਹ ਗੋਤਰ ਉਚੀ ਕੁਲ ਦੇ ਕਸ਼ੱਤਰੀਆਂ ਦੀ ਹੈ।"
   "ਜਨਮਸਾਖੀ ਭਗਤ ਨਾਮਦੇਵ ਜੀ", ਪੰ: 148.
3. "ਮਹਾਨ ਕੋਸ਼", ਪੰ: 492.

54091
UNIVERSITY LIBRARY

"ਮੈਂ ਛੀਂਬਿਆਂ ਦੇ ਘਰ ਜਨਮ ਲਿਆ ਤੇ ਗੁਰੂ ਦੇ ਉਪਦੇਸ਼ ਨੂੰ ਪਾ ਕੇ ਉਸ ਦੀ ਕ੍ਰਿਪਾ ਦੁਆਰਾ ਪਾਰਬ੍ਰਹਮ ਦੀ ਸੋਝੀ ਪਾਈ।"[1]

ਆਦਿ ਗ੍ਰੰਥ ਤੋਂ ਬਾਹਰ ਨਾਮਦੇਵ ਕਾਵਿ ਜੋ 'ਸ੍ਰੀ ਨਾਮਦੇਵ ਗਾਥਾ' ਵਿਚ ਸੰਕਲਿਤ ਹੈ, ਵਿਚ ਨਾਮਦੇਵ ਕਹਿੰਦੇ ਹਨ, 'ਕਿ ਛੀਂਬਿਆਂ ਦੀ ਕੁਲ ਵਿਚ ਮੇਰਾ ਜਨਮ ਹੋਇਆ'।[2] ਉਹ ਸਦਾ ਆਪਣੇ ਆਪ ਨੂੰ 'ਛੀਂਬਾ' ਹੀ ਕਹਿੰਦੇ ਰਹੇ ਹਨ ।[3] ਗੁਰੂ ਅਮਰਦਾਸ ਜੀ ਵੀ ਨਾਮਦੇਵ ਦੇ ਛੀਂਬਾ ਜਾਤੀ ਦੇ ਹੋਣ ਦੀ ਗਵਾਹੀ ਦਿੰਦੇ ਹਨ ।[4]

ਗੁਰੂ ਰਾਮਦਾਸ ਜਿਥੇ ਨਾਮਦੇਵ ਦੀ ਹਰੀ ਪ੍ਰਤੀ ਪ੍ਰੀਤ ਦਾ ਵਿਖਿਆਨ ਕਰਦੇ ਹਨ ਉਥੇ ਉਨ੍ਹਾਂ ਦੀ ਜਾਤੀ ਬਾਰੇ ਵੀ ਸੰਕੇਤ ਕਰਦੇ ਹਨ ।[5] ਇਸਤੋਂ ਉਪਰੰਤ

---

1. ਛੀਪੇ ਕੇ ਘਰਿ ਜਨਮੁ ਦੈਲਾ, ਗੁਰੁ ਉਪਦੇਸੁ ਭੈਲਾ ।
ਸੰਤਾ ਕੈ ਪਰਸਾਦਿ ਨਾਮਾ ਹਰਿ ਭੇਟੁਲਾ ।।
ਆਦਿ ਗ੍ਰੰਥ, ਰਾਗ ਗਉੜੀ ਨਾਮਦੇਵ, ਪੰਨਾ 486.
2. ਸਿੰਪਿਯਾਚੇ ਕੁਲੀ ਜਨਮ ਮਾਝਾ ਜਾਲਾ।
ਅਭੰਗ 1232, ਪੰ:511.
3. ਕਲਿਆਣੀਚਾ ਸਿੰਪੀ ਹਰਿ ਭਗਤ ਗੋਮਾ ।
ਅਭੰਗ 1233, ਪੰ:511.
ਅਤੇ
ਨਾਮਾ ਸਿੰਪੇ ਨਾਮਾ ਸਿੰਪੇ ।
ਅਭੰਗ 1237, ਪੰ:512.
4. ਨਾਮਾ ਛੀਂਬਾ ਕਬੀਰ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ ।।
"ਆਦਿ ਗ੍ਰੰਥ", ਸਿਰੀ ਰਾਗ ਮਹਲਾ 3, ਪੰ:67.
5. ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕ ਛੀਪਾ ਕਹੈ ਬੁਲਾਇ ।।
"ਆਦਿ ਗ੍ਰੰਥ", ਸਿਰੀ ਰਾਗ ਮਹਲਾ 4, ਪੰ:733.

ਜਿਵੇਂ ਕਿ ਉਪਰ ਇਸ਼ਾਰਾ ਕੀਤਾ ਗਿਆ ਹੈ, ਨਾਮਦੇਵ ਦੇ ਸਭ ਜੀਵਨੀਕਾਰ (ਮਰਾਠੀ, ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਦੇ) ਸਪਸ਼ਟ ਤੌਰ ਤੇ ਲਿਖਦੇ ਹਨ ਕਿ ਨਾਮਦੇਵ ਛੀਂਬਾ ਜਾਤ ਦੇ ਹੀ ਸਨ । ਇਸ ਤਰ੍ਹਾਂ ਭਗਤ ਜੀ ਦੀ ਜਾਤ ਉਪਰ ਕਿੰਤੂ ਕਰਨਾ ਬੇਲੋੜਾ ਹੀ ਭਾਸਦਾ ਹੈ ।

ਮਾਤਾ-ਪਿਤਾ ਤੇ ਪਰਿਵਾਰ :

ਕਈ ਸਾਖੀਕਾਰਾਂ ਨੇ ਭਗਤ ਨਾਮਦੇਵ ਨੂੰ ਅਜੋਨੀ, ਕਈਆਂ ਨੇ ਉਸਨੂੰ ਪਰਮਾਤਮਾ ਦੇ ਸੰਜੋਗ ਦੁਆਰਾ ਅਤੇ ਕਈਆਂ ਨੇ ਤਾਂ ਇਕ ਕੁਆਰੀ ਦੇਵਦਾਸੀ ਦੇ ਉਦਰ ਤੋਂ ਜਨਮਿਆ ਲਿਖਿਆ ਹੈ, ਪਰ ਅਜਿਹੇ ਵਿਚਾਰਾਂ ਨੂੰ ਅਜੋਕੀ ਵਿਗਿਆਨਕ ਸੋਚ ਸਵੀਕਾਰ ਨਹੀਂ ਕਰਦੀ । ਇਹ ਗੱਲਾਂ ਤਾਂ ਇਕ ਭਗਤ ਦੀ ਮਹਿਮਾ ਵਧਾਉਣ ਹਿਤ ਲਿਖੀਆਂ ਗਈਆਂ ਪ੍ਰਤੀਤ ਹੁੰਦੀਆਂ ਹਨ । ਅਸਲ ਗੱਲ ਤਾਂ ਇਹ ਹੈ :-

> ਛੀਪੇ ਕੇ ਘਰਿ ਜਨਮੁ ਦੈਲਾ
> ਗੁਰ ਉਪਦੇਸ ਭੈਲਾ ।।
>
> ਗਉੜੀ ਨਾਮਦੇਵ, ਆਦਿ ਗ੍ਰੰਥ, ਪੰ:486.

ਅਰਥਾਤ ਨਾਮਦੇਵ ਮਾਤਾ ਦੇ ਉਦਰ ਤੋਂ ਹੀ ਜਨਮੇ ।

ਭਗਤ ਨਾਮਦੇਵ ਦੇ ਮਾਤਾ ਪਿਤਾ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦਾ ਵੇਰਵਾ ਨਾਮਦੇਵ ਦੀ ਦਾਸੀ ਜਨਾਬਾਈ ਦੇ ਇਕ ਅਭੰਗ[1] ਤੋਂ ਮਿਲਦਾ ਹੈ, ਜੋ ਇਸ ਤਰ੍ਹਾਂ ਹੈ :

> ਗੋਣਾਈ ਰਾਜਾਈ ਦੋ ਧੀ ਸਾਸੂ ਸੁਣਾ ।
> ਦਾਮਾ ਨਾਮਾ ਜਾਣਾ ਬਾਪ ਲੇਕ ।
> ਨਾਰਾ ਵਿਠਾ ਗੋਂਦਾ ਮਹਾਦਾ ਚਵਥੇ ਪੁੱਤਰ ।

---

1. "ਸ੍ਰੀ ਨਾਮਦੇਵ ਗਾਥਾ", ਅਭੰਗ 417.

ਜਨਮਲੇ ਪਵਿਤਰ ਤਯਾਰੇ ਵੰਸ਼ੀ ।
ਲਾਡਾਈ ਗੋਡਾਈ ਯੇਸਾਈ ਸਾਖਾਰਾਈ ।
ਰਵਧੀ ਸੁਣਾ ਪਾਹੀ ਨਾਮਾਯਾਰਾ ।
ਲਿੰਬਾਈ ਤੀ ਨੇਕੀ ਆਊਂਬਾਈ ਬਹਿਣੀ ।
ਵੇਡੀ ਪਿਛਲੀ ਦਾਸੀ ਤਿਯਾਰੀ ਜਨੀ ।

ਉਕਤ ਅਭੰਗ ਤੋਂ ਪਰਿਵਾਰ ਦੇ ਮੈਂਬਰਾਂ ਦਾ ਬਿਓਰਾ ਇਵੇਂ ਹੈ :

| | | |
|---|---|---|
| 1. | ਦਾਮਸ਼ੇਟ | - ਪਿਤਾ (ਨਾਮਦੇਵ ਦੇ) |
| 2. | ਗੋਣਾਈ | - ਮਾਤਾ |
| 3. | ਆਊਤਾਈ | - ਭੈਣ |
| 4. | ਰਾਜਾਈ | - ਪਤਨੀ |
| 5. | ਨਾਰਾ | - ਜੇਠਾ ਪੁੱਤਰ |
| 6. | ਲਾਡਾਈ | - ਜੇਠੀ ਨੂੰਹ |
| 7. | ਵਿਠਾ | - ਦੂਸਰਾ ਪੁੱਤਰ |
| 8. | ਗੋਡਾਈ | - ਦੂਸਰੀ ਨੂੰਹ |
| 9. | ਗੋਦਾ | - ਤੀਸਰਾ ਪੁੱਤਰ |
| 10. | ਯੇਸਾਈ | - ਤੀਸਰੀ ਨੂੰਹ |
| 11. | ਮਹਾਦਾ | - ਚੌਥਾ ਪੁੱਤਰ |
| 12. | ਸਾਖਾਰਾਈ | - ਚੌਥੀ ਨੂੰਹ |
| 13. | ਲਿੰਬਾਈ | - ਧੀ |
| 14. | ਜਨਾਬਾਈ | - ਦਾਸੀ (ਸ਼ਿਸ਼) |

ਗੁਰੂ :

ਖੇਤਰ ਚਾਹੇ ਸੰਸਾਰਕ ਹੋਵੇ ਚਾਹੇ ਪਰਮਾਰਥਿਕ, ਗੁਰੂ ਦੀ ਦਇਆ, ਮਿਹਰ ਅਤੇ ਯੋਗ ਅਗਵਾਈ ਤੋਂ ਬਿਨਾਂ ਕਿਸੇ ਵੀ ਵਿਸ਼ੇਸ਼ ਪਦ ਤੇ ਪਹੁੰਚਣਾ ਕਠਿਨ ਹੀ ਨਹੀਂ, ਸਗੋਂ ਅਸੰਭਵ ਵੀ ਹੈ । ਗੁਰੂ ਦੀ ਮਹਾਨਤਾ ਬਾਰੇ ਤਾਂ ਗੁਰਮਤਿ ਸਪਸ਼ਟ ਫੈਸਲਾ ਦਿੰਦਾ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ।।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ।।[1]

ਨਾਮਦੇਵ ਪ੍ਰਭੂ ਭਗਤੀ ਪ੍ਰਤੀ ਕਿਸ਼ੋਰ ਅਵਸਥਾ ਤੋਂ ਯਤਨਸ਼ੀਲ ਸਨ, ਪਰੰਤੂ ਸਤਿਗੁਰੂ ਨਾਲ ਮਿਲਾਪ ਭਰ ਜਵਾਨੀ ਵਿਚ ਪਹੁੰਚ ਕੇ ਹੀ ਹੋਇਆ । 'ਦੇਹਧਾਰੀ ਸਤਿਗੁਰੂ ਦੀ ਆਵੱਸ਼ਕਤਾ ਦਾ ਗਿਆਨ ਆਪ ਨੂੰ ਗਿਆਨੇਸ਼ਵਰ ਅਤੇ ਨਵਿਰਤੀ ਨਾਥ ਆਦਿ ਭਗਤਾਂ ਨਾਲ ਮੁਲਾਕਾਤ ਸਮੇਂ ਹੋਇਆ । ਇਸ ਸਮੇਂ ਘੁਮਿਆਰ ਭਗਤ ਸ੍ਰੀ ਗੋਰਾ ਵੀ ਉਥੇ ਮੌਜੂਦ ਸੀ । ਕਿਹਾ ਜਾਂਦਾ ਹੈ ਕਿ ਭਗਤ ਗੋਰੇ ਨੇ ਨਾਮਦੇਵ ਨੂੰ ਕਿਹਾ ਕਿ ਤੂੰ ਨਿਗੁਰਾ ਹੈਂ, ਜਿਸ ਕਾਰਨ ਤੂੰ ਮਿੱਟੀ ਦਾ ਐਸਾ ਕੱਚਾ ਭਾਂਡਾ ਹੈਂ ਜਿਸ ਵਿਚ ਨ ਕੁਝ ਪੈ ਸਕਦਾ ਹੈ, ਨ ਠਹਿਰ ਸਕਦਾ ਹੈ । ਪਹਿਲੋਂ ਤਾਂ ਨਾਮਦੇਵ ਨੇ ਇਸ ਵਿਚ ਆਪਣੀ ਬੇਇਜ਼ਤੀ ਮਹਿਸੂਸ ਕੀਤੀ ਅਤੇ ਉਨ੍ਹਾਂ ਦੇ ਦਿਲ ਨੂੰ ਬਹੁਤ ਠੇਸ ਲੱਗੀ, ਪਰ ਬਾਅਦ ਵਿਚ ਉਨ੍ਹਾਂ ਨੂੰ ਇਸ ਬਚਨ ਦੀ ਸਚਿਆਈ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ ।[2] ਉਕਤ ਘਟਨਾ ਨੇ ਨਾਮਦੇਵ ਦੀ ਸੋਚ ਨੂੰ ਪਲਟ ਕੇ ਰੱਖ ਦਿੱਤਾ । ਉਹ ਹੁਣ ਆਪਣੇ ਇਸ਼ਟ ਅੱਗੇ ਪ੍ਰਾਰਥਕ ਬਣੇ ਕਿ ਉਨ੍ਹਾਂ ਦਾ ਕਿਸੇ ਪੂਰਨ ਆਤਮਾ ਨਾਲ ਮੇਲ ਹੋ ਜਾਵੇ, ਜਿਸ ਨੂੰ ਆਪ ਗੁਰੂ ਧਾਰਨ ਕਰਕੇ ਦੀਖਿਆ ਪ੍ਰਾਪਤ ਕਰ ਸਕਣ । 'ਸ੍ਰੀ ਨਾਮਦੇਵ ਗਾਥਾ' ਦੇ ਅਭੰਗ 1334 ਤੋਂ 1337 ਵਿਚ ਵੀ ਇਸ ਘਟਨਾ ਦੇ ਵਾਪਰਨ ਅਤੇ ਨਾਮਦੇਵ ਦੇ ਕੋਮਲ ਹਿਰਦੇ ਉਪਰ ਪਏ ਇਸ ਦੇ ਪ੍ਰਭਾਵ ਦਾ ਸੁਵਿਸਥਾਰ ਵਰਣਨ ਹੈ ।

ਇਕ ਮਰਾਠੀ ਅਭੰਗ ਦੇ ਆਧਾਰ ਤੇ ਡਾ. ਆਰ. ਡੀ. ਰਾਨਾਡੇ ਨੇ ਨਾਮਦੇਵ ਦੀ ਸੋਚ ਵਿਚ ਪਰਿਵਰਤਨ ਲਿਆਉਣ ਵਾਲੀ ਇਕ ਦਿਲਚਸਪ ਪਰ ਤਰਕ ਰਹਿਤ ਘਟਨਾ ਬਿਆਨ ਕੀਤੀ ਹੈ । ਉਸ ਅਨੁਸਾਰ "ਨਾਮਦੇਵ ਕਿਸ਼ੋਰ ਅਵਸਥਾ ਤੱਕ ਇਕ ਕਠੋਰ-ਚਿਤ ਡਾਕੂ ਰਹੇ ਸਨ ਜੋ ਕਿ ਕਤਲੋਗਾਰਤ ਤੋਂ ਵੀ ਪਿੱਛੇ ਨਹੀਂ ਸਨ ਹਟਦੇ । ਇਕ ਵਾਰੀਂ ਆਪ ਨੇ 84 ਘੋੜ ਸਵਾਰਾਂ ਨੂੰ ਕਤਲ ਕਰ ਦਿੱਤਾ । ਜਦੋਂ ਆਪ ਉਸ

---

1. "ਆਦਿ ਗ੍ਰੰਥ", ਆਸਾ ਮਹਲਾ ੧, ਪੰ:463.
2. ਕ੍ਰਿਪਾਲ ਸਿੰਘ ਨਾਰੰਗ, "ਸੰਤ ਨਾਮਦੇਵ ਜੀ:ਜੀਵਨ,ਬਾਣੀ ਤੇ ਉਪਦੇਸ਼",ਪੰ:16.

ਮੰਦਰ ਦੇ ਦਰਸ਼ਨ ਕਰਨ ਗਏ ਜਿਥੇ ਕਿ ਉਹ ਅਕਸਰ ਜਾਇਆ ਕਰਦੇ ਸਨ ਤਾਂ ਉਨ੍ਹਾਂ ਨੇ ਵੇਖਿਆ ਕਿ ਇਕ ਔਰਤ ਆਪਣੇ ਭੁੱਖੇ ਪਿਆਸੇ ਰੋ ਰਹੇ ਬੱਚੇ ਨੂੰ ਕੇਵਲ ਇਸ ਲਈ ਗਾਲਾਂ ਦੇ ਰਹੀ ਸੀ ਕਿ ਔਰਤ ਪਾਸ ਬੱਚੇ ਨੂੰ ਖਵਾਉਣ ਲਈ ਕੁਝ ਨਹੀਂ ਸੀ । ਪੁੱਛਣ ਤੇ ਨਾਮਦੇਵ ਨੂੰ ਪਤਾ ਲੱਗਾ ਕਿ ਉਸ ਦਾ ਪਤੀ ਵੀ 84 ਘੋੜ ਸਵਾਰਾਂ ਨਾਲ ਕਤਲ ਕਰ ਦਿੱਤਾ ਗਿਆ ਹੈ । ਇਹ ਸਭ ਕੁਝ ਸੁਣ ਕੇ ਨਾਮਦੇਵ ਪਛਤਾਵੇ ਦੀ ਅੱਗ ਵਿਚ ਸੜਣ ਲੱਗੇ ਅਤੇ ਮਨ ਵਿਚ ਵੈਰਾਗ ਉਤਪੰਨ ਹੋਇਆ ।[1] ਮੈਕਾਲਿਫ ਇਹ ਮੰਨਣ ਤੋਂ ਇਨਕਾਰੀ ਹਨ ਕਿ ਨਾਮਦੇਵ ਕਿਸੇ ਸਮੇਂ ਡਾਕੂ ਰਹੇ ਹੋਣਗੇ ।[2] ਮੁਮਕਿਨ ਹੈ ਕਿ ਅਜਿਹਾ ਅਭੰਗ ਕਿਸੇ ਹੋਰ ਨਾਮਦੇਵ ਸੰਤ ਦਾ ਹੋਵੇ, ਜਿਨ੍ਹਾਂ ਬਾਰੇ ਅਸੀਂ ਅਧਿਆਇ ਦੇ ਪ੍ਰਾਰੰਭ ਵਿਚ ਚਰਚਾ ਕਰ ਆਏ ਹਾਂ ।

---

1. "Namdev led a very lawless life in the beginning of his career. We are told that he was a marauder and a way-layer, who once upon a time killed eighty four horse-men, and when he had gone to visit the temple of amiadhaya, as was his usual custom, he saw a woman rebuking her child which was crying because he had nothing to eat; and when Namdev enquired, she told him that she was made a widow, and the child and orphan, on account of her husband being killed among the eighty four horsemen by a certain way; upon which Namdeva's heart was touched to the quick and he when inside the temple and in the fury of repentance, he struck his neck with a sey the and let loose streams of blood on the Deity."

   "Mysticism in Maharashtra", Page 186.

2. "The Sikh Religion", Vol.VI, Page 20.

ਇਸਤੋਂ ਬਿਨਾਂ "ਆਦਿ ਗ੍ਰੰਥ", "ਨਾਮਦੇਵ ਕੀ ਹਿੰਦੀ ਪਦਾਵਲੀ" ਜਾਂ "ਸ੍ਰੀ ਨਾਮਦੇਵ ਗਾਥਾ" ਵਿਚੋਂ ਕੋਈ ਵੀ ਇਸ਼ਾਰੇ ਮਾਤਰ ਗਵਾਹੀ ਨਹੀਂ ਮਿਲਦੀ ਜਿਸ ਤੋਂ ਇਹ ਸਿੱਟਾ ਨਿਕਲ ਸਕੇ ਕਿ ਨਾਮਦੇਵ ਕਿਸੇ ਸਮੇਂ ਧਾੜਵੀ ਜਾਂ ਡਾਕੂ ਰਹੇ ਹੋਣਗੇ। ਸੱਚ ਤਾਂ ਇਹ ਹੈ ਕਿ ਨਾਮਦੇਵ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਦੇ ਮਾਲਕ ਸਨ।

ਗਿਆਨੇਸ਼ਵਰ ਅਤੇ ਹੋਰ ਸੰਤਾਂ ਦੀ ਸੰਗਤ ਤੋਂ ਹੀ ਜਾਗਰੂਕ ਹੋ ਕੇ ਨਾਮਦੇਵ ਗੁਰੂ ਦੀ ਭਾਲ ਵਿਚ ਨਿਕਲੇ। ਨਾਮਦੇਵ ਦਾ ਗੁਰੂ ਨਾਲ ਮੇਲ ਕਿਸ ਸਥਾਨ ਤੇ ਹੋਇਆ? ਇਸ ਬਾਰੇ ਵੀ ਵਿਦਵਾਨਾਂ ਦੀਆਂ ਵੱਖਰੀਆਂ ਵੱਖਰੀਆਂ ਰਾਵਾਂ ਹਨ। ਮਰਾਠੀ ਵਿਦਵਾਨ ਮਾਧਵ ਗੋਪਾਲ ਦੇਸ਼ਮੁਖ ਅਨੁਸਾਰ ਇਹ ਮੇਲ ਔਧਿਆ ਨਾਗ ਨਾਥ ਵਿਚ ਹੋਇਆ।[1] ਡਾ. ਡੰ:ਕੇ: ਆਡਕਰ ਇਸ ਸਿੱਟੇ ਤੇ ਪਹੁੰਚਦੇ ਹਨ ਕਿ ਨਾਮਦੇਵ ਗੁਰੂ ਦੀ ਭਾਲ ਵਿਚ ਔਧਿਆ ਨਾਗ ਨਾਥ ਦੇ ਮੰਦਰ ਵਿਚ ਪਹੁੰਚੇ ਜਿਥੇ ਉਨ੍ਹਾਂ ਦਾ ਗੁਰੂ ਨਾਲ ਮੇਲ ਹੋਇਆ।[2] ਮੈਕਾਲਫ਼ ਅਨੁਸਾਰ ਇਹ ਮੁਲਾਕਾਤ ਵਡਬਲ ਵਿਚ ਹੋਈ। ਪ੍ਰੋ. ਸਾਹਿਬ ਸਿੰਘ ਵੀ ਮੈਕਾਲਫ਼ ਦੇ ਮਤ ਨਾਲ ਹੀ ਸਹਿਮਤ ਹਨ।[3] ਕਿਰਪਾਲ ਸਿੰਘ ਨਾਰੰਗ ਅਨੁਸਾਰ ਨਾਮਦੇਵ ਦੀ ਆਪਣੇ ਸਤਿਗੁਰੂ ਨਾਲ ਪਹਿਲੀ ਮਿਲਣੀ ਜਗਨਨਾਥ ਦੇ ਮੰਦਰ ਵਿਚ ਹੋਈ।[4] ਸ੍ਰੀ ਨਾਮਦੇਵ ਗਾਥਾ ਦੇ ਇਕ ਅਭੰਗ[5] ਵਿਚ ਸਪਸ਼ਟ ਤੌਰ ਤੇ ਲਿਖਿਆ ਹੈ ਕਿ ਔਧਾ ਨਾਗ ਨਾਥ ਦੇ ਮੰਦਰ ਵਿਚ ਹੀ ਨਾਮਦੇਵ ਦਾ ਗੁਰੂ ਨਾਲ ਮਿਲਾਪ ਹੋਇਆ। ਇਹ ਅਭੰਗ ਇਸ ਤਰ੍ਹਾਂ ਚਲਦਾ ਹੈ : ਜਦੋਂ

---

1. "ਨਾਮਦੇਵ", ਅਨੁ: ਹਰਿਭਜਨ ਸਿੰਘ, ਪੰ:32.
2. "ਹਿੰਦੀ ਨਿਰਗੁਣ ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਕਵਿਤਾ", ਪੰ:86.
3. "ਭਗਤ ਬਾਣੀ ਸਟੀਕ", ਹਿੱਸਾ ਤੀਜਾ, ਪੰ:7.
4. "ਸੰਤ ਨਾਮਦੇਵ ਜੀ -ਜੀਵਨ, ਬਾਣੀ ਤੇ ਉਪਦੇਸ਼", ਪੰ:16.
5. 'ਖੇਚਰੇ ਕੇਲੀ ਮਾਵ ਲਿੰਗਾਵਰੀ ਦੇਉਨਿ ਪਾਵ। ਪਹਾਵਯਾ ਭਾਵ ਨਾਮਯਾਚਾ। ਨਾਮਾ ਤੇਥੇ ਆਲਾ ਦੇਵ ਨਮਸਕਾਰਿਲਾ।
   "ਸ੍ਰੀ ਨਾਮਦੇਵ ਗਾਥਾ", ਅਭੰਗ ਨੰ:1352.

ਨਾਮਦੇਵ 'ਇਸ ਮੰਦਰ ਵਿਚ ਪਹੁੰਚੇ ਤਾਂ ਮੰਦਰ ਦੇ ਪੁਜਾਰੀ 'ਵਿਸ਼ੋਬਾਖੇਚਰ' ਸ਼ਿਵਲਿੰਗ ਉਪਰ ਪੈਰ ਰੱਖ ਕੇ ਲੰਮੇ ਪਏ ਸਨ। ਨਾਮਦੇਵ ਇਸ ਸਮੇਂ ਤਕ ਮੂਰਤੀ ਪੂਜਾ ਵਿਚ ਸ਼ਰਧਾ-ਭਾਵ ਰੱਖਦੇ ਸਨ। ਇਹ ਨਜ਼ਾਰਾ ਨਾਮਦੇਵ ਨੂੰ ਅਤਿ-ਘਿਰਣਾਯੋਗ ਭਾਸਿਆ ਤੇ ਗੁੱਸੇ ਵਿਚ ਪੁਜਾਰੀ ਦੇ ਪੈਰ ਦੂਸਰੇ ਪਾਸੇ ਕਰ ਦਿੱਤੇ। ਨਾਮਦੇਵ ਦੀ ਹੈਰਾਨੀ ਦੀ ਕੋਈ ਹੱਦ ਨ ਰਹੀ ਜਦੋਂ ਆਪ ਨੇ ਸ਼ਿਵਲਿੰਗ ਨੂੰ ਵੀ ਉਸੇ ਪਾਸੇ ਘੁੰਮਿਆ ਹੋਇਆ ਦੇਖਿਆ। ਆਪ ਵਿਸ਼ੋਬਾਖੇਚਰ ਦੇ ਵਿਅਕਤਿਤਵ ਤੋਂ ਪ੍ਰਭਾਵਿਤ ਹੋਏ ਬਿਨਾ ਨ ਰਹਿ ਸਕੇ। ਇਹ ਸੀ ਨਾਮਦੇਵ ਦੀ ਗੁਰੂ ਨਾਲ ਪਹਿਲੀ ਮਿਲਣੀ'। ਡਾ. ਰਾਨਾਡੇ ਵੀ ਇਸ ਅਭੰਗ ਨੂੰ ਆਧਾਰ ਮੰਨ ਕੇ ਉਕਤ ਘਟਨਾ ਨੂੰ ਸਹੀ ਮੰਨਦੇ ਹਨ।[1]

ਵਿਸ਼ੋਬਾਖੇਚਰ ਦੀ ਸੰਗਤ ਨੇ ਨਾਮਦੇਵ ਦੇ ਭਰਮ ਜਾਲ ਨੂੰ ਤੋੜ ਦਿੱਤਾ। ਉਹ 'ਬੀਠਲ' ਹੁਣ ਨਾਮਦੇਵ ਨੂੰ ਘਟ-ਘਟ ਵਿਚ ਰਮਿਆ ਵਿਖਾਈ ਦੇਣ ਲੱਗਾ। ਨਿਰਸੰਦੇਹ, ਨਾਮਦੇਵ ਦੇ ਵਿਚਾਰਾਂ ਵਿਚ ਕ੍ਰਾਂਤੀਕਾਰੀ ਤਬਦੀਲੀ ਗੁਰੂ ਦੇ ਮਿਲਾਪ ਨੇ ਲਿਆਂਦੀ।[2] ਹੁਣ ਆਪ ਨਿਰਗੁਣ ਬ੍ਰਹਮ ਦੇ ਉਪਾਸ਼ਕ ਹੋ ਚੁੱਕੇ ਸਨ।

<u>ਯਾਤਰਾਵਾਂ</u> :

'ਗੁਰੂ' ਵਾਲੇ ਪ੍ਰਕਰਣ ਵਿਚ ਅਸੀਂ ਜ਼ਿਕਰ ਕਰ ਆਏ ਹਾਂ ਕਿ ਨਾਮਦੇਵ ਗਿਆਨੇਸ਼ਵਰ ਦੀ ਸੰਤ-ਮੰਡਲੀ ਤੋਂ ਪਰੀਚਿਤ ਹੋ ਹੀ ਚੁੱਕੇ ਸਨ, ਗੁਰੂ ਵਿਸ਼ੋਬਾਖੇਚਰ

---

1. Mysticism in Maharashtra, Page 186.

2. ਸਫਲ ਜਨਮੁ ਮੋ ਕਉ ਗੁਰਿ ਕੀਨਾ ॥
ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥
ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥
ਰਾਮ ਨਾਮ ਬਿਨੁ ਜੀਵਨ ਹੀਨਾ ॥
"ਆਦਿ ਗ੍ਰੰਥ", ਰਾਗ ਬਿਲਾਵਲੁ, ਨਾਮਦੇਵ, ਪੰ:857.

ਤੋਂ ਦੀਖਿਅਤ ਹੋਣ ਉਪਰੰਤ ਆਪ ਦੇ ਵਿਚਾਰ ਹੋਰ ਵੀ ਪਰਿਪੱਕ ਅਤੇ ਪ੍ਰੋੜ੍ਹ ਹੋ ਗਏ । ਹੁਣ ਪੰਡਰਪੁਰ ਹੀ ਨਹੀਂ, ਸਗੋਂ ਸਾਰਾ ਸੰਸਾਰ ਆਪ ਨੂੰ ਆਪਣਾ ਆਪਣਾ ਲੱਗਣ ਲੱਗਾ; ਉਹ ਬੀਠਲ (ਵਿਠੁਲ) ਜਿਹੜਾ ਪੰਡਰਪੁਰ ਦੇ ਮੰਦਰ ਵਿਚਲੀ ਮੂਰਤੀ ਵਿਚੋਂ ਹੀ ਆਪ ਨੂੰ ਦਿਸਦਾ ਸੀ, ਜ਼ਰੇ-ਜ਼ਰੇ ਵਿਚ ਪ੍ਰਤੀਤ ਹੋਣ ਲੱਗ ਪਿਆ:

ਸਭਿ ਗੋਬਿੰਦੁ ਹੈ ਸਭਿ ਗੋਬਿੰਦੁ ਹੈ ਗੋਬਿੰਦੁ ਬਿਨੁ ਨਹੀ ਕੋਇ ।।[1]

ਅਤੇ

ਈਭੈ ਬੀਠਲੁ ਊਭੈ ਬੀਠਲੁ ਬੀਠਲੁ ਬਿਨੁ ਸੰਸਾਰੁ ਨਹੀ ।।[2]

ਗਿਆਨੇਸ਼ਵਰ ਦੀ ਪ੍ਰੇਰਨਾ ਤੇ ਉਸ ਦੇ ਸਾਥ ਵਿਚ ਨਾਮਦੇਵ ਯਾਤਰਾ (ਭ੍ਰਮਣ) ਤੇ ਚਲ ਪਏ । ਆਰੰਭ ਵਿਚ ਉਨ੍ਹਾਂ ਉਤਰੀ ਭਾਰਤ ਦਾ ਭ੍ਰਮਣ ਕੀਤਾ । 'ਸ੍ਰੀ ਨਾਮਦੇਵ ਗਾਥਾ' ਵਿਚਲੇ 'ਤੀਰਥਾਵਲੀ' ਕਾਂਡ ਵਿਚ ਇਨ੍ਹਾਂ ਯਾਤਰਾਵਾਂ ਦਾ ਵਿਸਤ੍ਰਿਤ ਰੂਪ ਵਿਚ ਵਰਣਨ ਮਿਲਦਾ ਹੈ । ਡਾ. ਛੈ:ਕੇ. ਆਡਕਰ ਸ੍ਰੀ ਦੇਵੀ ਸਿੰਘ ਚੌਹਾਨ ਦੇ ਹਵਾਲੇ ਨਾਲ ਲਿਖਦੇ ਹਨ, "ਨਾਮਦੇਵ ਦੀ ਪਹਿਲੀ ਯਾਤਰਾ ਸੰਨ 1216 ਦੇ ਆਸਪਾਸ ਹੋਈ । ਉਨ੍ਹਾਂ ਨੇ ਆਪਣੇ 'ਗਿਆਨੋਬਾਚੀ ਕਾਸ਼ੀ ਯਾਤਰਾ ਸੰਨ 1216' ਸਿਰਲੇਖ ਹੇਠ ਲੇਖ ਵਿਚ ਦਸਿਆ ਹੈ ਕਿ ਕਾਂਸ਼ੀ ਦੇ ਦਸ਼ਾਸ਼੍ਵਮੇਧ ਘਾਟ ਉਤੇ ਗਿਆਨੇਸ਼ਵਰ ਮੱਠ ਹੈ । ਉਥੇ ਇਕ ਸਤੰਭ ਉਤੇ ਸੰਮਤ 1351 ਲਿਖਿਆ ਹੈ । ਸੰਮਤ 1351 ਦੇ ਸਮਾਨੰਤਰ ਸੰਨ 1216 ਆਉਂਦਾ ਹੈ । ਗਿਆਨੇਸ਼ਵਰ ਦੇ ਨਾਲਜਦੋਂ ਨਾਮਦੇਵ ਕਾਂਸ਼ੀ ਯਾਤਰਾ ਤੇ ਗਏ ਤਾਂ ਉਹ ਉਥੇ ਹੀ ਠਹਿਰੇ ਸਨ।"[3]

ਕ੍ਰਿਪਾਲ ਸਿੰਘ ਨਾਰੰਗ ਅਨੁਸਾਰ "ਨਾਮਦੇਵ ਗਿਆਨੇਸ਼ਵਰ ਦੇ ਨਾਲ ਪਹਿਲੀ ਯਾਤਰਾ ਸਮੇਂ ਰਾਜਿਸਥਾਨ ਵੀ ਗਏ । ਇਸ ਇਲਾਕੇ ਵਿਚ ਆਪ ਦੀ ਯਾਤਰਾ

---

1. "ਆਦਿ ਗ੍ਰੰਥ", ਪੰ: 485.
2. ਉਹੀ ।
3. "ਹਿੰਦੀ ਨਿਰਗੁਣ ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਰਚਨਾ", ਪੰਨਾ 89.

ਦੀ ਸਮ੍ਰਿਤੀ ਵਿਚ ਇਕ ਖੂਹ ਵੀ ਹੈ ।[1] ਇਹ ਖੂਹ ਕੋਲਾਯਾਤ ਵਿਖੇ ਹੈ ਜੋ ਬੀਕਾਨੇਰ ਤੋਂ 40 ਕਿਲੋਮੀਟਰ ਦੂਰ ਹੈ । ਖੂਹ ਵਿਚ ਪਾਣੀ ਇਤਨਾ ਡੂੰਘਾ ਸੀ ਕਿ ਪਾਣੀ ਕੱਢ ਸਕਣਾ ਅਸੰਭਵ ਸੀ। ਗਿਆਨੇਸ਼ਵਰ ਜੋਗ ਮਤ ਦੀ ਲਘਿਮਾ ਸਿਧੀ ਰਾਹੀਂ ਖੂਹ ਵਿਚ ਉਤਰ ਕੇ ਪਾਣੀ ਪੀ ਆਏ ਪਰ ਨਾਮਦੇਵ ਰਿਧੀਆਂ- ਸਿਧੀਆਂ ਦੇ ਜਾਲ ਵਿਚ ਨ ਪੈ ਕੇ ਪ੍ਰਾਣਾਂ ਦੀ ਆਹੂਤੀ ਦੇਣ ਲਈ ਤਿਆਰ ਹੋ ਗਏ । 'ਸ਼੍ਰੀ ਨਾਮਦੇਵ ਗਾਥਾ' ਦਾ ਇਕ ਅਭੰਗ ਵੀ ਗਵਾਹੀ ਦਿੰਦਾ ਹੈ, "ਭਗਵਾਨ ਦੀ ਕ੍ਰਿਪਾ ਰਾਹੀਂ ਪਾਣੀ ਉਸ ਸਮੇਂ ਖੂਹ ਵਿਚ ਉਪਰ ਚੜ੍ਹ ਆਇਆ ਅਤੇ ਨਾਮਦੇਵ ਨੇ ਪਿਆਸ ਬੁਝਾ ਲਈ ।"[2]

ਭਾਈ ਜੋਧ ਸਿੰਘ ਅਨੁਸਾਰ, "ਆਪਣੀ ਇਸ ਯਾਤਰਾ ਸਮੇਂ ਉਹ ਦੇਵਗਿਰੀ ਵੀ ਗਏ ਜਿਥੇ ਆਪ 'ਸਧਨਾ ਕਸਾਈ' ਪਾਸ ਠਹਿਰੇ ।"[3] ਫਿਰ ਉਹ ਔਲੋਗ, ਘ੍ਰਿਸ਼ਸੇਵਰ, ਪੰਚਵਟੀ ਆਦਿ ਥਾਵਾਂ ਤੋਂ ਹੁੰਦੇ ਹੋਏ ਜੂਨਾ ਗੜ੍ਹ ਪਹੁੰਚੇ ਅਤੇ ਅੰਤ ਦਿੱਲੀ ਪਧਾਰੇ । ਦਿੱਲੀ ਤੋਂ ਕਾਸ਼ੀ, ਪ੍ਰਯਾਗ, ਅਯੁੱਧਿਆ, ਮਥੁਰਾ, ਗੋਕੁਲ, ਬਿੰਦਰਾਬਣ, ਜਗਨਨਾਥ ਅਤੇ ਦਵਾਰਕਾ ਵੀ ਗਏ । ਮੈਕਾਲਿਫ ਵੀ ਲਿਖਦਾ ਹੈ "ਉਹ ਮਾਰਵਾੜ ਵਿਚੋਂ ਲੰਘਦੇ ਹੋਏ ਕਾਮੇਸ਼ਵਰ ਦਾ ਦਰਸ਼ਨ ਕਰਨ ਚਲੇ ਗਏ । ਫਿਰ ਔਂਧਿਆ ਨਾਗ ਨਾਥ ਤੋਂ ਹੁੰਦੇ ਹੋਏ ਪੰਡਰ ਪੁਰ ਪਰਤ ਗਏ ।"[4]

---

1. "ਸੰਤ ਨਾਮਦੇਵ ਜੀ -ਜੀਵਨ,ਬਾਣੀ ਅਤੇ ਉਪਦੇਸ਼", ਪੰ:21.
2. ਤਵ ਗਡਗਡਿਤ ਰੂਪ ਉਦਕੇਂ ਵੇ ਸੰਡਲਾ। ਕਲਪਾਂਤੀ ਖਵੰਡਲਾ ਸਿੰਧੁ ਜੈਸਾ ।
   ਗਿਆਨ ਦੇਵ ਮਹਿਣੇ ਜਾਲੇ ਅਤਿੰਨਵ। ਕੈਸ, ਗਿਸ਼ਣੀਆ ਦੇਵ ਕੇਲਾ ਯੇਵੇ ।
   ਸਾਵਧ ਕਰੋਨੀਆਂ ਦਿਲੇ ਅਲਿੰਗਨ। ਜੀਵੇਂ ਨਿੰਬਲੋਣ ਉਤਰਿਲੇ।।
   ਛੋ ਯੇਰੇ ਚਰਣਾਵਰੀ ਠੇਵਿਯਲਾ ਮਾਥਾ। ਮਹਿਣੇ ਮਾਝੀ ਆਹੇ ਚਿੰਤਾ ਵਿਰੋਬਾਸੀ।।
   ਨਾਮਾ ਮਹਿਣੇ ਮਾਝੇ ਬਹੂ ਲੰਠੇ ਪੁਰਵਿਲੇ। ਕੈ ਦੇਖੇ ਨ ਪਾਊਨੇ ਵਿਟੇਵਰੀ।।(ਅਭੰਗ 721.)
3. "ਭਗਤ ਨਾਮਦੇਵ ਤਥਾ ਹੋਰ ਭਗਤ -ਜੀਵਨੀ ਤੇ ਰਚਨਾ", ਪੰ:6.
4. "The Sikh Religion", Vol.VI, Page 17.

ਇਸ ਤਰ੍ਹਾਂ ਭਗਤ ਨਾਮਦੇਵ ਨੇ ਗਿਆਨੇਸ਼ਵਰ ਦੀ ਸੰਗਤ ਵਿਚ ਭਾਰਤ ਦੇ ਪ੍ਰਮੁੱਖ ਤੀਰਥ-ਸਥਾਨਾਂ ਦੀ ਯਾਤਰਾ ਕੀਤੀ । ਜਦੋਂ ਇਹ ਸੰਤ-ਮੰਡਲੀ ਇਸ ਯਾਤਰਾ ਤੋਂ ਵਾਪਸ ਪਰਤੀ ਤਾਂ 'ਗਿਆਨੇਸ਼ਵਰ ਸ਼ਕ ਸੰਮਤ 1218 (1296ਈ) ਨੂੰ ਆਲੰਦੀ ਵਿਖੇ ਸਮਾ ਗਏ ।[1] ਇਕ ਪਿਆਰੇ ਸੱਜਣ ਦੀ ਮ੍ਰਿਤੂ ਨੇ ਨਾਮਦੇਵ ਦੇ ਹਿਰਦੇ ਨੂੰ ਉਚਾਟ ਕਰ ਦਿੱਤਾ ਅਤੇ ਉਹ ਆਪਣੀ ਮਾਤ-ਭੂਮੀ ਨੂੰ ਅੰਤਮ ਤੌਰ ਤੇ ਅਲਵਿਦਾ ਕਹਿ ਕੇ ਸਿੱਧੇ ਪੰਜਾਬ ਆ ਨਿਕਲੇ । ਇਹ ਉਨ੍ਹਾਂ ਦੀ ਦੂਸਰੀ ਯਾਤਰਾ ਸੀ ।

ਜਿਥੋਂ ਤਕ ਨਾਮਦੇਵ ਦੇ ਪੰਜਾਬ ਵਿਚ ਆ ਜਾਣ ਦਾ ਸੰਬੰਧ ਹੈ, ਇਸ ਸੰਬੰਧੀ ਮਹਾਂਰਾਸ਼ਟਰ ਦੇ ਸਾਂਸਕ੍ਰਿਤਕ ਅਤੇ ਸਾਹਿਤਿਕ ਇਤਿਹਾਸ ਵਿਚ ਬਹੁਤਾ ਕੁਝ ਨਹੀਂ ਮਿਲਦਾ ਕੇਵਲ ਪੰਜਾਬੀ ਲੇਖਕ ਅਤੇ ਪੰਜਾਬੀ ਪਰੰਪਰਾਵਾਂ ਹੀ ਸਾਨੂੰ ਇਸ ਨਿਸ਼ਕਰਸ਼ ਤੇ ਪਹੁੰਚਾਂਦੀਆਂ ਹਨ ਕਿ ਨਾਮਦੇਵ ਮਹਾਂਰਾਸ਼ਟਰ ਦੀ ਧਰਤੀ ਛੱਡ ਕੇ ਪੰਜਾਬ ਆ ਗਏ ।[2] ਕਿਰਪਾਲ ਸਿੰਘ ਨਾਰੰਗ ਨਾਮਦੇਵ ਦੇ ਦੋ ਮਰਾਠੀ ਭਗਤਾਂ (ਸ਼ਿਸ਼ਾਂ) ਗੌਂਡਾਂ ਅਤੇ ਵਿੱਠਾ ਦੇ ਅਭੰਗਾਂ ਕਿ 'ਨਾਮਾ ਪੰਡਰਪੁਰ ਛੱਡ ਗਿਆ ਹੈ ਅਤੇ ਸਾਨੂੰ ਅਨਾਥ ਕਰ ਗਿਆ'[3], ਤੋਂ ਇਸ ਨਿਸ਼ਕਰਸ਼ ਤੇ ਪਹੁੰਚਦੇ ਹਨ ਕਿ ਨਾਮਦੇਵ ਮਹਾਂਰਾਸ਼ਟਰ ਤੋਂ ਪੰਜਾਬ ਆਏ, ਇਸ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ।

ਨਾਮਦੇਵ ਦੇ ਪੰਜਾਬੀ ਜੀਵਨੀਕਾਰਾਂ ਵਲੋਂ ਵਰਣਿਤ ਤੱਥ, ਪੰਜਾਬ ਦੀ ਧਰਤੀ ਉਪਰ ਬਣੀਆਂ ਯਾਦਗਾਰਾਂ ਅਤੇ ਨਾਮਦੇਵ ਸੰਬੰਧੀ ਲੋਕ ਸਿਮ੍ਰਿਤੀਆਂ ਤੋਂ ਜੋ ਵੇਰਵਾ ਸਾਹਮਣੇ ਆਉਂਦਾ ਹੈ 'ਅਧਿਆਇ ਪੰਜ' ਵਿਚ ਵਿਸਥਾਰ ਸਹਿਤ ਉਸਦਾ ਵਿਵਰਣ ਕੀਤਾ ਜਾਏਗਾ ।

---

1. "ਹਿੰਦੀ ਨਿਰਗੁਣ-ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਕਵਿਤਾ", ਡਾ:ਕੇ.ਆਡਕਰ, ਪੰਨਾ 89.
2. "ਨਾਮਦੇਵ", ਮਾਧਵ ਗੋਪਾਲ ਦੇਸ਼ਮੁਖ, ਅਨੁ:ਹਰਿਭਜਨ ਸਿੰਘ, ਪੰ:41.
3. "ਸੰਤ ਨਾਮਦੇਵ ਜੀ -ਜੀਵਨ,ਬਾਣੀ ਤੇ ਉਪਦੇਸ਼", ਪੰ:23.

ਹਰਿਦਵਾਰ ਤੋਂ ਚੱਲ ਕੇ ਨਾਮਦੇਵ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਪਿੰਡ 'ਭੂਤ ਪਿੰਡ' ਵਿਖੇ ਆ ਟਿਕੇ ਜਿਸ ਨੂੰ ਕਿ ਅੱਜ ਕਲ੍ਹ 'ਭੂਤਵਿੰਡ' ਕਰਕੇ ਜਾਣਿਆ ਜਾਂਦਾ ਹੈ। ਇਥੋਂ ਦੇ ਇਕ ਪ੍ਰੇਮੀ ਸਿੱਖ ਬਹੁੜ ਦਾਸ ਜਾਂ ਬੋਹੜ ਦਾਸ ਨਾਲ ਉਨ੍ਹਾਂ ਦਾ ਸੰਪਰਕ ਹੋਇਆ ਜਿਸ ਦੀ ਚਰਚਾ ਪੰਜਾਬੀ ਦੇ ਲਗਭਗ ਸਾਰੇ ਜੀਵਨੀਕਾਰਾਂ ਨੇ ਕੀਤੀ ਹੈ।

ਭੂਤਵਿੰਡ ਤੋਂ ਅਗਲੇਰਾ ਪੜਾਅ ਉਨ੍ਹਾਂ ਮਰੜ੍ਹ ਪਿੰਡ (ਜ਼ਿਲ੍ਹਾ ਗੁਰਦਾਸਪੁਰ) ਵਿਚ ਕੀਤਾ। ਮਰੜ੍ਹ ਤੋਂ ਨਾਮਦੇਵ ਜ਼ਿਲ੍ਹਾ ਗੁਰਦਾਸਪੁਰ ਦੇ ਹੀ ਇਕ ਹੋਰ ਪਿੰਡ ਭੱਟੀਵਾਲ ਗਏ। ਇਸ ਪਿੰਡ ਵਿਚ ਨਾਮਦੇਵ ਨੇ ਇਕ ਖੂਹ ਲਗਵਾਇਆ। ਅੱਜ ਕਲ੍ਹ ਇਹ ਪਿੰਡ ਭਗਤ ਨਾਮਦੇਵ ਦੇ ਨਾਮ ਉਤੇ ਨਾਮਿਆਣਾ ਕਰਕੇ ਪ੍ਰਸਿੱਧ ਹੈ। ਇਸੇ ਜ਼ਿਲ੍ਹੇ ਵਿਚ ਭਗਤ ਨਾਮਦੇਵ ਜੀ ਦੀ ਇਕ ਹੋਰ ਯਾਦਗਾਰ ਪਿੰਡ ਸੱਖੋਵਾਲ ਵਿਚ ਬਣੀ ਹੈ। ਸਭ ਤੋਂ ਪ੍ਰਸਿੱਧ ਅਤੇ ਕੇਂਦਰੀ ਅਹਿਮੀਅਤ ਰੱਖਣ ਵਾਲਾ ਨਾਮਦੇਵ ਜੀ ਦਾ ਯਾਦਗਾਰੀ ਸਥਾਨ ਘੁਮਾਣ (ਗੁਰਦਾਸਪੁਰ) ਵਿਚ ਹੈ, ਜਿਸ ਨਗਰ ਨਾਲ ਅਨੇਕਾਂ ਲੋਕ-ਸਮ੍ਰਿਤੀਆਂ ਜੁੜੀਆਂ ਹਨ। ਨਾਮਦੇਵ ਦੀ ਪੰਜਾਬ ਯਾਤਰਾ ਬਾਰੇ ਹਿੰਦੀ ਅਤੇ ਮਰਾਠੀ ਵਿਦਵਾਨ ਕੇਵਲ ਇਸ ਨਗਰ ਦੀ ਚਰਚਾ ਹੀ ਕਰਦੇ ਹਨ।

<u>ਮ੍ਰਿਤੂ ਅਤੇ ਮ੍ਰਿਤੂ ਸਥਾਨ :</u>

ਭਗਤ ਨਾਮਦੇਵ ਦੇ ਸਭ ਜੀਵਨੀਕਾਰ ਇਸ ਤੱਥ ਨੂੰ ਸਵੀਕਾਰ ਕਰ ਚੁੱਕੇ ਹਨ ਕਿ ਨਾਮਦੇਵ ਨੇ 1350ਈ: ਵਿਚ ਆਪਣੇ ਪੰਜ ਭੂਤਕ ਸਰੀਰ ਦਾ ਤਿਆਗ ਕੀਤਾ। ਇਸ ਤੱਥ ਦਾ ਆਧਾਰ 'ਸ੍ਰੀ ਨਾਮਦੇਵ ਗਾਥਾ' ਵਿਚਲੇ ਅਭੰਗ ਹਨ, ਜਿਸ ਵਿਚ 'ਨਾਮਦੇਵ ਦੀ ਮ੍ਰਿਤੂ 1350ਈ. ਹੋਈ'[1] ਦਰਜ ਹੈ।

ਭਗਤ ਨਾਮਦੇਵ ਕਿਸ ਸਥਾਨ ਪਰਲੋਕ ਸਿਧਾਰੇ, ਇਹ ਗੱਲ ਲੰਬੇ ਅਰਸੇ ਤੋਂ ਚਰਚਾ ਦਾ ਵਿਸ਼ਾ ਬਣੀ ਰਹੀ ਹੈ। ਕੁਝ ਵਿਦਵਾਨ ਨਾਮਦੇਵ ਦੇ ਪੰਡਰਪੁਰ ਸਰੀਰ

---

1. 'ਨਾਮਦੇਵਾਂਚਾ ਅੰਤ ਸ਼ਕੇ 1272 ਮਧਯੇ ਝਾਲਾ'।
"ਸ੍ਰੀ ਨਾਮਦੇਵ ਗਾਥਾ", ਪੰ:17.

ਤਿਆਗਣ ਦੀ ਧਾਰਨਾ ਬਣਾਈ ਬੈਠੇ ਹਨ, ਜਦੋਂ ਕਿ ਕੁਝ ਦੂਸਰੇ ਜੀਵਨੀਕਾਰ ਜਾਂ ਇਤਿਹਾਸਕਾਰ ਨਾਮਦੇਵ ਦੇ ਘੁਮਾਣ ਪਿੰਡ ਵਿਚ ਸਰੀਰ ਛੱਡਣ ਦਾ ਮਤ ਰੱਖਦੇ ਹਨ । ਜੋ ਲੋਕ ਇਹ ਦਾਅਵਾ ਕਰਦੇ ਹਨ ਕਿ ਨਾਮਦੇਵ ਨੇ ਪੰਡਰਪੁਰ ਵਿਚ ਪਰਲੋਕ ਗਮਨ ਕੀਤਾ, ਉਨ੍ਹਾਂ ਵਿਚੋਂ ਪ੍ਰਮੁੱਖ ਆਰ.ਡੀ.ਰਾਨਾਡੇ , ਡਾ:ਕੇ:ਆਡਬਰ, ਅਤੇ ਪੰਜਾਬੀ ਜੀਵਨੀਕਾਰ ਬਾਵਾ ਪੂਰਨ ਦਾਸ, ਗਿਆਨੀ ਖਜ਼ਾਨ ਸਿੰਘ ਅਤੇ ਪ੍ਰੋ.ਸਾਹਿਬ ਸਿੰਘ ਹਨ । ਇਨ੍ਹਾਂ ਵਿਦਵਾਨਾਂ ਦੀ ਧਾਰਨਾ ਦਾ ਆਧਾਰ ਪੰਡਰਪੁਰ ਵਿਚ ਬਣੀ ਨਾਮਦੇਵ ਦੀ ਸਮਾਧੀ (ਨਾਮਦੇਵ ਦੀ ਪਿਆਰੀ)[1] ਹੈ ।

ਜੋ ਵਿਦਵਾਨ ਭਗਤ ਨਾਮਦੇਵ ਨੂੰ ਘੁਮਾਣ (ਜ਼ਿਲ੍ਹਾ ਗੁਰਦਾਸਪੁਰ) ਵਿਚ ਸਮਾਏ ਜਾਣ ਦੀ ਧਾਰਨਾ ਪ੍ਰਗਟ ਕਰਦੇ ਹਨ, ਉਨ੍ਹਾਂ ਵਿਚੋਂ ਭਾਈ ਜੋਧ ਸਿੰਘ ਦਾ ਨਾਮ ਪ੍ਰਮੁੱਖ ਰੂਪ ਵਿਚ ਸਾਹਮਣੇ ਆਉਂਦਾ ਹੈ । ਭਾਈ ਜੋਧ ਸਿੰਘ ਲਿਖਦੇ ਹਨ, "ਨਾਮਦੇਵ ਸੰਨ 1350ਈ.ਵਿਚ ਸਮਾਏ । ਉਨ੍ਹਾਂ ਦਾ ਦੇਹੁਰਾ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ ਮੌਜੂਦ ਹੈ "।[2]

ਡਾ.ਭਗੀਰਥ ਮਿਸਰ ਦੇ ਵਿਚਾਰ ਅਨੁਸਾਰ ਨਾਮਦੇਵ ਘੁਮਾਣ ਪਿੰਡ ਵਿਚ ਹੀ ਸਮਾਏ ।[3]

---

1. "But we can definitely take the 'Payari' which is known at present as 'Namdev's Payari' before the great door of the temple,as the Samadhi of the great saint." "Mysticism in Maharshtra",R.D.Ranade,Page 187.
2. "ਭਗਤ ਨਾਮਦੇਵ ਤਥਾ ਹੋਰ ਭਗਤ -ਜੀਵਨੀ ਤੇ ਰਚਨਾ",ਪੰ:7.
3. "ਯਹ ਬਾਤ ਠੀਕ ਲਗਤੀ ਹੈ ਕਿ ਉਨਹੋਂ ਨੇ ਸਮਾਧੀ ਘੁਮਾਣ ਮੇਂ ਲੀ। ਇਸਕੇ ਲੀਏ ਪਹਿਲੀ ਬਾਤ ਤੋ ਯਹ ਹੈ ਕਿ ਮਹਾਂਰਾਸ਼ਟਰ ਮੇਂ ਸੰਤ ਨਾਮਦੇਵ ਕੇ ਅੰਤਿਮ ਕਾਲ ਕਾ ਵਿਵਰਣ ਪ੍ਰਾਪਤ ਨਹੀਂ ਹੋਤਾ। ਦੂਸਰੀ ਬਾਤ ਯਹ ਹੈ ਕਿ ਜਬ ਨਾਮਦੇਵ ਆਪਣੇ ਜੀਵਨ ਕੇ ਅੰਤਿਮ ਦਿਨੋਂ ਮੇਂ ਲਗਭਗ ਬੀਸ ਬਰਸ ਤਕ ਘੁਮਾਣ ਮੇਂ ਰਹੇਹੋ ਤੋ ਸਮਾਧੀ ਲੇਨੇ ਕੇ ਲੀਏ ਪੰਡਰਪੁਰ ਮੇਂ ਆਏ ਹੋ,ਯਹ ਬਾਤ ਸੰਗਤ ਨਹੀਂ ਲਗਤੀ। ਅਧਿਕ ਸੰਭਵ ਹੈ ਕਿ ਨਾਮਦੇਵ ਨੇ ਘੁਮਾਣ ਮੇਂ ਹੀ ਸਮਾਧੀ ਲੀ ਹੋ। ਉਨ ਕਾ ਕੋਈ ਸ਼ਿਸ਼ ਅਸਥੀਏਂ ਜਾਂ ਫੂਲ ਲੇਕਰ ਪੰਡਰਪੁਰ ਆਯਾ ਹੋਗਾ ਔਰ ਨਾਮਦੇਵ ਕੀ ਭਗਤੀ ਕੇ ਅਨੁਸਾਰ ਵਿਠੁਲ ਮੰਦਿਰ ਕੇ ਮਹਾਂਦੁਆਰ ਪਰ ਰਖ ਦੀਏ ਹੋਗੇਂ । ਉਸ ਸਥਾਨ ਪਰ ਬਾਅਦ ਮੇਂ ਸਮਾਧੀ ਬਣਾਈ ਗਈ।"

   "ਸੰਤ ਨਾਮਦੇਵ ਕੀ ਹਿੰਦੀ ਪਦਾਵਲੀ", ਪੰ:36.

ਘੁਮਾਣ ਦੇ ਦੇਹੁਰੇ ਨਾਲ ਜੁੜੀਆਂ ਲੋਕ-ਸਿਮ੍ਰਿਤੀਆਂ, ਪਰੰਪਰਾਵਾਂ ਤੇ ਭਗਤ ਜੀ ਦੇ ਪੈਰੋਕਾਰਾਂ ਦੀ ਦ੍ਰਿੜ੍ਹ ਧਾਰਨਾ ਅਤੇ ਸਭ ਤੋਂ ਮਹੱਤਵਪੂਰਣ 'ਦੇਹੁਰਾ ਭਗਤ ਨਾਮਦੇਵ ਜੀ' ਵਰਗੀ ਯਾਦਗਾਰ ਉਨ੍ਹਾਂ ਵਿਦਵਾਨਾਂ ਦੇ ਵਿਚਾਰ ਨੂੰ ਸ਼ਕ-ਰਹਿਤ ਬਣਾ ਦਿੰਦੀ ਹੈ ਜੋ ਕਹਿੰਦੇ ਹਨ ਕਿ ਭਗਤ ਜੀ ਘੁਮਾਣ ਵਿਚ ਜੀਵਨ ਦੇ ਅੰਤਿਮ ਸਾਲ ਬਿਤਾ ਕੇ ਇਸ ਨਗਰ ਵਿਚ ਹੀ ਸਰੀਰ ਤਿਆਗ ਗਏ ।

## ਨਾਮਦੇਵ ਦਾ ਵਿਅਕਤਿਤਵ :

ਹਰ ਲੇਖਕ ਦੇ ਵਿਅਕਤਿਤਵ ਦੀ ਛਾਪ ਉਸ ਦੀ ਰਚਨਾ ਉਪਰ ਲਗ ਜਾਂਦੀ ਹੈ । ਇਹ ਛਾਪ ਉਸ ਦੇ ਵਿਅਕਤਿਤਵ ਦੀ ਆਰਸੀ ਹੁੰਦੀ ਹੈ । ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਅਤੇ ਬਾਹਰ ਦੀ ਨਾਮਦੇਵ ਬਾਣੀ ਦੇ ਅਧਿਐਨ ਤੋਂ ਪਿਛੋਂ ਅਸੀਂ ਕਹਿ ਸਕਦੇ ਹਾਂ ਕਿ ਨਾਮਦੇਵ ਇਕ ਸਿਧੇ-ਸਾਦੇ, ਨਿਸ਼ਕਪਟ ਹਿਰਦੇ ਦੇ ਮਾਲਕ, ਪ੍ਰਭੂ-ਭਗਤੀ ਨਾਲ ਓਤਪੋਤ ਅਤੇ ਉੱਚੀਆਂ ਅਤੇ ਸੁੱਚੀਆਂ ਇਖ਼ਲਾਕੀ ਕਦਰਾਂ-ਕੀਮਤਾਂ ਵਿਚ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਸਨ । ਉਨ੍ਹਾਂ ਦੀਆਂ ਪ੍ਰਾਚੀਨ ਤਸਵੀਰਾਂ ਤੋਂ ਪਤਾ ਲਗਦਾ ਹੈ ਕਿ ਉਹ ਗੋਡਿਆਂ ਤਕ ਧੋਤੀ ਪਾਈ, ਸਿਰ ਤੇ ਪਗੜੀ ਰੱਖ ਕੇ, ਇਕ ਹੱਥ ਵਿਚ ਵੀਣਾ ਤੇ ਦੂਸਰੇ ਵਿਚ ਖੜਤਾਲ ਲੈ ਕੇ ਪ੍ਰਭੂ ਕੀਰਤਨ ਕਰਦੇ ਸਨ । ਜਨਾਬਾਈ ਇਕ ਅਭੰਗ ਵਿਚ ਕਹਿੰਦੀ ਹੈ ਕਿ 'ਨਾਮਦੇਵ ਰੱਸੀ ਦੀ ਦਰਸਨੀ ਅਤੇ ਚੀਥੜਿਆਂ ਦੀ ਲੰਗੋਟੀ ਪਹਿਣ ਕੇ ਚੰਦਰਭਾਗਾਂ ਨਦੀ ਦੇ ਰੇਤਲੇ ਮੈਦਾਨ ਉਤੇ ਬੈਠ ਕੇ ਭਗਤੀ ਕਰਦੇ ਸਨ' ।[1]

ਭਗਤ ਨਾਮਦੇਵ ਸੁਭਾਅ ਤੋਂ ਬਹੁਤ ਹੀ ਨਿਮਰ, ਅਤੇ ਗਿਆਨਸ਼ੀਲ ਵਿਅਕਤੀ ਸਨ । ਭਾਵੁਕਤਾ ਉਨ੍ਹਾਂ ਦੇ ਸੁਭਾਅ ਦਾ ਪ੍ਰਮੁੱਖ ਅੰਗ ਹੈ । ਗਿਆਨੇਸ਼ਵਰ ਥਾਂ ਥਾਂ ਤੇ ਨਾਮਦੇਵ ਦੇ ਭਾਵੁਕ ਹੋਣ ਦੀ ਗੱਲ ਕਰਦੇ ਹਨ ।[2] ਉਹ ਪ੍ਰੇਮ ਦੀ ਮੂਰਤ ਸਨ, ਅਰਥਾਤ

---

1. ਸੁੰਭਾਚਾ ਦਰਦੋਰਾ ਰਕਟਯਾਚੀ ਲੰਗੋਟੀ ।।
   ਨਾਮਾ ਵਾਲਵੰਟੀ ।।
   ਕਥਾ ਕਰੀ ।।
   "ਸ੍ਰੀ ਨਾਮਦੇਵ ਗਾਥਾ", ਪੰ:569.
2. 'ਸਕਲ ਸੰਤ ਗਾਥਾ', ਅਭੰਗ 922, "ਹਿੰਦੀ ਨਿਰਗੁਣ-ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਕਵਿਤਾ", ਪੰ:93 ਤੋਂ ਉਦ੍ਰਿਤ ।

ਪ੍ਰੇਮ-ਪਿਆਰ ਉਨ੍ਹਾਂ ਦੇ ਹਿਰਦੇ ਵਿਚੋਂ ਫੁੱਟ ਫੁੱਟ ਕੇ ਨਿਕਲਦਾ ਸੀ ।[1] ਉਹ ਸੰਵੇਦਨਸ਼ੀਲ ਵਿਅਕਤੀ ਸਨ । ਗਿਆਨੇਸ਼ਵਰ ਦੀ ਮ੍ਰਿਤੂ ਉਪਰੰਤ ਨਾਮਦੇਵ ਜੋ ਲਿਖਦੇ ਹਨ ਅਤਿ ਸੰਵੇਦਨਾ-ਪੂਰਵਕ ਹੈ ।[2]

ਉਹ ਸਰਲ ਤੇ ਸਪਸ਼ਟ ਸੁਭਾਅ ਦੇ ਮਾਲਕ ਸਨ । ਉਹ ਅਤਿ ਵਿਵੇਕਪੂਰਣ ਤੇ ਸਰਲਤਾ ਨਾਲ ਸਭ ਨਾਲ ਪੇਸ਼ ਆਉਂਦੇ ਹਨ, ਇਥੋਂ ਤਕ ਕਿ ਉਸ ਬਾਦਸ਼ਾਹ ਨਾਲ ਵੀ ਜਿਹੜਾ, ਆਪ ਉਤੇ ਜ਼ੁਲਮ ਢਾਹ ਰਿਹਾ ਸੀ ।[3]

ਆਪ ਇਕ ਮਹਾਨ ਲੇਖਕ ਸਨ । ਆਪ ਦਾ ਅਧਿਐਨ ਬਹੁਤ ਵਿਸ਼ਾਲ ਸੀ। ਆਪ ਨੇ ਭਾਵੇਂ ਸਾਧੂਕੜੀ ਭਾਖਾ ਵਿਚ ਘੱਟ ਰਚਨਾ ਰਚੀ, ਪਰੰਤੂ ਆਪ ਦਾ ਮਰਾਠੀ ਸਾਹਿਤ ਵੱਡ-ਆਕਾਰੀ ਹੈ । ਹਿੰਦੀ ਵਿਚ ਵੀ ਆਪ ਨੇ ਕਾਫ਼ੀ ਰਚਨਾ ਕੀਤੀ ।

ਸੱਚਾਈ ਦੇ ਪ੍ਰਚਾਰ ਲਈ ਉਨ੍ਹਾਂ ਭ੍ਰਮਣ ਕੀਤਾ ਤੇ ਜਿਥੇ ਕਿਤੇ ਬੁਰਾਈ ਵੇਖੀ, ਲੋਕਾਂ ਨੂੰ ਉਸ ਦਾ ਬੋਧ ਕਰਵਾਇਆ ।

ਰਚਨਾ :

ਭਗਤ ਨਾਮਦੇਵ ਕਾਵਿ ਜੋ ਉਪਲਬਧ ਹੈ, ਉਸ ਨੂੰ ਅਸੀਂ ਸੁਵਿਧਾ ਹਿਤ ਦੋ ਭਾਗਾਂ ਵਿਚ ਵੰਡਦੇ ਹਾਂ :

(ੳ) ਆਦਿ ਗ੍ਰੰਥ ਵਿਚ ਦਰਜ ਬਾਣੀ ਭਗਤ ਨਾਮਦੇਵ

(ਅ) ਆਦਿ ਗ੍ਰੰਥ ਤੋਂ ਬਾਹਰ ਦੀ ਬਾਣੀ ਭਗਤ ਨਾਮਦੇਵ

(ੳ) ਆਦਿ ਗ੍ਰੰਥ ਵਿਚ ਬਾਣੀ ਭਗਤ ਨਾਮਦੇਵ :

ਆਦਿ ਗ੍ਰੰਥ ਵਿਚ ਭਗਤ ਨਾਮਦੇਵ ਦੇ 61 ਸ਼ਬਦ 18 ਰਾਗਾਂ ਵਿਚ ਸੰਕਲਿਤ ਹਨ, ਜਿਨ੍ਹਾਂ ਦਾ ਵੇਰਵਾ ਨਿਮਨ-ਲਿਖਿਤ ਹੈ :

---

1. 'ਉਹੀ', ਅਭੰਗ 1239, 'ਉਹੀ', ਪੰਨਾ ਉਹੀ ।
2. 'ਉਹੀ', ਅਭੰਗ 1097, 'ਉਹੀ', ਪੰਨਾ ਉਹੀ ।
3. "ਆਦਿ ਗ੍ਰੰਥ", ਪੰ:1165.

| ਕ੍ਰਮ ਅੰਕ | ਰਾਗ | ਸ਼ਬਦ ਦੀ ਪਹਿਲੀ ਪੰਕਤੀ | ਆਦਿ ਗ੍ਰੰਥ ਪੰ:ਨੰ: |
|---|---|---|---|
| 1. | ਗਉੜੀ | 1. ਦੇਵਾ ਪਾਹਨ ਤਾਰੀਅਲੇ ।। | 354 |
| | ਕੁਲ ਜੋੜ = 1 | | |
| 2. | ਆਸਾ | 1. ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ।। | 485 |
| | | 2. ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ।। | 485 |
| | | 3. ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ।। | 485 |
| | | 4. ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ।। | 485 |
| | | 5. ਪਾਰਬ੍ਰਹਮ ਜੇ ਚੀਨਸੀ ਆਸਾ ਤੇ ਨ ਭਾਵਸੀ ।। | 486 |
| | ਕੁਲ ਜੋੜ = 5 | | |
| 3. | ਗੂਜਰੀ | 1. ਜੋ ਰਾਜੁ ਦੇਹਿ ਤ ਕਵਨ ਬਡਾਈ ।। | 525 |
| | | 2. ਮਲੈ ਨ ਲਾਛੈ ਪਾਰਮਲੋ ਪਰਮਲੀਓ ਬੈਠੋ ਰੀ ਆਈ ।। | 525 |
| | ਕੁਲ ਜੋੜ = 2 | | |
| 4. | ਸੋਰਠਿ | 1. ਜਬ ਦੇਖਾ ਤਬ ਗਾਵਾ ।। | 656 |
| | | 2. ਪਾੜ ਪੜੋਸਣਿ ਪੂਛਿਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ।। | 657 |
| | | 3. ਅਣਮੜਿਆ ਮੰਦਲੁ ਬਾਜੈ ।। | 657 |
| | ਕੁਲ ਜੋੜ= 3 | | |
| 5. | ਧਨਾਸਰੀ | 1. ਗਹਰੀ ਕਰਿਕੈ ਨੀਵ ਖੁਦਾਈ ਊਪਰਿ ਮੰਡਪ ਛਾਏ ।। | 692 |
| | | 2. ਦਸ ਬੈਰਾਗਨਿ ਮੋਹਿ ਬਸਿ ਕੀਨੀ ਪਚਹੁ ਕਾ ਮਿਟ ਨਾਵਉ ।। | 693 |

| | | | |
|---|---|---|---|
| | | 3. ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥ | 693 |
| | | 4. ਪਹਿਲ ਪੁਰੀਏ ਪੁੰਡਰਕ ਵਨਾ ॥ | 693 |
| | | 5. ਪਤਿਤ ਪਾਵਨ ਮਾਧਉ ਬਿਰਦ ਤੇਰਾ ॥ | 694 |
| | ਕੁਲ ਜੋੜ = 5 | | |
| 6. | ਟੋਡੀ | 1. ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥ | 718 |
| | | 2. ਕਉਕ ਕੋ ਕਲੰਕੁ ਰਹਿਓ ਰਾਮ ਨਾਮ ਲੇਤ ਹੀ॥ | 718 |
| | | 3. ਤੀਨ ਛੰਦੇ ਖੇਲੁ ਆਛੈ ॥ ਰਹਾਉ ॥ | 718 |
| | ਕੁਲ ਜੋੜ = 3 | | |
| 7. | ਤਿਲੰਗ | 1. ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥ | 727 |
| | | 2. ਹਲੈ ਯਾਰਾ ਹਲੈ ਯਾਰਾ ਖੁਸਿ ਖਬਰੀ ॥ | 727 |
| | ਕੁਲ ਜੋੜ = 2 | | |
| ੮. | ਬਿਲਾਵਲ | 1. ਸਫਲ ਜਨਮ ਮੋ ਕਉ ਗੁਰ ਕੀਨਾ ॥ | 857 |
| | ਕੁਲ ਜੋੜ = 1 | | |
| 9. | ਗੋਂਡ | 1. ਅਸੁਮੇਧ ਜਗਨੇ ॥ | 873 |
| | | 2. ਨਾਦ ਭ੍ਰਮੇ ਜੈਸੇ ਮਿਰਗਾਏ ॥ | 873 |
| | | 3. ਮੋ ਕਉ ਤਾਰਿਲੇ ਰਾਮਾ ਤਾਰਿਲੇ ॥ | 873 |
| | | 4. ਮੋਹਿ ਲਾਗਤੀ ਤਾਲਾਬੇਲੀ ॥ | 874 |
| | | 5. ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥ | 874 |
| | | 6. ਭੈਰਉ ਭੂਤ ਸੀਤਲਾ ਧਾਵੈ ॥ | 874 |
| | | 7. ਆਜ ਨਾਮੇ ਬੀਠਲ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥ | 874 |
| | ਕੁਲ ਜੋੜ = 7 | | |

| | | | |
|---|---|---|---|
| 10. | ਰਾਮਕਲੀ | 1. ਆਨੀਲ ਕਾਗਦੁ ਕਾਟੀਲੇ ਗੂੜੀ ਆਕਾਸ ਮਧੇ ਭਰਮੀਅਲੇ ॥ | 972 |
| | | 2. ਬੇਦ ਪੁਰਾਣ ਸਾਸਤ੍ਰੀ ਆਨੰਤਾ ਗੀਤ ਕਬਿਤ ਨ ਗਾਵਉਗੋ ॥ | 922 |
| | | 3. ਮਾਇ ਨ ਹੋਤੀ ਬਾਪ ਨ ਹੋਤਾ ਕਰਮੁ ਨ ਹੋਤੀ ਕਾਇਆ ॥ | 973 |
| | | 4. ਬਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਕਰੇ ਕਾਇਆ ਕਲਪ ਕੀਜੈ ॥ | 973 |
| | ਕੁਲ ਜੋੜ = 4 | | |
| 11. | ਮਾਲੀ ਗਉੜਾ | 1. ਧਨਿ ਧੰਨਿ ਓ ਰਾਮ ਬੇਨੁ ਬਾਜੈ ॥ | 988 |
| | | 2. ਮੇਰੋ ਬਾਪ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥ ਰਹਾਉ ॥ | 988 |
| | | 3. ਸਭੈ ਘਟ ਰਾਮ ਬੋਲੈ ਰਾਮਾ ਬੋਲੈ ॥ | 988 |
| | ਕੁਲ ਜੋੜ = 3 | | |
| 12. | ਮਾਰੂ | 1. ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥ | 1105 |
| | ਕੁਲ ਜੋੜ = 1 | | |
| 13. | ਭੈਰਉ | 1. ਰੇ ਜਿਹਬਾ ਕਰਉ ਸਤ ਖੰਡ ॥ | 1163 |
| | | 2. ਪਰ ਧਨ ਪਰ ਦਾਰਾ ਪਰ ਹਰੀ ॥ | 1163 |
| | | 3. ਦੂਧ ਕਟੋਰੈ ਗਡਵੈ ਪਾਨੀ ॥ | 1163 |
| | | 4. ਮੈ ਬਉਰੀ ਮੇਰਾ ਰਾਮੁ ਭਤਾਰੁ ॥ | 1164 |
| | | 5. ਕਬਹੂ ਖੀਰਿ ਖਾਡ ਘੀਉ ਨ ਭਾਵੈ ॥ | 1164 |
| | | 6. ਹਸਤ ਖੇਲਤ ਤੇਰੇ ਦੇਹੁਰੇ ਆਇਆ ॥ | 1164 |
| | | 7. ਜੈਸੇ ਭੂਖੇ ਪ੍ਰੀਤਿ ਅਨਾਜ ॥ | 1164 |
| | | 8. ਘਰ ਕੀ ਨਾਰ ਤਿਆਗੈ ਅੰਧਾ ॥ | 1165. |

| | | | |
|---|---|---|---|
| | | 9. ਸੰਡਾ ਮਾਰਕਾ ਜਾਇ ਪੁਕਾਰੇ ।। | 1165 |
| | | 10. ਸੁਲਤਾਨ ਪੂਛੈ ਸੁਨੁ ਬੇ ਨਾਮਾ ।। | 1165 |
| | | 11. ਜਉ ਗੁਰਦੇਉ ਤ ਮਿਲੈ ਮੁਰਾਰਿ ।। | 1166 |
| | | 12. ਆਉ ਕਲੰਦਰ ਕੇਸਵਾ ।। | 1167 |
| | | ਕੁਲ ਜੋੜ = 12 | |
| 14. | ਬਸੰਤ | 1. ਸਾਹਿਬ ਸੰਕਟਵੈ ਸੇਵਕ ਭਜੈ ।। | 1195 |
| | | 2. ਲੋਭ ਲਹਿਰ ਅਤਿ ਨੀਝਰ ਬਾਜੈ ।। | 1196 |
| | | 3. ਸਹਜ ਅਵਲਿ ਧੂੜਿ ਮਣੀ ਗਾਡੀ ਚਲਤੀ ।। | 1196 |
| | | ਕੁਲ ਜੋੜ = 3 | |
| 15. | ਸਾਰੰਗ | 1. ਕਾਏ ਰੇ ਮਨ ਬਿਖਿਆ ਬਨ ਜਾਇ ।। | 1252 |
| | | 2. ਬਦਹ ਕੀ ਨ ਹੋੜ ਮਾਧਉ ਮੋ ਸਿਉ ।। | 1252 |
| | | 3. ਦਾਸ ਅਨਿਨ ਮੇਰੋ ਨਿਜ ਰੂਪ ।। | 1252 |
| | | ਕੁਲ ਜੋੜ = 3 | |
| 16. | ਮਲਾਰ | 1. ਸੇਵੀਲੇ ਗੋਪਾਲ ਰਾਇ ਅਕਲ ਨਿਰੰਜਨ ।। | 1292 |
| | | 2. ਮੋ ਕਉ ਤੂ ਨ ਬਿਸਾਰਿ ਤੂ ਨ ਬਿਸਾਰਿ ਤੂ ਨ ਬਿਸਾਰ ਰਾਮਈਆ ।। ਰਹਾਉ ।। | 1292 |
| | | ਕੁਲ ਜੋੜ = 2 | |
| 17. | ਕਾਨੜਾ | 1. ਐਸੋ ਰਾਮ ਰਾਇ ਅੰਤਰਜਾਮੀ ।। | 1318 |
| | | ਕੁਲ ਜੋੜ = 1 | |
| 18. | ਪ੍ਰਭਾਤੀ | 1. ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ।। | 1350 |
| | | 2. ਆਦਿ ਜੁਗਾਦਿ ਜੁਗਾਦਿ ਜੁਗ ਜੁਗ ਤਾਕਾ ਅੰਤ ਨ ਜਾਨਿਆ ।। | 1351 |
| | | 3. ਅਕਲ ਪੁਰਖ ਇਕ ਚਲਿਤ ਉਪਾਇਆ ।। | 1351 |
| | | ਕੁਲ ਜੋੜ = 3 | |
| | | 61 | |

(ਅ) ਆਦਿ ਗ੍ਰੰਥ ਤੋਂ ਬਾਹਰ ਦੀ ਬਾਣੀ :

ਆਦਿ ਗ੍ਰੰਥ ਤੋਂ ਬਾਹਰ ਨਾਮਦੇਵ ਦੇ ਹਿੰਦੀ ਪਦੇ ਜੋ ਕਿ 'ਨਾਮਦੇਵ ਕੀ ਹਿੰਦੀ ਪਦਾਵਲੀ' ਅਤੇ ਮਰਾਠੀ ਅਭੰਗ ਜੋ ਕਿ 'ਸ੍ਰੀ ਨਾਮਦੇਵ ਗਾਥਾ' ਵਿਚ ਸੰਗ੍ਰਹਿਤ ਹਨ, ਉਪਲਬਧ ਹਨ । ਹਿੰਦੀ ਦੇ ਪਦਿਆਂ ਦੀ ਕੁਲ ਗਿਣਤੀ 230 ਹੈ ਜੋ ਕਿ 15 ਰਾਗਾਂ ਵਿਚ ਹਨ । ਹਿੰਦੀ ਪਦਿਆਂ ਵਿਚੋਂ 25 ਪਦੇ ਤਾਂ ਅਜਿਹੇ ਹਨ ਜੋ ਆਦਿ ਗ੍ਰੰਥ ਵਿਚਲੇ ਸ਼ਬਦਾਂ ਨਾਲ ਹੂ-ਬ-ਹੂ ਮਿਲਦੇ ਹਨ । ਵੇਰਵਾ ਨਿਮਨ-ਲਿਖਤ ਹੈ :

| ਕ੍ਰਮ ਅੰਕ | ਪਹਿਲੀ ਪੰਕਤੀ | ਆਦਿ ਗ੍ਰੰਥ ਪੰ:ਨੰ: | ਨਾਮਦੇਵ ਪਦਾਵਲੀ ਪਦਾ ਨੰ: |
|---|---|---|---|
| 1. | ਮਲੈ ਨ ਲਾਤੈ ਪਾਰਮਲੋ ਪਰਮ ਲੀਓ ਬੈਠੋ ਰੀ ਆਈ॥ | 525 | 195 |
| 2. | ਜਬ ਦੇਖਾ ਤਬ ਗਾਵਾ ॥ | 656 | 196 |
| 3. | ਦਸ ਬੈਰਾਗਨਿ ਮੋਹਿ ਬਸਿ ਕੀਨੀ ਪਚਹੁ ਕਹ ਮਿਟ ਨਾਵਉ ॥ | 693 | 197 |
| 4. | ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥ | 693 | 198 |
| 5. | ਪਹਿਲ ਪੁਰੀਏ ਪੰਡਰਕ ਵਨਾ ॥ | 693 | 199 |
| 6. | ਸਫਲ ਜਨਮ ਮੋ ਕਉ ਗੁਰ ਕੀਨਾ ॥ | 857 | 200 |
| 7. | ਮੋ ਕਉ ਤਾਰਿਲੇ ਰਾਮਾ ਤਾਰਿਲੇ | 873 | 201 |
| 8. | ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥ | 874 | 202 |
| 9. | ਭੈਰਉ ਭੂਤ ਸੀਤਲਾ ਧਾਵੇ ॥ | 874 | 203 |
| 10. | ਆਜ ਨਾਮੇ ਬੀਠਲ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥ | 874 | 204 |
| 11. | ਮਾਇ ਨ ਹੋਤੀ ਬਾਪ ਨ ਹੋਤਾ ਕਰਮੁ ਨ ਹੋਤੀ ਕਾਇਆ ॥ | 973 | 205 |
| 12. | ਧਨਿ ਧੰਨਿਓ ਰਾਮ ਬੇਨੁ ਬਾਜੈ ॥ | 988 | 206 |
| 13. | ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥ | 1105 | 207 |

| | | | |
|---|---|---|---|
| 14. | ਰੇ ਜਿਹਬਾ ਕਰਉ ਸਤ ਖੰਡਿ ।। | 1163 | 208 |
| 15. | ਦੂਧ ਕਟੋਰੈ ਗਡਵੈ ਪਾਨੀ ।। | 1163 | 209 |
| 16. | ਮੈ ਬਉਰੀ ਮੇਰਾ ਰਾਮੁ ਭਤਾਰੁ ।। | 1164 | 210 |
| 17. | ਕਬਹੂ ਖੀਰਿ ਖਾਡ ਘੀਉ ਨ ਭਾਵੈ ।। | 1164 | 211 |
| 18. | ਹਸਤ ਖੇਲਤੁ ਤੇਰੇ ਦੇਹੁਰੇ ਆਇਆ ।। | 1164 | 212 |
| 19. | ਘਰ ਕੀ ਨਾਰ ਤਿਆਗੈ ਅੰਧਾ ।। | 1165 | 213 |
| 20. | ਸੁਲਤਾਨ ਪੂਛੈ ਸੁਨੁਬੇ ਨਾਮਾ ।। | 1165 | 214 |
| 21. | ਜਉ ਗੁਰਦੇਉ ਤਾ ਮਿਲੈ ਮੁਰਾਰਿ ।। | 1166 | 215 |
| 22. | ਸਾਹਿਬ ਸੰਕਟਵੈ ਸੇਵਕ ਭਜੈ ।। | 1195 | 216 |
| 22.ਏ. | ਸਹਜ ਅਵਲਿ ਧੂੜਿ ਮਣੀ ਗਾਡੀ ਚਲਤੀ ।। | 1196 | 217 |
| 23. | ਦਾਸ ਅਨਿਨ ਮੇਰੋ ਨਿਜ ਰੂਪ ।। | 1252 | 218 |
| 24. | ਅਕਲ ਪੁਰਖ ਇਕ ਚਲਤ ਉਪਾਇਆ ।। | 1351 | 219 |

ਇਸ ਤੋਂ ਅਤਿਰਿਕਤ 'ਨਾਮਦੇਵ' ਕੀ ਹਿੰਦੀ ਪਦਾਵਲੀ' ਵਿਚ ਭਗਤ ਜੀ ਦੇ 22 ਪਦੇ ਅਜਿਹੇ ਹਨ ਜੋ ਥੋੜ੍ਹੇ ਬਹੁਤੇ ਫ਼ਰਕ ਨਾਲ 'ਆਦਿ ਗ੍ਰੰਥ' ਵਿਚਲੇ ਸ਼ਬਦਾਂ ਨਾਲ ਮੇਲ ਖਾਂਦੇ ਹਨ । ਜਾਣਕਾਰੀ ਹਿਤ ਇਨ੍ਹਾਂ ਪਦਿਆਂ ਦੇ ਨੰਬਰ ਹੀ ਦੇਣੇ ਪ੍ਰਾਸੰਗਿਕ ਭਾਸਦੇ ਹਨ :

ਪਦ ਨੰ: 6, 18, 22, 27, 57, 60 , 91, 96, 112, 121, 145, 146, 148, 149, 150, 151, 152, 153, 154, 155, 156 ਅਤੇ 180.

ਇਸ ਥੋੜ੍ਹੇ ਬਹੁਤੇ ਅੰਤਰ ਵਾਲੀ 'ਨਾਮਦੇਵ ਕੀ ਹਿੰਦੀ ਪਦਾਵਲੀ' ਵਿਚ ਛਪੇ ਪਦਿਆਂ ਨੂੰ ਵਾਚਣ ਤੋਂ ਭਾਸਦਾ ਹੈ ਕਿ ਇਹ ਪਦੇ 'ਆਦਿ ਗ੍ਰੰਥ' ਵਿਚੋਂ ਹੀ ਲਏ ਗਏ ਹਨ, ਪਰ ਕਿਸੇ ਨੂੰ ਤਬਦੀਲੀ ਸਹਿਤ ਇਸ ਨੂੰ ਹਿੰਦੀ ਪਦਾਵਲੀ ਵਿਚ ਰਲਾ ਲਿਆ ਕਿਉਂ ਜੋ 'ਆਦਿ ਗ੍ਰੰਥ' ਹੀ 'ਨਾਮਦੇਵ ਕੀ ਹਿੰਦੀ ਪਦਾਵਲੀ' ਤੋਂ ਪੁਰਾਣਾ ਸਰੋਤ ਹੈ ।

'ਨਾਮਦੇਵ ਕੀ ਹਿੰਦੀ ਪਦਾਵਲੀ' ਦਾ ਸੰਗ੍ਰਹਿ ਕਰਤਾ ਇਹ ਮੰਨਦਾ ਹੈ ਕਿ ਉਸ ਨੇ ਰਚਨਾਵਲੀ ਵਿਚ ਸ਼ਾਮਿਲ ਪਦੇ ਹੇਠ ਲਿਖੇ ਸਰੋਤਾਂ ਤੋਂ ਪ੍ਰਾਪਤ ਕੀਤੇ ਹਨ :

1. ਪੂਨਾ ਪੱਤਰੀ ਤੋਂ ਪ੍ਰਾਪਤ ਪਦੇ
2. ਪੰਡਰਪੁਰ ਪੱਤਰੀ ਤੋਂ ਪ੍ਰਾਪਤ ਪਦੇ
3. ਘੁਮਾਣ ਪੱਤਰੀ ਤੋਂ ਪ੍ਰਾਪਤ ਪਦੇ (ਹੁਣ ਇਹ ਪੱਤਰੀ ਘੁਮਾਣ ਵਿਚ ਨਹੀਂ ਹੈ)
4. ਬਾਕੀ ਸਰੋਤਾਂ ਤੋਂ ਪ੍ਰਾਪਤ ਪਦੇ

ਨਾਮਦੇਵ ਦੀ ਮਰਾਠੀ ਰਚਨਾ :

ਨਾਮਦੇਵ ਦੀ ਮਰਾਠੀ ਰਚਨਾ ਅਭੰਗਾਂ ਵਿਚ ਹੈ, ਜੋ ਕਿ 'ਸ਼੍ਰੀ ਨਾਮਦੇਵ ਗਾਥਾ' ਵਿਚ ਸੰਗ੍ਰਹਿਤ ਹਨ । ਇਨ੍ਹਾਂ ਅਭੰਗਾਂ ਦੀ ਗਿਣਤੀ 2655 ਹੈ । ਇਨ੍ਹਾਂ ਅਭੰਗਾਂ ਵਿਚ ਨਾਮਦੇਵ ਦੇ ਪਰਿਵਾਰ ਦੇ ਮੈਂਬਰਾਂ ਵਲੋਂ ਵੀ ਰਚਿਤ 548 ਅਭੰਗ ਸ਼ਾਮਿਲ ਹਨ । ਕਿਉਂ ਜੋ 'ਸ਼੍ਰੀ ਨਾਮਦੇਵ ਗਾਥਾ' ਸਾਡੇ ਖੋਜ-ਪ੍ਰਬੰਧ ਦੀ ਮੂਲ ਸਮੱਸਿਆ ਨਹੀਂ ਹੈ, ਇਸ ਲਈ ਇਸ ਦਾ ਬਹੁਤਾ ਵਿਸਥਾਰ ਦੇਣਾ ਜ਼ਰੂਰੀ ਨਹੀਂ ਜਾਪਦਾ । ਅਸੀਂ ਕੇਵਲ ਇਥੇ ਸਾਰਨੀ ਜਾਂ ਸਿਰਲੇਖ ਹੀ ਅੰਕਿਤ ਕਰਦੇ ਹਾਂ :

| ਕ੍ਰਮ ਅੰਕ | ਭਾਗ ਦਾ ਨਾਂ | ਅਭੰਗਾਂ ਦੀ ਗਿਣਤੀ |
|---|---|---|
| 1. | ਮੰਗਲਾਚਰਣ | 5 |
| 2. | ਬਾਲ ਕ੍ਰੀੜਾ (ਵਿਭਾਗ ਪ੍ਰਥਮ) | 68 |
| 3. | ਬਾਲ ਕ੍ਰੀੜਾ (ਵਿਭਾਗ ਦੂਸਰਾ) | 76 |
| 4. | ਬਾਲ ਕ੍ਰੀੜਾ (ਵਿਭਾਗ ਤੀਸਰਾ) | 64 |
| 5. | ਸ਼੍ਰੀ ਕ੍ਰਿਸ਼ਣ ਲੀਲਾ | 79 |
| 6. | ਸ਼੍ਰੀ ਰਾਮ ਕਥਾ ਮਹਾਤਮ | 27 |
| 7. | ਸ਼੍ਰੀ ਵਿਠਲ ਮਹਾਤਮ | 72 |
| 8. | ਪੰਢਰੀ ਮਹਾਤਮ | 49 |
| 9. | ਸ਼੍ਰੀ ਵਿਠਲ ਉਸਤਤੀ ਆਣਿ ਭਕਤਵਸਲਤਾ | 103 |
| ੧੦. | ਸ਼ਿਵਰਾਤਰਮਹਾਤਮ ਵ ਸਿਵ ਉਤਪਤੀ | 59 |

| | | |
|---|---|---|
| 11. | ਤੁਲਸੀ ਮਹਾਤਮ | 6 |
| 12. | ਚੋਵੀਸ ਨਾਵਾਂਚਾ ਮਹਿਮਾ | 24 |
| 13. | ਗੰਗਾ ਮਹਾਤਮ | 1 |
| 14. | ਨਾਮ ਮਹਿਮਾ | 102 |
| 15. | ਨਾਮ ਮਹਿਮਾ | 92 |
| 16. | ਸੰਤ ਮਹਿਮਾ | 44 |
| 17. | ਸ੍ਰੀ ਗਿਆਨੇਸ਼ਵਰਾਚੀ ਆਦਿ | 31 |
| 18. | ਤੀਰਥਾਵਲੀ | 62 |
| 19. | ਸ੍ਰੀ ਗਿਆਨੇਸ਼ਵਰ ਸਮਾਧੀ ਮਹਿਮਾ | 61 |
| 20. | ਸ੍ਰੀ ਗਿਆਨੇਸ਼ਵਰਾਚੀ ਸਮਾਧੀ | 71 |
| 21. | ਸ੍ਰੀ ਸੋਪਾਨਦੇਵਾਂਚੀ ਸਮਾਧੀ | 39 |
| 22. | ਸ੍ਰੀ ਚਾਂਗਦੇਵਾਂਚੀ ਸਮਾਧੀ | 26 |
| 23. | ਮੁਕਤਾਬਾਈਚੀ ਸਮਾਧੀ | 19 |
| 24. | ਸ੍ਰੀ ਨਿਵਰਤੀ ਨਾਥਾਂਚੀ ਸਮਾਧੀ | 51 |
| 25. | ਸ੍ਰੀ ਨਾਮਦੇਵ ਚਰਿਤਰ | 152 |
| 26. | ਆਤਮਸੁਖ ਪ੍ਰਾਪਤੀ ਵਿਸ਼ਧੀ ਆਤੋਵਿਗ੍ਰਾਰ | 274 |
| 27. | ਆਤਮਨਿਵੇਦਨ ਆਣਿ ਆਤਮ ਗਿਆਨ ਪ੍ਰਾਪਤੀ | 120 |
| 28. | ਉਪਦੇਸ਼ | 27 |
| 29. | ਰੂਪ ਕੇ ਵ ਦਸਵਤਾਰ ਵਰਣਨ | 45 |
| 30. | ਭੂਪ ਵਾਘਾ ਵ ਆਰਤਯਾ | 15 |
| | | 2107 |
| | ਕੂਟਿੰਸ਼ਿਆਚੇ ਵ ਪਰਿਵਾਰਾਂਤੀਲ ਇਤਰਾਂਚੇ ਅਭੰਗ | 548 |
| | | 2655 |

ਅਧਿਆਇ ਤੀਸਰਾ

## ਨਿਰਗੁਣਵਾਦ ਤੇ ਭਗਤ ਨਾਮਦੇਵ

## ਨਿਰਗੁਣਵਾਦ ਤੇ ਭਗਤ ਨਾਮਦੇਵ

ਇਹ ਪ੍ਰਭਾਵ ਆਮ ਮਿਲਦਾ ਹੈ ਕਿ ਪੰਜਾਬੀ ਵਿਚ ਨਿਰਗੁਣਵਾਦ ਅਤੇ ਨਿਰਗੁਣ ਕਾਵਿ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਜੀ ਹਨ । ਇਹ ਗੱਲ ਅੰਸ਼ਕ ਰੂਪ ਵਿਚ ਤਾਂ ਸਹੀ ਹੋ ਸਕਦੀ ਹੈ ਪਰ ਇਹ ਮੁਕੰਮਲ ਹਕੀਕਤ ਨਹੀਂ । ਇਹ ਠੀਕ ਹੈ ਕਿ ਨਿਰਗੁਣਵਾਦ ਅਤੇ ਨਿਰਗੁਣ ਕਾਵਿ ਨੂੰ ਵਧੇਰੇ ਪ੍ਰਚੰਡ ਤਰੀਕੇ ਨਾਲ ਅਤੇ ਇਸ ਦੀ ਵਿਆਪਕਤਾ ਨੂੰ ਪ੍ਰਵਾਹਿਤ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਹੀ ਸਨ, ਪਰ ਇਸ ਦੇ ਦਰਸ਼ਨ ਅਤੇ ਦਰਸ਼ਨ ਨੂੰ ਨਿਰੂਪਣ ਕਰਨ ਵਾਲੀ ਕਾਵਿਧਾਰਾ ਦੇ ਬੀਜ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਗਤ ਨਾਮਦੇਵ ਵਿਚ ਵੀ ਵਿਦਮਾਨ ਸਨ ।

### ਨਿਰਗੁਣਵਾਦ ਦਾ ਦਰਸ਼ਨ ਅਤੇ ਭਗਤ ਨਾਮਦੇਵ :

'ਦਰਸ਼ਨ' ਸ਼ਬਦ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ 'ਫਿਲਾਸਫੀ' ਦਾ ਸਮਾਨਾਰਥਕ ਸ਼ਬਦ ਹੈ ਜੋ ਕਿ ਗਰੀਕ ਭਾਸ਼ਾ ਦੇ ਸ਼ਬਦ 'ਫਾਈਲਸ' ਅਤੇ 'ਸੋਫੀਆ' ਦੇ ਸੁਮੇਲ ਤੋਂ ਬਣਿਆ ਹੈ । "ਫਾਈਲਸ ਦਾ ਅਰਥ ਹੈ –ਪ੍ਰੇਮ ਜਾਂ ਅਨੁਰਾਗ" ਅਤੇ "ਸੋਫੀਆ' ਦਾ ਅਰਥ ਹੈ -ਵਿਦਿਆ ਜਾਂ ਗਿਆਨ" ।[1] ਇਸ ਦਾ ਭਾਵ ਇਹ ਹੋਇਆ ਕਿ 'ਦਰਸ਼ਨ' ਪ੍ਰੇਮ ਜਾਂ ਅਨੁਰਾਗ ਦੀ ਵਿਦਿਆ ਹੈ । ਡਾ. ਰਾਧਾ ਕ੍ਰਿਸ਼ਨਨ ਦਰਸ਼ਨ ਸ਼ਬਦ ਦੀ ਉਤਪਤੀ ਦ੍ਰਿਸ਼ ਤੋਂ ਹੋਈ ਮੰਨਦੇ ਹਨ ਜਿਸ ਦਾ ਭਾਵ ਹੈ, ਦੇਖਣਾ ।[2] ਐਸ. ਐਨ. ਦਾਸ ਗੁਪਤਾ ਇਸ ਸ਼ਬਦ ਦਾ ਅਰਥ ਗਿਆਨ ਦਾ ਪ੍ਰੇਮ ਲਿਖਦੇ ਹਨ ।[3] ਇਕ ਹੋਰ ਭਾਰਤੀ ਵਿਦਵਾਨ ਡਾ. ਰੇਣੁਕਾ ਸਿੰਘ ਦਾ ਮਤ ਹੈ 'ਦਰਸ਼ਨ ਉਹ ਹੈ ਜਿਸ ਦੇ ਮਾਧਿਅਮ ਰਾਹੀਂ ਉਸ ਪਰਮ-ਤੱਤ ਨੂੰ ਵੇਖਿਆ ਜਾ ਸਕਦਾ ਹੈ ।[4]

ਉਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਸਹਿਜੇ ਹੀ ਇਸ ਨਿਸ਼ਕਰਸ਼ ਤੇ ਪਹੁੰਚਿਆ ਜਾ ਸਕਦਾ ਹੈ ਕਿ ਦਰਸ਼ਨ ਗਿਆਨ ਦੀ ਉਹ ਸਾਖਾ ਹੈ ਜਿਸ ਦੇ

---

1. ਬਲਦੇਵ ਉਪਾਧਿਆਇ, "ਭਾਰਤੀ ਦਰਸ਼ਨ", ਪੰ:5.
2. "Indian Philosophy", Vol.I, Page 43.
3. "History of Indian Philosophy", Vol.I, Page 68.
4. "ਹਿੰਦੀ ਸਾਹਿਤਯ ਕਾ ਦਾਰਸ਼ਨਿਕ ਅਧਿਐਨ", ਪੰ: 42.

ਮਾਧਿਅਮ ਰਾਹੀਂ ਸਰਵ-ਵਿਆਪਕ ਪ੍ਰਭੂ ਦੇ ਬਾਰੇ ਜਾਣਿਆ ਜਾ ਸਕਦਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਕਥਨ ਹੈ: "ਕਾਵਿ ਦਰਸ਼ਨ ਵਿਚ ਆਤਮਿਕ ਡੂੰਘਾਈਆਂ ਅੰਦਰ ਪਰਮਾਤਮ ਡੂੰਘਾਈਆਂ ਨਾਲ ਮਾਣੇ ਹੋਏ ਰਹੱਸਾਤਮਕ ਅਨੁਭਵ ਦੇ ਵਿਸਮਾਦਕ ਸੁਆਦ ਦਾ ਸੁਹਜਾਤਮਕ ਵਰਣਨ ਹੁੰਦਾ ਹੈ।"[1]

ਜਿਥੋਂ ਤਕ ਭਗਤ ਨਾਮਦੇਵ ਦੇ ਦਰਸ਼ਨ ਨੂੰ ਨਿਰਗੁਣਵਾਦ ਦੇ ਦਰਸ਼ਨ ਵਿਚ ਵਾਚਣ ਦਾ ਸੰਬੰਧ ਹੈ, ਇਹ ਕਹਿਣਾ ਅਪ੍ਰਾਸੰਗਿਕ ਨਹੀਂ ਹੋਵੇਗਾ ਕਿ ਨਾਮਦੇਵ ਦਾ ਦਰਸ਼ਨ ਪਰਮ ਤੱਤ ਦੀ ਜਿਗਿਆਸਾ ਤੋਂ ਹੀ ਪ੍ਰਾਰੰਭ ਹੁੰਦਾ ਹੈ।

ਪਰਮ ਤੱਤ ਜਿਗਿਆਸਾ :

ਮਾਨਵ ਦਾ ਆਪਣਾ ਵਜੂਦ ਅਤੇ ਸ੍ਰਿਸ਼ਟੀ ਦੀ ਨਿਯਮ-ਬੱਧਤਾ ਆਦਿ ਵੇਖਿਆਂ ਸਹਿਜੇ ਹੀ ਕਿਸੇ ਕਰਤਾਰੀ ਸ਼ਕਤੀ ਦਾ ਆਭਾਸ ਹੋ ਜਾਂਦਾ ਹੈ। "ਇਸ ਸ੍ਰਿਸ਼ਟੀ ਦੇ ਪੈਦਾ ਕਰਨ, ਵਿਕਸਣ ਤੇ ਖ਼ਤਮ ਹੋਣ ਦੇ ਕਾਰਜ ਵਿਚ ਕਿਸੇ ਸਰਵੋਤਮ ਸ਼ਕਤੀ ਦਾ ਹੋਣਾ ਲਾਜ਼ਮੀ ਵੀ ਹੈ।"[2] ਰਾਮ ਚਰਿਤ੍ਰ ਮਾਨਸ ਵਿਚ ਤੁਲਸੀ ਦਾਸ ਕਹਿੰਦੇ ਹਨ, "ਸਭ ਲੋਕ ਉਸ ਸ਼ਕਤੀ ਦੀ ਪ੍ਰਭੁਤਾ ਨੂੰ ਜਾਣਦੇ ਹੋਏ ਵੀ ਉਸ ਬਾਰੇ ਕੁਝ ਨ ਕੁਝ ਕਹਿਣ ਤੋਂ ਬਿਨਾਂ ਨਹੀਂ ਰਹਿ ਸਕਦੇ।"[3] ਅਗਸਟਨ ਅਨੁਸਾਰ, "ਮਨੁੱਖ ਦਾ ਮਨ ਓਨੀ ਦੇਰ ਲਈ ਬੇਚੈਨ ਹੈ ਜਿੰਨੀ ਦੇਰ ਇਹ ਤੇਰੇ ਵਿਚ ਟਿਕ ਨਹੀਂ ਜਾਂਦਾ।"[4]

---

1. "ਗੁਰੂ ਨਾਨਕ ਤੇ ਨਿਰਗੁਣਧਾਰਾ", ਪੰ:53.
2. Pringle Pattison, "The Idea of God", Page 15.
3. ਸਭ ਜਾਨਤ ਪ੍ਰਭ ਪ੍ਰਭੁਤਾ ਸੋਈ ॥
   ਤਦਪਿ ਕਹੇ ਬਿਨ ਰਹਾ ਨ ਕੋਈ ॥
   (ਰਾਮ ਚਰਿਤ੍ਰ ਮਾਨਸ 10/20)
   ਸਾਵਣ ਸਿੰਘ, "ਗੁਰਮਤ ਸਿਧਾਂਤ", ਪੰਨਾ 2 ਤੋਂ ਉਦ੍ਰਿਤ
4. 'Thou O' God ! hast made unto thyself and the heart of man is ever restless untill it rests in Thee'.
   "ਉਹੀ", ਪੰਨਾ 2 ਤੋਂ ਉਦ੍ਰਿਤ

ਭਗਤ ਨਾਮਦੇਵ ਦੇ ਹਿਰਦੇ ਅੰਦਰ ਵੀ ਉਸ ਪ੍ਰਭੂ ਦਾ ਮਰਮ ਜਾਣਨ ਦੀ ਜਿਗਿਆਸਾ ਉਦੀਪਤ ਹੋਈ ਤੇ ਉਹ ਪ੍ਰਭੂ ਨੂੰ ਜਾਣਨ ਦੇ ਮਾਰਗ ਤੇ ਅਗ੍ਰਸਰ ਹੋਏ । ਉਨ੍ਹਾਂ ਨੂੰ ਉਹ ਈਸ਼ਵਰ ਜਗਤ ਵਿਚ ਉਸੇ ਤਰ੍ਹਾਂ ਰਮਿਆ ਜਾਪਦਾ ਹੈ, ਜਿਸ ਤਰ੍ਹਾਂ ਪਾਣੀ ਵਿਚ ਉੱਠੀ ਲਹਿਰ ਤੇ ਬੁਲਬੁਲਾ । ਜਿਸ ਤਰ੍ਹਾਂ ਇਨ੍ਹਾਂ ਦੋਹਾਂ ਨੂੰ ਪਾਣੀ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ, ਉਸੇ ਤਰ੍ਹਾਂ ਉਹ ਈਸ਼ਵਰ ਇਸ ਜਗਤ ਤੋਂ ਵੱਖਰਾ ਨਹੀਂ, ਸਗੋਂ ਇਸ ਦੇ ਜ਼ਰੇ ਜ਼ਰੇ ਵਿਚ ਰਮਿਆ ਵਿਖਾਈ ਦਿੰਦਾ ਹੈ ।[1] ਉਸ ਜ਼ਰੇ-ਜ਼ਰੇ ਵਿਚ ਰਮੇ ਪ੍ਰਭੂ ਨੂੰ ਜਾਣਨ ਲਈ ਹੀ ਆਪ ਅੰਦਰ ਜਿਗਿਆਸਾ ਉਦੀਪਤ ਹੋਈ ।

## ਪਾਰਬ੍ਰਹਮ ਦਾ ਸੰਕਲਪ :

ਅਧਿਆਤਮਕ ਸਾਹਿੱਤ ਵਿਚ ਉਸ ਈਸ਼ਵਰ ਨੂੰ ਸਰਵ ਸ਼ਕਤੀਮਾਨ, ਸਰਵ-ਵਿਆਪਕ ਤੇ ਸਰਵ-ਸਰੇਸ਼ਟ ਕਿਹਾ ਗਿਆ ਹੈ; ਉਹ ਸਰਵ-ਗਿਆਤਾ, ਸਰਵ-ਪਾਲਕ ਅਤੇ ਆਨੰਦ ਸਰੂਪ ਵੀ ਹੈ ।[2]

ਭਗਤ ਨਾਮਦੇਵ ਦਾ ਪਾਰਬ੍ਰਹਮ ਦਾ ਸੰਕਲਪ ਇਹੀ ਹੈ ਕਿ 'ਉਹ' ਇਕ ਹੀ ਹੈ ਜੋ ਸਾਰੇ ਜਗਤ ਦਾ ਤੋਰਾ ਤੋਰ ਰਿਹਾ ਹੈ । 'ਆਪ ਦੇ ਅਨੁਸਾਰ ਬ੍ਰਹਮ ਦੀ

---

1. ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ।।
ਇਹ ਪਰਪੰਚ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ।।
ਮਿਥਿਆ ਭਰਮ ਅਰੁ ਸੁਪਨ ਮਨੋਰਥ ਸਤਿ ਪਦਾਰਥ ਜਾਨਿਆ ।।
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ।।
ਕਹਿਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ।।
ਘਟ ਘਟ ਅੰਤਰਿ ਸਰਬ ਨਿਰੰਤਰ ਕੇਵਲ ਏਕ ਮੁਰਾਰੀ ।।
"ਆਦਿ ਗ੍ਰੰਥ", ਗਉੜੀ ਨਾਮਦੇਉ, ਪੰ:485.

2. 'ਉਸ ਮਾਲਕ ਨੇ ਸਾਰੇ ਜਹਾਨ ਨੂੰ ਪੈਦਾ ਕੀਤਾ' (ਯਜੁਰਵੇਦ -29/9) ਅਤੇ 'ਉਹੀ ਸਾਰੇ ਜਗਤ ਦਾ ਪਿਤਾ ਤੇ ਸਭ ਦਾ ਰਚਨਵਾਲਾ ਹੈ'। (ਸ੍ਰੀ ਮਦ ਭਗਵਤ ਗੀਤਾ, 11/44)

ਦ੍ਰਿਸ਼ਟਮਾਨ ਅਨੇਕਤਾ ਓਪਰੀ ਤੇ ਨਕਲੀ ਹੈ; ਇਹ ਨਿਰਾ ਭਰਮ ਹੈ। ਇਸ ਅਨੇਕਤਾ ਦੇ ਪਿੱਛੇ ਏਕਤਾ ਕੰਮ ਕਰ ਰਹੀ ਹੈ। ਅਸਲ ਇਕ ਹੀ ਹੈ ਤੇ ਉਹ 'ਸਤਿ' ਹੈ।[1] ਨਾਮਦੇਵ ਦਾ ਪ੍ਰਭੂ 'ਇਥੇ ਵੀ ਹੈ ਤੇ ਓਥੇ ਵੀ'।[2]

ਉਹ ਆਪਣੇ ਬ੍ਰਹਮ ਨੂੰ 'ਬੀਠਲੁ', 'ਰਾਮ' ਆਦਿ ਸ਼ਬਦਾਂ ਨਾਲ ਯਾਦ ਕਰਦੇ ਹਨ। ਆਪ ਦੇ ਪ੍ਰਭੂ ਪ੍ਰਤੀ 'ਬੀਠਲੁ' ਪਦ ਵਰਤਣ ਨਾਲ ਅਨੇਕਾਂ ਲੋਕ ਆਪ ਨੂੰ ਸਰਗੁਣ-ਭਗਤੀ ਦੇ ਉਪਾਸਕ ਸਮਝਦੇ ਹਨ, ਪਰੰਤੂ ਅਜਿਹਾ ਹੈ ਨਹੀਂ ਕਿਉਂ ਜੋ ਆਪ ਦਾ 'ਬੀਠਲੁ' ਤਾਂ ਆਪ ਨੂੰ ਹਰ ਛੋਟੀ ਤੋਂ ਛੋਟੀ ਵਸਤੂ ਵਿਚ ਵੀ ਰਮਿਆ ਦਿਸਦਾ ਹੈ।[3] ਤਾਤਪਰਜ ਇਹ ਹੈ ਕਿ ਨਾਮਦੇਵ ਦਾ 'ਬੀਠਲੁ' ਪਾਰਬ੍ਰਹਮ ਦਾ ਹੀ ਦੂਜਾ ਨਾਂ ਹੈ।

ਉਹ ਪਾਰਬ੍ਰਹਮ ਸਰਵ-ਵਿਆਪਕ ਹੁੰਦਿਆਂ ਹੋਇਆਂ ਵੀ ਨਿਰਲੇਪ ਹੈ। ਉਹ ਮਾਇਆਵੀ ਮੈਲਾਂ ਤੋਂ ਉਪਰ ਹੈ; ਮਹਾਂ-ਸੂਖਮ, ਆਨੰਦ ਦਾ ਸੋਮਾ ਤੇ ਅਦ੍ਰਿਸ਼ਟ ਹੈ।[4]

---

1. ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥

"ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ:485.

2. ਈਭੈ ਬੀਠਲੁ ਊਭੈ ਬੀਠਲੁ ਬੀਠਲੁ ਬਿਨੁ ਸੰਸਾਰ ਨਹੀ ॥

"ਉਹੀ", ਪੰਨਾ ਉਹੀ।

3. ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈ ਬਹੁ ਨਾਨਾ ਰੇ ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥

"ਉਹੀ", ਰਾਗ ਮਾਲੀ ਗਉੜਾ, ਪੰ:988.

4. ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥
ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥
ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ॥ ਰਹਾਉ॥
ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥
ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥
ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥
ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥

"ਉਹੀ", ਰਾਗ ਗੂਜਰੀ ਨਾਮਦੇਉ, ਪੰ:525.

ਉਹ ਜਿਥੇ ਸ੍ਰਿਸ਼ਟੀ ਵਿਚ ਰਮਿਆ ਬੈਠਾ ਹੈ, ਉਥੇ ਇਸ ਦਾ ਰਚਨਹਾਰਾ ਵੀ ਹੈ ।[1]

ਨਿਰਗੁਣ ਕਵੀਆਂ ਦੇ ਬ੍ਰਹਮ ਵਾਂਗ ਨਾਮਦੇਵ ਦਾ 'ਬੀਠਲੁ' ਵੀ ਪਰਮ-ਦਇਆਲੂ ਹੈ; ਉਹ ਦੀਨਾਂ ਤੇ ਦੁਖੀਆਂ ਦਾ ਸਹਾਰਾ ਹੈ; ਵੱਡੇ ਤੋਂ ਵੱਡੇ ਪਾਪੀ ਨੂੰ ਵੀ ਉਹ ਭਗਤ (ਸੰਤ) ਬਨਾਉਣ ਦੇ ਸਮਰੱਥ ਹੈ ।[2] ਨਾਮਦੇਵ ਉਸ ਦੇ ਨੇੜੇ ਜਾਂ ਦੂਰ ਹੋਣ ਦੀਆਂ ਗੱਲਾਂ ਨਹੀਂ ਕਰਦੇ । ਅਸਲ ਵਿਚ ਜਿਸ ਨੂੰ ਸੱਚਾ ਗਿਆਨ ਨ ਹੋਵੇ ਉਹ ਹੀ ਪਰਮਾਤਮਾ ਦੇ ਨੇੜੇ ਜਾਂ ਦੂਰ ਹੋਣ ਦੀ ਗੱਲ ਕਰਦਾ ਹੈ । ਨਾਮਦੇਵ ਭਾਵੇਂ ਆਪਣੇ 'ਬੀਠਲੁ' ਨੂੰ ਨੇੜੇ ਤੋਂ ਨੇੜੇ ਸਮਝਦੇ ਹਨ, ਪਰ ਫਿਰ ਵੀ ਉਸ ਬਾਰੇ ਚੁੱਪ ਰਹਿਣਾ ਚੰਗਾ ਸਮਝਦੇ ਹਨ ।[3]

ਭਗਤ ਨਾਮਦੇਵ, 'ਬੀਠਲੁ' ਦੀ ਰਜ਼ਾ ਵਿਚ ਰਹਿਣਾ ਉਚਿਤ ਸਮਝਦੇ ਹਨ । ਉਹ ਬਾਰ ਬਾਰ ਪ੍ਰਾਰਥਨਾ ਕਰਦੇ ਹਨ ਕਿ 'ਜੇ ਤੂੰ ਮੈਨੂੰ ਸੰਕਟ ਵਿਚ ਪਾਵੇਂਗਾ ਤਾਂ ਮੈਂ

---

1. ਜੀਅ ਕ ਬੰਧ ਨੁ ਕਰਮੁ ਬਿਆਪੈ ।।
ਜੋ ਕੁਛੁ ਦੀਆ ਸੁ ਆਪੈ ਆਪੈ ।।
"ਆਦਿ ਗ੍ਰੰਥ", ਰਾਗ ਪ੍ਰਭਾਤੀ ਨਾਮਦੇਉ, ਪੰ: 1351.
2. ਪਤਿਤ ਪਾਵਨ ਮਾਧਉ ਬਿਰਦੁ ਤੇਰਾ ।।
ਧੰਨਿ ਤੇ ਵੈ ਮੁਨਿ ਜਨ, ਜਿਨ ਧਿਆਇਓ ਹਰਿ ਪ੍ਰਭ ਮੇਰਾ।।
ਮੇਰੈ ਮਾਥੈ ਲਾਗੀ ਲੇ ਧੂਰਿ, ਗੋਬਿੰਦ ਚਰਨਨ ਕੀ।।
ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ।।
ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ।।
ਚਰਨ ਸਰਨ ਨਾਮਾ ਬਲਿ ਤਿਹਾਰੀ।।
"ਉਹੀ", ਰਾਗ ਧਨਾਸਰੀ ਨਾਮਦੇਵ, ਪੰ:694.
3. ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ।। ਜਲ ਕੀ ਮਾਛੁਲੀ ਚਰੈ ਖਜੂਰਿ ।।
ਕਾਂਇਰੇ ਬਕਬਾਦੁ ਲਾਇਓ।। ਜਿਨ ਹਰਿ ਪਾਇਓ ਤਿਨਹਿ ਛਪਾਇਓ।।
ਪੰਡਿਤੁ ਹੋਇ ਕੈ ਬੇਦੁ ਬਖਾਨੈ।। ਮੂਰਖੁ ਨਾਮਦੇਉ ਰਾਮਹਿ ਜਾਨੈ।।
"ਉਹੀ", ਰਾਗ ਟੋਡੀ ਨਾਮਦੇਵ, ਪੰ:718.

ਤੈਨੂੰ ਛੱਡ ਕੇ ਹੋਰ ਨਹੀਂ ਜਾਣਾ, ਕਿਉਂਕਿ ਅਜਿਹਾ ਕਰਨ ਤੇ ਮੇਰਾ ਦੀਨ ਤੇ ਦੁਨੀਆਂ ਦੋਵੇਂ ਬਰਬਾਦ ਹੋ ਜਾਂਦੇ ਹਨ। ਲੋਕ ਮੇਰੇ ਤੇ ਭਾਵੇਂ ਹੱਸਣ ਵੀ, ਪਰ ਮੈਂ ਤੇਰੀ ਭਗਤੀ ਨਹੀਂ ਤਿਆਗਾਂਗਾ।[1]

ਆਪ ਦਾ 'ਬੀਠਲੁ' ਨਿਰਾਕਾਰ ਹੈ। ਉਹ ਸਾਰੇ ਰੂਪਾਂ ਤੇ ਆਕਾਰਾਂ ਤੋਂ ਪਰੇ ਹੈ, ਅਲਗ ਥਲਗ ਹੈ।[2] ਉਹ ਪਰਮ-ਦਇਆਲੂ ਹੈ ਤੇ ਸ੍ਰਿਸ਼ਟੀ ਦਾ ਪਾਲਕ ਹੈ।

ਜੀਵਾਤਮਾ :

ਨਿਰਗੁਣ-ਕਾਵਿ ਵਿਚ 'ਜੀਵਾਤਮਾ' ਸ਼ਾਸਤਰੀ ਸਰੂਪ ਵਿਚ ਅਭਿਵਿਅਕਤ ਨਹੀਂ ਹੋਈ, ਸਗੋਂ ਉਸ ਦਾ ਸਰੂਪ ਤਾਂ ਆਤਮ-ਅਨੁਭੂਤੀ ਵਾਲਾ ਚਿਤਰਿਆ ਗਿਆ ਹੈ। ਜੀਵ ਆਤਮਾ ਨੂੰ ਪਰਮਾਤਮਾ ਤੋਂ ਵੱਖਰੀ ਹਸਤੀ ਸਵੀਕਾਰ ਨਹੀਂ ਕੀਤਾ ਗਿਆ। ਜੇਕਰ ਇਹ ਪਰਮਾਤਮਾ ਤੋਂ ਵੱਖਰੀ ਸਮਝੀ ਜਾਂਦੀ ਹੈ ਤਾਂ ਇਹ ਅਗਿਆਨਤਾ ਦੇ ਕਾਰਨ ਹੈ। ਅਵਿਦਿਆ ਤੇ ਮਾਇਆ ਦੇ ਅਸਰ ਕਾਰਨ ਇਹ ਆਪਣੇ ਅਸਲੇ ਤੋਂ ਵੱਖਰੀ ਹੋਈ ਬੈਠੀ ਹੈ। ਨਿਰਗੁਣ ਕਵੀ ਜੀਵਾਤਮਾ ਤੇ ਪਰਮਾਤਮਾ ਦੇ ਸਮਝੇ ਜਾਂਦੇ ਵਖਰੇਵੇਂ ਨੂੰ "ਹਉਮੈ" ਦਾ ਹੀ ਫਲ ਸਮਝਦੇ ਹਨ।

ਨਾਮਦੇਵ ਜੀਵਾਤਮਾ ਤੇ ਪਰਮਾਤਮਾ ਨੂੰ ਅਭੇਦ ਹੋਏ ਸਵੀਕਾਰ ਕਰਦੇ ਹਨ। ਉਹ ਹਰ ਜੀਵਾਤਮਾ ਵਿਚ ਪਰਮਾਤਮਾ ਦਾ ਵਾਸਾ ਮੰਨਦੇ ਹੋਏ ਕਹਿੰਦੇ ਹਨ ਕਿ ਹਾਥੀ ਤੋਂ ਲੈ ਕੇ ਕੀੜੀ ਤਕ ਸਭ ਵਿਭਿੰਨ ਆਕਾਰਾਂ ਵਾਲੇ ਜੀਵਾਂ ਵਿਚ ਉਹ ਪ੍ਰਭੂ

---

1. ਸਾਹਿਬ ਸੰਕਟਵੈ ਸੇਵਕੁ ਭਜੈ।। ਚਿਰੰਕਾਲ ਨ ਜੀਵੈ ਦੋਊ ਕੁਲ ਲਜੈ।।
   ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ।। ਚਰਨ ਕਮਲ ਮੇਰੇ ਹੀਅਰੇ ਬਸੈ।।
   "ਆਦਿ ਗ੍ਰੰਥ", ਰਾਗ ਬਸੰਤ ਨਾਮਦੇਵ, ਪੰ:1195.
2. ਡਾ. ਰਤਨ ਸਿੰਘ ਜੱਗੀ, "ਬਾਣੀਕਾਰ ਭਗਤ ਨਾਮਦੇਵ" (ਸੰਪ. ਪ੍ਰੋ. ਹਰਮੀਤ ਸਿੰਘ), ਪੰ:15.

ਰਮਿਆ ਹੋਇਆ ਹੈ ।[1]

ਹਉਮੈ ਦੇ ਕਾਰਨ ਜੀਵਾਤਮਾ ਤਾਂ ਪਰਮਾਤਮਾ ਨੂੰ ਨਹੀਂ ਪਛਾਣਦੀ, ਪਰੰਤੂ ਉਹ ਪਰਮਾਤਮਾ ਜੋ "ਜੋਤਿ" ਰੂਪ ਵਿਚ ਹਰ ਆਤਮਾ ਵਿਚ ਹੈ, ਸਭ ਨੂੰ ਪਛਾਣਦਾ ਹੈ । ਉਸ ਨੂੰ ਸ੍ਰਿਸ਼ਟੀ ਦੀ ਗਤੀਵਿਧੀ ਦਾ ਪੂਰਾ ਬੋਧ ਹੈ ਕਿਉਂਜੋ ਉਹ ਹੀ ਤਾਂ ਸਭ ਕਰਨ-ਕਰਾਵਨਹਾਰ ਹੈ ।[2]

ਮਾਇਆ :

ਨਾਮਦੇਵ ਮਾਇਆ ਦੇ ਆਡੰਬਰ ਦਾ ਰਚੈਤਾ ਪਰਮਾਤਮਾ ਨੂੰ ਹੀ ਮੰਨਦੇ ਹਨ ਪਰੰਤੂ ਇਸ ਮਾਇਆਵੀ ਆਡੰਬਰ ਦੀ ਸੂਝ-ਬੂਝ ਅਤੇ ਨਿਰਾਰਥਕਤਾ ਦਾ ਬੋਧ ਵੀ ਪਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ ।[3] ਸਭ ਪ੍ਰਾਣੀ ਇਸ ਮਾਇਆ

---

1. ਸਭੈ ਘਟ ਰਾਮੁ ਬੋਲੈ ਰਾਮਾ ਬੋਲੈ।। ਰਾਮ ਬਿਨਾ ਕੋ ਬੋਲੈ ਰੇ।। ਰਹਾਉ।।
   ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈ ਬਹੁ ਨਾਨਾ ਰੇ ।।
   ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ।।
   ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ।।
   ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ।।
   "ਆਦਿ ਗ੍ਰੰਥ", ਰਾਗ ਮਾਲੀ ਗਉੜਾ ਨਾਮਦੇਵ,ਪੰ:988.
2. ਅਕੁਲ ਪੁਰਖ ਇਕੁ ਚਲਿਤ ਉਪਾਇਆ।।ਘਟਿ ਘਟਿ ਅੰਤਰਿ ਬ੍ਰਹਮ ਲੁਕਾਇਆ।।
   ਜੀਅ ਕੀ ਜੋਤਿ ਨ ਜਾਨੈ ਕੋਈ।।ਤੈ ਮੈ ਕੀਆ ਸੁ ਮਾਲੂਮੁ ਹੋਈ।।ਰਹਾਉ।।
   ਜਿਉ ਪ੍ਰਗਾਸਿਆ ਮਾਟੀ ਕੁੰਭੇਉ।। ਆਪ ਹੀ ਕਰਤਾ ਬੀਠਲੁ ਦੇਉ।।
   ਜੀਅ ਕਾ ਬੰਧਨੁ ਕਰਮੁ ਬਿਆਪੈ।। ਜੋ ਕਿਛ ਕੀਆ ਸੋ ਆਪੈ ਆਪੈ ।।
   ਪ੍ਰਣਵਿਤ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ।।ਅਮਰੁ ਹੋਇ ਸਦ ਆਕੁਲ ਰਹੈ।।
   "ਉਹੀ", ਰਾਗ ਪ੍ਰਭਾਤੀ ਨਾਮਦੇਵ, ਪੰ:1351.
3. ਸਭ ਤੈ ਉਪਾਈ ਭਰਮ ਭੁਲਾਈ।। ਜਿਸ ਤੂੰ ਦੇਵਹਿ ਤਿਸਹਿ ਬੁਝਾਈ ।।
   "ਉਹੀ", ਰਾਗ ਗੂਜਰੀ ਨਾਮਦੇਵ, ਪੰ:525.

ਵਿਚ ਉਲਝੇ ਹੋਏ ਰਹਿ ਜਾਂਦੇ ਹਨ। ਭਗਤ ਨਾਮਦੇਵ ਸੰਸਾਰ ਸਾਗਰ ਨੂੰ "ਜ਼ਹਿਰ ਦਾ ਭੰਡਾਰ" ਕਹਿੰਦੇ ਹਨ।[1]

ਇਸ ਮਾਇਆਵੀ ਸੰਸਾਰ ਵਿਚੋਂ ਜੋ ਵਿਅਕਤੀ ਉਪਰ ਉਠਕੇ 'ਅੰਜਨਿ ਮਾਹਿ ਨਿਰੰਜਨ ਰਹੀਐ', ਵਾਲੀ ਅੰਤਰ-ਦਿਸ਼ਾ ਧਾਰਨ ਕਰ ਲੈਂਦਾ ਹੈ, ਉਹ ਉਸ ਪ੍ਰਭੂ ਦੇ ਦਰਸ਼ਨ ਕਰਨ ਦੇ ਯੋਗ ਹੋ ਜਾਂਦਾ ਹੈ। ਡਾ. ਨਿਸ਼ੀਕਾਂਤ ਮਿਰਜਾਕਾਰ ਦਾ ਮਤ ਹੈ ਕਿ ਨਾਮਦੇਵ ਬਾਰ ਬਾਰ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਮਾਇਆ ਦਾ ਤਿਆਗ ਕਰੋ ਕਿਉਂਕਿ ਉਨ੍ਹਾਂ ਇਸ ਨਿੱਗਰ ਸੱਚ ਨੂੰ ਪਛਾਣ ਲਿਆ ਹੈ ਕਿ ਆਖ਼ਰੀ ਸਮੇਂ ਕੋਈ ਕਿਸੇ ਦਾ ਨਹੀਂ।[2]

ਪਰੰਤੂ ਇਹ ਮਾਇਆ-ਜਾਲ ਏਨਾ ਆਸਾਨ ਨਹੀਂ ਕਿ ਕੋਈ ਜੀਵ ਸਹਿਜੇ ਹੀ ਇਸ ਤੋਂ ਛੁਟਕਾਰਾ ਪਾ ਸਕੇ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਮਾਇਆਵੀ ਆਡੰਬਰ ਦੇ ਕਰਿੰਦੇ ਹਨ ਜੋ ਜੀਵਾਤਮਾ ਨੂੰ ਭੋਗਾਂ ਵਿਚ ਉਲਝਾਈ ਰੱਖਦੇ ਹਨ। ਕਈ ਵਾਰ ਜੀਵ ਅਣਜਾਨੇ-ਵੱਸ ਇਨ੍ਹਾਂ ਭੋਗਾਂ ਨੂੰ ਹੀ ਸਭ ਕੁਝ ਮੰਨ ਲੈਂਦਾ ਹੈ ਅਤੇ ਮਾਇਆ ਦੇ ਰਚਨਹਾਰੇ ਬ੍ਰਹਮ ਬਾਰੇ ਸੋਚਦਾ ਤੱਕ ਵੀ ਨਹੀਂ। ਮਾਇਆ ਦੇ ਵਿਸਤ੍ਰਿਤ ਜਾਲ ਬਾਰੇ ਨਾਮਦੇਵ ਲਿਖਦੇ ਹਨ ਕਿ ਖ਼ਾਸ ਦਇਆ ਮਿਹਰ ਸਦਕਾ ਹੀ ਇਸ 'ਚੋਂ ਨਿਕਲ ਸਕਣਾ ਸੰਭਵ ਹੈ।[3]

---

1. ਕੈਸੇ ਮਨ ਤਰਹਿਗਾ ਰੇ ਸੰਸਾਰ ਸਾਗਰ ਬਿਖੈ ਕੋ ਬਨਾ ॥
ਝੂਠੀ ਮਾਇਆ ਦੇਖਿਕੈ ਭੂਲਾ ਰੇ ਮਨਾ ॥
"ਉਹੀ", ਰਾਗ ਆਸਾ ਨਾਮਦੇਵ, ਪੰ: 486.

2. "ਬਾਣੀਕਾਰ ਭਗਤ ਨਾਮਦੇਵ" (ਸੰਪਾ. ਪ੍ਰੋ. ਹਰਮੀਤ ਸਿੰਘ), ਪੰ: 31.

3. ਕਿਰਮਥ ਹੇ ਟਵਾਲ ਮਾਇਆ ਮੋਹ ਜਾਲਾ ॥
ਵਾਇਆਚ ਪਾਲ ਹਾਲ ਕੌਰ ਤੇ ਕਰੀ ॥
"ਸ੍ਰੀ ਨਾਮਦੇਵ ਗਾਥਾ", ਅਭੰਗ 330.

ਜਗਤ

ਭਗਤ ਨਾਮਦੇਵ ਅਨੁਸਾਰ ਇਹ ਸਾਰਾ ਜਗਤ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। ਜਿਸ ਤਰ੍ਹਾਂ ਮਣਕੇ ਇਕ ਸੂਤਰ ਵਿਚ ਪਰੋਕੇ ਮਾਲਾ ਬਣਦੀ ਹੈ, ਉਸੇ ਤਰ੍ਹਾਂ ਪਰਮਾਤਮਾ ਖੁਦ ਸੂਤਰ ਰੂਪ ਹੋ ਕੇ ਪੰਜਾਂ ਤੱਤਾਂ ਨੂੰ ਇਕੱਠਾ ਕਰੀ ਬੈਠਾ ਹੈ ਤੇ ਜਗਤ ਦਾ ਵਜੂਦ ਕਾਇਮ ਹੈ; ਜਿਵੇਂ ਲਹਿਰਾਂ, ਝੱਗ ਅਤੇ ਬੁਲਬਲੇ ਪਾਣੀ ਤੋਂ ਵੱਖਰੇ ਨਹੀਂ ਤਿਵੇਂ ਇਹ ਪੰਜ ਤੱਤ ਦੀ ਲੀਲ੍ਹਾ ਵਾਲੀ ਸਾਰੀ ਸ੍ਰਿਸ਼ਟੀ ਪਰਮਾਤਮਾ ਤੋਂ ਭਿੰਨ ਨਹੀਂ ਹੈ।[1] ਜਗਤ ਨੂੰ ਈਸ਼ਵਰ ਤੋਂ ਵੱਖਰਾ ਕਰਨਾ ਅਤੇ ਈਸ਼ਵਰ ਨੂੰ ਜਗਤ ਤੋਂ ਵੱਖਰਾ ਵੇਖਣਾ ਅਸੰਭਵ ਹੈ।[2]

ਇਸ ਜਗਤ ਨੂੰ ਨਾਮਦੇਵ "ਅੰਧਾ" ਕਹਿੰਦੇ ਹਨ, ਕਿਉਂ ਜੋ ਜੀਵ 'ਜਗਤ ਤਮਾਸ਼ੇ' ਵਿਚ ਉਲਝੇ ਪਏ ਉਸ ਪ੍ਰਭੂ ਦੇ ਸੰਬੰਧ ਵਿਚ ਸੋਚਣ ਲਈ ਹੀ ਤਿਆਰ ਨਹੀਂ ਹਨ।[3] ਭਾਵੇਂ ਕਿ ਇਸ ਜਗਤ ਦੀ ਖੇਡ ਨੂੰ ਖਿਡਾਉਣ ਵਾਲਾ ਵੀ ਉਹ ਆਪ ਹੀ ਹੈ[4], ਪਰ

---

1. ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ।।
 ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ।।
 ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ।।
 ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ।।
 "ਆਦਿ ਗ੍ਰੰਥ", ਰਾਗ ਆਸਾ ਨਾਮਦੇਵ, ਪੰ: 485.
2. ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ।।
 ਘਟਿ ਘਟਿ ਅੰਤਰਿ ਸਰਬ ਨਿਰੰਤਰ ਕੇਵਲ ਏਕ ਮੁਰਾਰੀ।।
 "ਉਹੀ", ਉਹੀ, ਪੰਨਾ 485.
3. ਕਹਾ ਕਹੂੰ ਜਗ ਦੇਖਤ ਅੰਧਾ।। ਤਜਿ ਆਨੰਦ ਬਿਚਾਰੇ ਸੰਧਾ।।
 "ਨਾਮਦੇਵ ਕੀ ਹਿੰਦੀ ਪਦਾਵਲੀ", ਪਦ 47.
4. ਬਾਜੀ ਰਚੀ ਬਾਪ ਬਾਜੀ ਰਚੀ।। ਮੈ ਬਲਿ ਤਾ ਕੀ ਜਿਨਸੁ ਬਚੀ।।ਟੇਕ।।
 ਬਾਜੀ ਜਾਮਨ ਬਾਜੀ ਮਰਨਾ ।। ਬਾਜੀ ਲਾਗ ਰਹਿਓ ਰੇ ਮਨਾ ।।
 ਬਾਜੀ ਆ ਮੈ ਸੋਚਿ ਬਿਚਾਰੀ।। ਆਪੈ ਸੂਤਰ ਆਪੈ ਸੂਤਰਧਾਰੀ ।।
 "ਉਹੀ", ਪਦ 40.

ਫਿਰ ਵੀ ਇਸ ਸੰਸਾਰ ਦੀ 'ਬਾਜੀ'(ਖੇਡ) ਨਾਸ਼ਮਾਨ ਹੈ। ਇਸ ਨਾਸ਼ਮਾਨ ਜਗਤ ਵਿਚੋਂ ਕੋਈ ਵਿਰਲਾ ਹੀ 'ਨਿਰਬਾਨ ਪਦ' ਪ੍ਰਾਪਤ ਕਰਦਾ ਹੈ।[1]

ਇਸ ਜਗਤ ਨੂੰ ਨਾਮਦੇਵ ਮੈਲਾਂ ਦਾ ਭਰਿਆ ਦੱਸਦੇ ਹਨ। ਜੇਕਰ ਕੋਈ ਨਿਰਮਲ ਹੈ ਤਾਂ ਉਹ 'ਹਰਿ' ਹੀ ਹੈ।[2] ਨਾਮਦੇਵ ਜੀਵ ਨੂੰ 'ਹਰਿ' ਦੀ ਤਰ੍ਹਾਂ ਨਿਰਮਲ ਹੋਣ ਲਈ 'ਹਰਿ ਗੁਨ ਗਾਈ' ਦੀ ਜੁਗਤੀ ਦੱਸਦੇ ਹਨ।[3]

'ਆਦਿ ਗ੍ਰੰਥ' ਵਿਚ ਉਪਲਬਧ ਪ੍ਰਭਾਤੀ ਰਾਗ ਵਿਚ ਆਪ ਦੀ ਜਗਤ ਸੰਬੰਧੀ ਉਪਰੋਕਤ ਧਾਰਨਾ ਹੋਰ ਵੀ ਸਪਸ਼ਟ ਤੇ ਸਾਕਾਰ ਹੋ ਜਾਂਦੀ ਹੈ।[4]

ਇਹ ਸਰੀਰ ਜੋ ਕਿ ਇਸ ਜਗਤ ਦੀ ਇਕ ਛੋਟੀ ਇਕਾਈ ਹੈ, ਜਗਤ ਦੀ ਤਰ੍ਹਾਂ ਨਾਸ਼ਮਾਨ ਹੈ। ਭਗਤ ਨਾਮਦੇਵ ਮਨੁੱਖ ਨੂੰ ਵਾਰ ਵਾਰ ਇਹ ਸਮਝਾਉਂਦੇ ਹਨ ਕਿ ਮਨੁੱਖ ਦੀ ਆਯੂ ਹਰ ਘੜੀ ਘਟ ਰਹੀ ਹੈ; ਇਸ ਸੰਸਾਰ ਵਿਚ ਕੋਈ ਸਦਾ ਨਹੀਂ ਰਿਹਾ। ਮੌਤ ਅਵੱਸ਼ਕ ਅਤੇ ਅਟੱਲ ਹੈ। ਨਾਮਦੇਵ ਮਨੁੱਖੀ ਜੀਵਨ ਨੂੰ "ਪਾਣੀ ਦੀ ਬਣੀ ਹੋਈ

---

1. ਜਿਹ ਜਿਹ ਰੰਗੈ ਲੋਕ ਰਾਤਾ ਤਾਂ ਰੰਗ ਜਨ ਨ ਰਾਚਿਲਾ ॥
ਜਿਹ ਜਿਹ ਮਾਰਗ ਸੰਸਾਰ ਜਾਇਲਾ ਸੋ ਪੰਥ ਦੂਰ ਵੇਚਿਲਾ ॥
ਨਿਰਬਾਨੈ ਪਦ ਕੋਇ ਚੀਨੈ, ਝੂਠੇ ਭਰਮਿ ਭੁਲਾਇਆ ॥
"ਨਾਮਦੇਵ ਕੀ ਹਿੰਦੀ ਪਦਾਵਲੀ", ਪਦ 16.
2. ਮੈਲਾ ਮਲਿਤਾ ਸਬ ਸੰਸਾਰ॥ ਹਰਿ ਨਿਰਮਲ ਜਾ ਕਉ ਅੰਤ ਨ ਪਾਰ ॥
"ਉਹੀ", ਪਦ 121.
3. ਸਬ ਜਗਾ ਮੈਲਾ ਆਨਿਹ ਭਾਈ ॥
ਜਨ ਨਿਰਮਲ ਜਬ ਹਰਿ ਗੁਨ ਗਾਈ ॥
"ਉਹੀ", ਪਦ 121.
4. ਜੋ ਕਿਛ ਕੀਆ ਸੋ ਆਪੈ ਆਪੈ ॥
ਪ੍ਰਣਵਤਿ ਨਾਮਦੇਉ ਇਹ ਜੀਉ ਚਿਤਵੈ ਸੁ ਲਹੈ ॥
ਅਮਰ ਹੋਇ ਸਦ ਆਕੁਲ ਰਹੈ ॥
"ਆਦਿ ਗ੍ਰੰਥ, ਰਾਗ ਪ੍ਰਭਾਤੀ ਨਾਮਦੇਵ, ਪੰ:1351.

ਇਕ ਤਸਵੀਰ ਕਹਿੰਦੇ ਹਨ।"[1]

ਲਕਸ਼ਮਣ ਗਣੇਸ਼ਯੋਗ ਨਾਮਦੇਵ ਦੇ ਇਕ ਮਰਾਠੀ ਅਭੰਗ ਵਿਚਲੀ ਸਿੱਖਿਆ ਤੇ ਵਿਚਾਰ ਕਰਦੇ ਹੋਏ ਲਿਖਦੇ ਹਨ, "ਸੰਸਾਰ ਵਿਚ ਰਿਸ਼ਤੇਦਾਰਾਂ ਨੂੰ ਅੱਖਾਂ ਖੋਲ੍ਹ ਕੇ ਪਛਾਣਨ ਦੀ ਲੋੜ ਹੈ। ਪੁੱਤ੍ਰ, ਕਲੱਤ੍ਰ ਤੇ ਬੰਧੂ ਜੇ ਮੇਰੇ ਹੋ ਵੀ ਜਾਣ ਤਾਂ ਅੰਤ ਸਮੇਂ ਮੇਰੀ ਮੁਕਤੀ ਲਈ ਸਹਾਈ ਨਹੀਂ ਹੋ ਸਕਦੇ; ਜੀਵਨ ਤਾਂ ਇਕ ਰਾਤ ਦਾ ਬਸੇਰਾ ਹੈ।"[2]

ਨਾਮਦੇਵ ਜਦੋਂ ਸਰੀਰਕ ਮੌਤ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦਾ ਅਸਲੀ ਪ੍ਰਯੋਜਨ ਸਾਨੂੰ ਅਧਿਆਤਮਕ ਤੌਰ ਤੇ ਜਗਾਉਣਾ ਹੈ। ਅਧਿਆਤਮਕ ਤੌਰ ਤੇ ਜਾਗਿਆ 'ਕੋਈ ਉਪਾਇ' ਕੀਤਿਆਂ ਹੀ ਭਉਸਾਗਰ ਤੋਂ ਪਾਰ ਹੋ ਸਕਣਾ ਹੈ।[3]

<u>ਕਰਮ</u> :

ਛਿਨ-ਭੰਗਰ ਜੀਵਨ ਵਿਚ ਕਰਮਾਂ ਦੀ ਮਹਾਨਤਾ ਹੋਰ ਵੀ ਅਧਿਕ ਹੋ ਜਾਂਦੀ ਹੈ। ਨਿਰਗੁਣ ਕਵੀ ਕਰਮਾਂ ਤੇ ਜੀਵਨ ਦੀ ਨਿਰੰਤਰ ਸਾਂਝ ਵਿਅਕਤ ਕਰਦੇ ਹਨ। ਇਸ ਜੀਵਨ ਵਿਚ ਕੀਤੇ "ਹਰ ਵੱਡੇ ਛੋਟੇ ਕਰਮ ਦਾ ਲੇਖਾ 'ਧਰਮਰਾਜ' ਅੱਗੇ ਦੇਣਾ ਪੈਂਦਾ ਹੈ।"[4]

ਭਗਤ ਨਾਮਦੇਵ ਜੀਵਨ ਵਿਚ ਅਜਿਹੇ ਕਰਮ ਕਰਨ ਉਤੇ ਬਲ ਦਿੰਦੇ ਹਨ ਜਿਹੜੇ ਕਰਮ ਮਾਨਵ ਧਰਮ ਦੇ ਅਨੁਕੂਲ ਹੋਣ। ਆਪ "ਪੰਜ ਵਿਕਾਰਾਂ ਤੇ ਜਿੱਤ ਹਾਸਿਲ ਕਰਨ

---

1. ਪਾਨੀ ਕਾ ਚਿਤਰ ਪਵਨ ਕਾ ਥੰਮਾ।। ਕੌਨ ਉਪਾਇ ਰਚਿਓ ਆਰੰਭਾ।।
   ਈਹਾ ਕਾ ਉਪਜਿਆ ਈਹਾ ਬਿਲਾਨਾ।। ਬੋਲਨਹਾਰਾ ਏ ਕਮੇ ਸਮਾਨਾ।।
   "ਨਾਮਦੇਵ ਕੀ ਹਿੰਦੀ ਪਦਾਵਲੀ", ਪਦ 42.
2. "ਨਾਮਦੇਵ", ਅਨੁ: ਸਵਰਨ ਸਿੰਘ, ਪੰ:43.
3. ਕੋਈ ਉਪਾਇ ਜਾ ਕਰ ਹੀ ਹੇ ਨਰ
   ਜਲ ਸੀਚੈ ਕਰਿ ਜਤਨ ਪ੍ਰਬਲੈ ।।
   "ਨਾਮਦੇਵ ਕੀ ਹਿੰਦੀ ਪਦਾਵਲੀ", ਪਦ 42.
4. ਨਾਨਕ ਜੀਅ ਉਪਾਇਕੈ ਲਿਖਿ ਨਾਵੈ ਧਰਮੁ ਬਹਾਲਿਆ ।।
   "ਆਦਿ ਗ੍ਰੰਥ", ਰਾਗ ਆਸਾ ਮਹਲਾ ੧, ਪੰ:463.

ਲਈ ਨੇਕ ਕਰਮਾਂ ਦਾ ਕਰਨਾ ਅਨਿਵਾਰੀ ਸਮਝਦੇ ਹਨ।"[1] ਇਹ ਵਿਕਾਰ ਹਨ: ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ । ਇਨ੍ਹਾਂ ਵਿਕਾਰਾਂ ਤੇ ਜਿੱਤ ਪ੍ਰਾਪਤ ਕਰਨ ਲਈ ਜਿਥੇ ਗੁਰੂ ਦੀ ਦਇਆ-ਮਿਹਰ ਵੀ ਜ਼ਰੂਰੀ ਹੈ, ਉਥੇ ਨਾਲ ਹੀ ਸ਼ੁਭ ਕਰਮ ਕਰਨੇ ਵੀ ਲਾਜ਼ਮੀ ਹਨ ।

ਸੁੱਖ-ਦੁੱਖ :

ਚੰਗੇ ਤੇ ਮਾੜੇ ਕਰਮਾਂ ਦਾ ਫਲ ਸੁੱਖਾਂ ਤੇ ਦੁੱਖਾਂ ਵਿਚ ਪ੍ਰਾਪਤ ਹੁੰਦਾ ਹੈ । ਪਿਛਲੇਰੇ (ਪੂਰਵਲੇ) ਜਨਮਾਂ ਦੇ ਨੇਕ ਕਰਮਾਂ ਦਾ ਫਲ ਸੁੱਖਾਂ ਵਿਚ ਮਿਲਦਾ ਹੈ ਤੇ ਮਾੜੇ ਕਰਮਾਂ ਦਾ ਫਲ ਦੁੱਖ । ਨਾਮਦੇਵ ਇਸ ਜਗਤ ਨੂੰ ਨਗਰੀ ਕਹਿੰਦੇ ਹਨ। ਇਸ 'ਦੁੱਖਾਂ ਦੀ ਨਗਰੀ' ਵਿਚ 'ਜੋ ਸੁੱਖ ਤੇ ਸ਼ਾਂਤੀ ਸੰਤਾਂ ਦੀ ਸੰਗਤ ਵਿਚੋਂ ਮਿਲਦੀ ਹੈ ਉਸ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ'।[2]

ਭਗਤ ਨਾਮਦੇਵ ਨੇ ਆਪ ਇਸ 'ਸੁੱਖ' ਦੀ ਪ੍ਰਾਪਤੀ 'ਗਿਆਨੇਸ਼ਵਰ' ਤੇ 'ਵਿਸ਼ੋਬਾਖੇਚਰ' ਵਰਗੇ ਸੰਤਾਂ ਦੀ ਸੰਗਤ ਵਿਚੋਂ ਕੀਤੀ ਤੇ ਮਾਨਵਤਾ ਨੂੰ ਵੀ ਇਸੇ ਮਾਰਗ ਦਾ ਉਪਦੇਸ਼ ਦਿੱਤਾ ।

ਆਵਾਗਵਨ :

ਭਾਰਤੀ ਦਰਸ਼ਨ ਵਿਚ ਆਵਾਗਵਨ ਦੇ ਸਿੱਧਾਂਤ ਦੀ ਬੜੀ ਚਰਚਾ ਰਹੀ ਹੈ । ਇਸ ਜੀਵਨ ਦੇ ਅੰਤ ਤੋਂ ਬਾਅਦ ਫਿਰ ਜੀਵਨ ਹੀ ਆਵਾਗਵਨ ਦਾ ਸਿੱਧਾਂਤ ਹੈ। 'ਮਰਨ ਤੋਂ ਪਿਛੋਂ ਦੀ ਹਾਲਤ ਦੋ ਤਰ੍ਹਾਂ ਦੀ ਹੈ । ਕਰਮਾਂ ਦੇ ਚੰਗੇ-ਮੰਦੇ ਫਲ ਭੋਗਣ ਵਾਲਿਆਂ ਲਈ ਤਾਂ ਆਵਾਗਵਨ ਹੈ ਤੇ ਮੁਕਤ ਆਤਮਾਵਾਂ ਲਈ ਸਚਖੰਡ ਦਾ ਵਾਸਾ ਹੈ ।[3]

---

1. ਦਸ ਬੈਰਾਗਨਿ ਮੋਹਿ ਬਸਿ ਕੀਨੀ ਪੰਚਹੁ ਕਾ ਮਿਟ ਨਾਵਉ।।
"ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ: 693.

2. ਸੰਤ ਸੰਗਤੀਏ ਕਾਇ ਸਾਂਗੂ ਸੁਖ ।।
ਆਪਣ ਪਾਰੀਖੈ ਨਾਹੀ ਤੇਖੇ ।।
"ਸ੍ਰੀ ਨਾਮਦੇਵ ਗਾਥਾ", ਅਭੰਗ 861.

3. ਡਾ. ਸ਼ੇਰ ਸਿੰਘ, "ਗੁਰਮਤਿ ਦਰਸ਼ਨ", ਪੰ: 319.

ਭਗਤ ਨਾਮਦੇਵ ਵੀ ਆਵਾਗਵਨ ਜਾਂ ਚੁਰਾਸੀ ਦੇ ਚੱਕਰ ਨੂੰ ਸਵੀਕਾਰ ਕਰਦੇ ਹਨ।[1] ਇਸੇ ਧਾਰਨਾ ਨੂੰ ਪਿਛਲੇਰੇ ਨਿਰਗੁਣ ਕਵੀਆਂ ਨੇ ਅਨੇਕਾਂ ਵਾਰ ਵਿਅਕਤ ਕੀਤਾ ਹੈ ।

ਸਵਰਗ-ਨਰਕ :

ਸਵਰਗ ਤੇ ਨਰਕ ਦੀ ਕਲਪਨਾ ਤਕਰੀਬਨ ਸਾਰਿਆਂ ਧਰਮਾਂ ਵਿਚ ਮਿਲਦੀ ਹੈ । ਜੀਵ ਦੇ ਭੈੜੇ-ਖੋਟੇ ਜਾਂ ਨੇਕ ਕਰਮ ਹੀ ਉਸ ਦੀ ਸਵਰਗ ਜਾਂ ਨਰਕ ਪ੍ਰਾਪਤੀ ਦਾ ਫੈਸਲਾ ਕਰਦੇ ਹਨ । ਭਗਤ ਨਾਮਦੇਵ ਕੇਵਲ ਇਸ ਧਾਰਨਾ ਨੂੰ ਹੀ ਵਿਅਕਤ ਨਹੀਂ ਕਰਦੇ[2] ਸਗੋਂ ਇਸ ਤੋਂ ਅਗਲੇਰੇ ਪੜਾਅ 'ਨਿਰਬਾਣ ਪਦ' ਦੀ ਪ੍ਰਾਪਤੀ ਤੇ ਬਲ ਦਿੰਦੇ ਹਨ ।[3]

ਮੁਕਤੀ :

ਮੁਕਤੀ ਦੇ ਸੰਕਲਪ ਵਿਚ ਨਿਰਗੁਣ ਕਵੀ ਵੱਖ ਵੱਖ ਧਰਮਾਂ ਵਲੋਂ ਸਥਾਪਿਤ ਇਸ ਦੇ ਅਰਥਾਂ ਨਾਲੋਂ ਬਹੁਤ ਅਗੇਰੇ ਨਿਕਲ ਜਾਂਦੇ ਹਨ । ਮੁਕਤੀ ਦਾ ਆਮ ਅਰਥ ਛੁਟਕਾਰਾ ਜਾਂ ਆਜ਼ਾਦੀ ਹੀ ਸਮਝਿਆ ਜਾਂਦਾ ਰਿਹਾ ਹੈ ਕਿ ਜੀਵ ਜਦੋਂ ਮੌਤ ਤੋਂ ਪਿਛੋਂ ਆਪਣੇ ਅਸਲੇ (ਪ੍ਰਭੂ) ਵਿਚ ਸਮਾ ਜਾਂਦਾ ਹੈ ਤਾਂ ਉਹ ਮੁਕਤ ਹੈ ।

ਭਗਤ ਨਾਮਦੇਵ ਜੀਉਂਦੇ ਜੀਅ ਮੁਕਤ ਹੋਣ ਦਾ ਸਿੱਧਾਂਤ ਦਿੰਦੇ ਹਨ। ਜਦੋਂ ਕੋਈ ਜੀਵ ਸਿਮਰਨ ਦੇ ਸਾਧਨ ਰਾਹੀਂ ਗੁਰੂ ਦੀ ਕ੍ਰਿਪਾ-ਮਿਹਰ ਦਾ ਪਾਤਰ ਬਣਕੇ ਆਪਣੀ ਆਤਮਿਕ ਅਵਸਥਾ ਨੂੰ ਮੋਹ-ਮਾਇਆ ਦੇ ਬੰਧਨਾਂ ਤੋਂ ਬਹੁਤ ਉੱਚਾ ਚੁੱਕ ਲੈਂਦਾ

---

1. ਹਰਿ ਭਜਿ ਹਰਿ ਭਜਿ ਹਰਿ ਭਜਿ ਮੂਲ ।।
ਜਿਨ ਹਰਿ ਭਜਨ ਪਰੈ ਮੁਖ ਧੂਲ ।।
ਅਨੇਕ ਬਾਰ ਪਸੂ ਹਵੈ ਅਵਤਰਿਓ ।।
ਲਖ ਚਉਰਾਸੀ ਭਰਮਤ ਫਿਰਿਓ।।
"ਨਾਮਦੇਵ ਕੀ ਹਿੰਦੀ ਪਦਾਵਲੀ", ਪਦ 124.

2. ਕਰ ਤੇ ਉਪਜ ਸੁਰਗ ਕਉ ਜੀਤਓ ਸੋ ਅਬ ਖਸਮੈ ਪਾਈ ।।
"ਆਦਿ ਗ੍ਰੰਥ, ਪੰ:876.

3. ਨਿਰਬਾਣ ਪਦੁ ਇਕ ਹਰਿ ਕੋ ਨਾਮ ।।
"ਉਹੀ", ਰਾਗ ਭੈਰਉ ਨਾਮਦੇਵ, ਪੰ:1183.

ਹੈ, ਤਾਂ ਉਹ ਜੀਵਨ-ਮੁਕਤ ਹੈ ।[1]

ਮੁਕਤੀ ਲਈ ਮਾਇਆ ਤੋਂ ਛੁਟਕਾਰਾ ਲਾਜ਼ਮੀ ਹੈ ਜੋ ਗੁਰ-ਭਗਤੀ ਤੇ ਗੁਰੂ-ਕ੍ਰਿਪਾ ਨਾਲ ਹੀ ਸੰਭਵ ਹੈ, ਜੋ ਕਿ 'ਧੁਰਿ ਕਰਮ' ਹੋਣ ਤੇ ਹੀ ਜਾਂ 'ਮਸਤਕਿ ਲਿਖਿਐ ਕਰਮਾ' ਕਰਕੇ ਹੀ ਸੰਭਵ ਹੈ ।[2]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਗਤ ਨਾਮਦੇਵ ਆਪਣੇ ਦਾਰਸ਼ਨਿਕ ਵਿਚਾਰਾਂ ਕਰਕੇ ਨਿਰਗੁਣਵਾਦ ਦੇ ਦਰਸ਼ਨ ਤੇ ਪੂਰੇ ਪੂਰੇ ਉਤਰਦੇ ਹੀ ਨਹੀਂ, ਸਗੋਂ ਉਹ ਕਈਆਂ ਗੱਲਾਂ ਦੇ ਪ੍ਰਵਰਤਕ ਵੀ ਹੋ ਨਿੱਬੜਦੇ ਹਨ । ਅਸਲ ਵਿਚ ਇਨ੍ਹਾਂ ਸਿੱਧਾਂਤਾਂ ਉਤੇ ਪਿਛੋਂ ਜਾ ਕੇ ਨਿਰਗੁਣ-ਕਾਵਿ ਦਾ ਵਿਸ਼ਾਲ ਮਹਿਲ ਉਸਰਿਆ ।

## ਸਾਧਨਾ

### ਨਾਮਦੇਵ ਦੀ ਭਗਤੀ ਸਾਧਨਾ:

ਸ਼ਰੋਮਣੀ ਭਗਤ, ਭਗਤ ਨਾਮਦੇਵ ਦਾ ਹਿਰਦਾ ਭਗਤੀ ਨਾਲ ਓਤਪੋਤ ਸੀ । ਇਹ ਭਗਤੀ ~~ਕਾਮੁਕ ਭਗਤੀ ਨ ਹੋ ਕੇ~~ ਨਿਸੰਕਲਪ ਭਗਤੀ ਸੀ ਜਿਸ ਵਿਚੋਂ ਪਿਆਰ ਹੀ ਪਿਆਰ ਵਹਿ ਰਿਹਾ ਪ੍ਰਤੀਤ ਹੁੰਦਾ ਹੈ । ਭਗਤ ਦੇ ਸੰਸਕਾਰ ਨਾਮਦੇਵ ਨੂੰ ਵਿਰਸੇ ਵਿਚੋਂ ਹੀ ਮਿਲੇ । ਸਾਧ-ਸੰਗਤ ਨੇ ਇਨ੍ਹਾਂ ਸੰਸਕਾਰਾਂ ਨੂੰ ਰੂੜ੍ਹ ਕੀਤਾ । ਨਾਮਦੇਵ ਦੀ ਭਗਤੀ ਸਾਧਨਾ ਦਾ ਵਿਵੇਚਨ ਕਰਦਿਆਂ ਸਪਸ਼ਟ ਹੁੰਦਾ ਹੈ ਕਿ ਉਹ ਸਰਗੁਣ ਭਗਤੀ ਤੋਂ ਹੀ ਨਿਰਗੁਣ ਭਗਤੀ ਵੱਲ ਰੁਚਿਤ ਹੋਏ । "ਬੀਠਲੁ'(ਕ੍ਰਿਸ਼ਨ ਦੀ ਮੂਰਤੀ) ਅੱਗੇ ਜਾਚਨਾ ਤੇ ਕੀਰਤਨ ਗਾਇਨ ਕਰਦੇ ਕਰਦੇ ਉਹ 'ਰਮਈਆ' ਦੀ

---

1. ਇਸ ਸੰਸਾਰ ਤੇ ਤਬ ਹੀ ਛੂਟਿਓ ਜਉ ਮਾਇਆ ਨ ਲਪਟਾਵਉ ।।
   ਮਾਇਆ ਨਾਮੁ ਗਰਭ ਜੋਨਿ ਕ ਤਿਤ ਤਜਿ ਦਰਸਨ ਪਾਵਉ ।।
   "ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ: 693.
2. ਜਾ ਕੇ ਮਸਤਕਿ ਲਿਖਿਓ ਕਰਮਾ ।।ਸੋ ਭਜਿ ਪਰਿ ਹੈ ਗੁਰ ਕੀ ਸਰਨਾ।।
   ਕਹਤ ਨਾਮਦੇਉ ਇਹ ਬੀਚਾਰੁ।। ਇਨਿ ਬਿਧਿ ਸੰਤਹੁ ਉਤਰਹੁ ਪਾਰਿ ।।
   "ਉਹੀ", ਰਾਗ ਭੈਰਉ ਨਾਮਦੇਵ, ਪੰ:1165.

ਅਰਾਧਨਾ ਕਰਨ ਲਗ ਪਏ ।[1]

ਕੁਝ ਵਿਦਵਾਨ ਨਾਮਦੇਵ ਦੇ 'ਬੀਠਲ' ਸ਼ਬਦ ਦੀ ਵਰਤੋਂ ਕਰਨ ਕਰਕੇ ਉਸਨੂੰ ਸਰਗੁਣ ਭਗਤ ਕਹਿਣ ਦੀ ਉਕਾਈ ਕਰਦੇ ਹਨ। ਅਸੀਂ ਵੇਖਦੇ ਹਾਂ ਕਿ ਨਾਮਦੇਵ ਤੋਂ ਬਿਨਾ ਨਿਰਗੁਣ ਪ੍ਰਭੂ ਲਈ ਬੀਠਲੁ ਪਦ ਤਾਂ ਗੁਰੂ ਅਰਜਨ ਦੇਵ ਜੀ ਨੇ ਵੀ ਵਰਤਿਆ ਹੈ ।[2] ਕੀ ਅਸੀਂ ਗੁਰੂ ਸਾਹਿਬ ਨੂੰ ਵੀ ਸਰਗੁਣ ਭਗਤੀ ਦੇ ਉਪਾਸ਼ਕ ਕਹਿਣ ਦੀ ਗ਼ਲਤੀ ਕਰ ਸਕਦੇ ਹਾਂ ?

ਭਗਤ ਨਾਮਦੇਵ ਦਾ "ਬੀਠਲੁ" ਜਿਵੇਂ ਕਿ ਇਸ ਅਧਿਆਇ ਦੇ ਪ੍ਰਾਰੰਭ ਵਿਚ 'ਪਾਰਬ੍ਰਹਮ ਦਾ ਸੰਕਲਪ' ਵਾਲੇ ਪ੍ਰਕਰਣ ਵਿਚ ਵਿਚਾਰਿਆ ਜਾ ਚੁੱਕਾ ਹੈ,ਸਰਬ-ਵਿਆਪਕ

---

1. ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗੁ ਰੂੜੋ ਮੇਰੋ ਰਾਮਈਆ ।।
"ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ:693.
ਅਤੇ
ਗੋਬਿੰਦ ਗਾਜੈ ਸਬਦੁ ਬਾਜੈ ਆਨਦ ਰੂਪੀ ਮੇਰੋ ਰਾਮਈਆ ।।
"ਉਹੀ", ਰਾਗ ਪ੍ਰਭਾਤੀ ਨਾਮਦੇਵ, ਪੰ:1351.
2. ਨਾਮੁ ਨਰਹਰ ਨਿਧਾਨੁ ਜਿਨਕੈ ਰਸ ਭੋਗ ਏਕ ਨਰਾਇਣਾ ।।
ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ ।।
"ਉਹੀ", ਰਾਮਕਲੀ ਮਹਲਾ 5 ਛੰਤ, ਪੰ:925.
ਜਾਂ
ਸਭ ਦਿਨ ਕੇ ਸਮਰਥ ਪੰਥ ਬਿਠੁਲੇ ਹਉ ਬਲਿ ਬਲਿ ਜਾਉ ।।
"ਉਹੀ", ਦੇਵ ਗੰਧਾਰੀ ਮਹਲਾ 5 ਘਰ 7, ਪੰ:536.
ਜਾਂ
ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ।।
ਕਹੁ ਨਾਨਕ ਹਉਮੈ ਭੀਤਿ ਗੁਰ ਖੋਈ,ਤਉ ਦਇਆਰੁ ਬੀਠਲੋ ਆਇਆ।।
"ਉਹੀ", ਰਾਗ ਸੋਰਠਿ ਮਹਲਾ 5, ਪੰ:624.
ਜਾਂ
ਐਸੋ ਪਰਚਉ ਪਾਇਓ।। ਕਰੀ ਕ੍ਰਿਪਾ ਦਇਆਲ ਬੀਠੁਲੇ ਸਤਿਗੁਰ ਮੁਝਹਿ ਬਤਾਇਓ।।
"ਉਹੀ", ਰਾਗ ਗਉੜੀ ਮਹਲਾ 5,ਪੰ:205.

ਸਰਬ-ਸ਼ਕਤੀਮਾਨ ਨਿਰੰਕਾਰ ਪ੍ਰਭੂ ਹੈ ਜੋ ਕਿ ਆਪ ਦੀ ਭਗਤੀ ਦਾ ਸਾਧੰਯ ਹੈ।

ਐਸੇ 'ਬੀਠਲੁ' ਦੀ ਪ੍ਰਾਪਤੀ ਲਈ ਆਪ ਪੰਜ ਵਿਕਾਰਾਂ ਦਾ ਤਿਆਗ ਕਰਕੇ[1], ਕਰਮ-ਕਾਂਡਾਂ ਤੋਂ ਪਰੇ[2], ਆਪਣੇ ਹੀ ਅੰਦਰੋਂ ਉਸ ਨੂੰ ਖੋਜਣ ਦਾ ਉਪਦੇਸ਼ ਕਰਦੇ ਹਨ।[3] ਇਸ ਭਗਤੀ-ਸਾਧਨਾ ਵਿਚ ਗੁਰੂ ਦੀ ਸ਼ਰਨ ਅਤੀ ਅਨਿਵਾਰੀ ਹੈ।[4] ਗੁਰੂ ਦੀ ਸ਼ਰਨ ਵਿਚ ਭਲੀ-ਪ੍ਰਕਾਰ ਆਉਣ ਉਪਰੰਤ ਸਿਮਰਨ ਦੇ ਰਸਤੇ ਪਾਰਬ੍ਰਹਮ ਨੂੰ ਪ੍ਰਾਪਤ ਕਰਨਾ ਹੀ ਅਸਲੀ ਭਗਤੀ ਸਾਧਨਾ ਹੈ ਜਿਸ ਨੂੰ ਕਿ ਨਾਮਦੇਵ ਜੀ ਨੇ ਅੰਨ੍ਹੇ ਦੀ ਡੰਗੋਰੀ ਦੀ ਉਪਮਾ ਦੇ ਕੇ ਸਮਝਾਇਆ ਹੈ। ਆਪ ਲਈ 'ਬੀਠਲੁ' ਦਾ ਨਾਮ ਉਸ ਅੰਨ੍ਹੇ ਵਾਲੀ ਡੰਗੋਰੀ ਦੀ ਨਿਆਈਂ ਹੈ ਜੋ ਅੰਤ ਨੂੰ ਜੀਵਾਂ ਨੂੰ ਬਖ਼ਸ਼ ਦਿੰਦਾ ਹੈ ਅਰਥਾਤ ਆਪਣੇ ਨਾਲ ਮਿਲਾ ਲੈਂਦਾ ਹੈ।[5]

---

1. ਦਸ ਬੈਰਾਗਨਿ ਮੋਹਿ ਬਸਿ ਕੀਨੀ ਪੰਚਹੁ ਕਾ ਮਿਟ ਨਾਵਉ ॥
"ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ:693.

2. ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ ॥
ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥
ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥
"ਉਹੀ" ਰਾਗ ਟੋਡੀ ਨਾਮਦੇਵ, ਪੰ:718.

3. ਨਾਮੇ ਕੇ ਸੁਆਮੀ ਲਾਹਿਲੇ ਝਗਰਾ ॥
ਰਾਮ ਰਸਾਇਨ ਪੀਉ ਰੇ ਦਗਰਾ ॥
"ਉਹੀ", ਰਾਗ ਆਸਾ ਨਾਮਦੇਵ, ਪੰ:485.

4. ਸਫਲ ਜਨਮੁ ਮੋ ਕਉ ਗੁਰ ਕੀਨਾ ॥
ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥
ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥
ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥ ਰਹਾਉ॥
"ਉਹੀ", ਰਾਗ ਬਿਲਾਵਲ ਨਾਮਦੇਵ, ਪੰ:857.

5. ਤੂ ਦਾਨਾ ਤੂ ਬੀਨਾ ਮੈ ਬੀਚਾਰੁ ਕਿਆ ਕਰੀ ॥
ਨਾਮੇ ਦੇ ਸੁਆਮੀ ਬਖਸੰਦ ਤੂ ਹਰੀ ॥
"ਉਹੀ", ਰਾਗ ਤਿਲੰਗ ਨਾਮਦੇਵ, ਪੰ:727.

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਗਤ ਨਾਮਦੇਵ ਭਗਤੀ ਮਾਰਗ ਨੂੰ ਸਰਲ ਤੇ ਸਹਿਜ ਮਾਰਗ ਬਣਾਕੇ ਜਨ-ਕਲਿਆਣ ਹਿਤ ਇਸ ਦਾ ਉਪਦੇਸ਼ ਕਰਦੇ ਹਨ । ਭਗਤੀ ਸਾਧਨਾ ਵਿਚ ਆਪ ਨੇ ਸਹਿਜ ਤੇ ਸਾਦਗੀ ਨੂੰ ਮਾਨਤਾ ਦਿੱਤੀ, ਆਡੰਬਰ ਅਤੇ ਪਾਖੰਡ ਉਤੇ ਚੋਟ ਕੀਤੀ ਅਤੇ ਭਗਤੀ ਤੇ ਪੂਜਾ ਦੇ ਰਾਹ ਉਤੇ ਸਭ ਨੂੰ ਤੋਰਿਆ ।[1]

<u>ਨਾਮਦੇਵ ਦਾ ਸਹਿਜ ਯੋਗ :</u>

ਨਾਮਦੇਵ ਗਿਆਨ,ਕਰਮ ਅਤੇ ਭਗਤੀ ਯੋਗ ਨਾਲੋਂ ਸਹਿਜਯੋਗ ਨੂੰ ਸਰਵੋਤਮ ਮੰਨਦੇ ਹਨ । ਉਹ ਹਠ-ਕਰਮਾਂ ਨੂੰ ਪਰਮਾਤਮਾ ਦੀ ਪ੍ਰਾਪਤੀ ਦੇ ਸਾਧਨ ਸਵੀਕਾਰ ਨਹੀਂ ਕਰਦੇ, ਸਗੋਂ ਸਹਿਜਯੋਗ ਰਾਹੀਂ ਆਪਣੇ ਹੀ ਅੰਦਰੋਂ ਪਰਮਾਤਮਾ ਨੂੰ ਖੋਜਣ ਲਈ ਕਹਿੰਦੇ ਹਨ ।[2]

ਉਹ ਆਪਣੇ ਸਹਿਜ ਜੋਗ ਨੂੰ "ਜੀਂਦੇ ਜੀਅ ਮਰਨਾ" ਕਹਿੰਦੇ ਹਨ । ਆਪ ਸਮਝਾਉਂਦੇ ਹਨ ਕਿ ਸਤਿਗੁਰੂ ਦੀ ਕਿਰਪਾ ਨਾਲ ਆਪ ਨੂੰ ਐਸਾ ਆਤਮ-ਗਿਆਨ ਪ੍ਰਾਪਤ ਹੋਇਆ ਕਿ ਆਪ ਨੂੰ ਮੌਤ ਦਾ ਕੋਈ ਡਰ ਨ ਰਿਹਾ, ਕਿਉਂ ਜੋ ਆਪ ਨੂੰ ਤਾਂ ਜੀਂਦੇ-ਜੀਅ ਮਰਨ ਦੀ ਜੁਗਤੀ ਆ ਗਈ ਹੈ । ਆਪ 'ਸ੍ਰੀ ਨਾਮਦੇਵ ਗਾਥਾ' ਵਿਚ ਲਿਖਦੇ ਹਨ 'ਮੈਨੂੰ ਜੀਂਦੇ-ਜੀਅ ਮਰਨ ਦੀ ਜੁਗਤੀ ਗੁਰਮੁਖਾਂ ਕੋਲੋਂ ਮਿਲ ਗਈ ਹੈ ਅਤੇ ਹੁਣ ਮੈਨੂੰ ਮੌਤ ਦਾ ਕੋਈ ਡਰ ਨਹੀਂ ਰਿਹਾ ।[3] ਆਪ ਦੇ ਇਸ ਵਿਚਾਰ ਦੀ ਪੁਸ਼ਟੀ 'ਆਦਿ ਗ੍ਰੰਥ' ਵਿਚ ਵੀ ਉਪਲਬਧ ਹੈ ।[4]

---

1. "ਬਾਣੀਕਾਰ ਭਗਤ ਨਾਮਦੇਵ" ( ਸੰਪਾ. ਪ੍ਰੋ. ਹਰਮੀਤ ਸਿੰਘ), ਪੰ: 74.
2. ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥
   ਅਠਿ ਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉਗੋ ॥
   "ਆਦਿ ਗ੍ਰੰਥ", ਰਾਮਕਲੀ ਨਾਮਦੇਵ, ਪੰ:973.
3. ਆਤਮ ਵਸਤੂ ਮਾਹੀ ਸ੍ਰੀ ਗੁਰਮੁਖ ।
   ਜਿਤਾਰੀ ਮਰਣ ਆਲੈਸੇ ਰਾਤਾ, ਮਰਣ ਬੋਲਤਾ ਲਾਜ ਨਯੇਂ ।
   "ਸ੍ਰੀ ਨਾਮਦੇਵ ਗਾਥਾ", ਅਭੰਗ 1305.
4. ਜਉ ਗੁਰਦੇਉ ਤਾ ਜੀਵਤ ਮਰੈ ॥
   "ਆਦਿ ਗ੍ਰੰਥ", ਰਾਗ ਭੈਰਉ ਨਾਮਦੇਵ, ਪੰ:1166.

ਜਦ ਸਾਧਕ ਗੁਰੂ ਦੁਆਰਾ ਦ੍ਰਿੜ੍ਹਾਏ ਮਾਰਗ ਤੇ ਚੱਲ ਕੇ ਸਮਾਧੀ ਦੀ ਅਵਸਥਾ ਵਿਚ ਬੈਠਦਾ ਹੈ ਤਾਂ ਉਹ ਆਪਣੇ ਹੀ ਅੰਦਰੋਂ ਅਨਹਦ ਨਾਦ ਨੂੰ ਸੁਣਦਾ ਹੈ।[1] ਨਾਮਦੇਵ ਨੇ ਉਕਤ ਮਾਰਗ ਦਾ ਹੀ ਪ੍ਰਚਾਰ ਕੀਤਾ । ਇਹ ਮਾਰਗ (ਯੋਗ) ਮਨ ਨੂੰ ਜਿੱਤਣ ਦਾ ਮਾਰਗ ਹੈ । ਨਾਮਦੇਵ ਦੀ 'ਸਹਿਜਯੋਗ' ਧਾਰਨਾ ਦੇ ਲੱਛਣ ਹੇਠ ਲਿਖੇ ਅਨੁਸਾਰ ਹਨ :

<u>ਮਨ</u> :

ਮਨ ਨੂੰ ਨਾਮਦੇਵ 'ਮਾਇਆ' ਅਤੇ 'ਕਾਲ' ਦੇ ਪ੍ਰਭਾਵ ਅਧੀਨ ਮੰਨਦੇ ਹਨ ਜੋ ਜੀਵ-ਆਤਮਾ ਨੂੰ ਇਕ ਖਿਣ ਲਈ ਵੀ ਟਿਕਣ ਨਹੀਂ ਦਿੰਦਾ । ਇਹ ਆਪਣੇ 'ਅਸਲੇ' ਤੋਂ ਵਿਛੜਕੇ ਅਤਿ ਜ਼ਲੀਲ ਅਤੇ ਗੰਦਾ ਹੋ ਚੁੱਕਾ ਹੈ । ਇਸਦੀ ਗੰਦਗੀ( ਮੈਲ) ਕੇਵਲ ਨਾਮ ਸਿਮਰਨ ਨਾਲ ਹੀ ਲੱਥਦੀ ਹੈ ।[2]

ਮਨ ਪਦਾਰਥਾਂ ਦਾ ਰਸੀਆ ਹੈ ਤੇ ਉਸ ਦਾ ਧਿਆਨ ਹਰ ਸਮੇਂ ਰਸ ਦੀ ਅਮਿਟ ਪਿਆਸ ਬੁਝਾਉਣ ਵਿਚ ਲੱਗਾ ਰਹਿੰਦਾ ਹੈ । ਇਕ ਪਾਸੇ ਉਸ ਦੇ ਮੌਜ-ਮੇਲੇ ਨਿਰੰਤਰ ਜਾਰੀ ਰਹਿੰਦੇ ਹਨ ਅਤੇ ਦੂਸਰੇ ਪਾਸੇ ਉਸ ਦੇ ਵੱਸ ਵਿਚ ਆਏ ਜੀਵ ਦੇ ਕਰਮਾਂ ਦੀ ਪੋਟਲੀ ਭਾਰੀ ਤੋਂ ਭਾਰੀ ਹੁੰਦੀ ਚਲੀ ਜਾਂਦੀ ਹੈ । ਉਸਦੇ ਪੈਰਾਂ ਵਿਚਲੀਆਂ ਬੋਝਲ ਬੇੜੀਆਂ ਵਿਚ ਹੋਰ ਹੋਰ ਕੜੀਆਂ ਜੁੜੀ ਜਾਂਦੀਆਂ ਹਨ , ਤੇ ਬ੍ਰਿਹੋਂ-ਵਿਗੁਤੀ ਆਤਮਾ ਦਾ ਆਪਣੇ ਪਿਰ ਨੂੰ ਮਿਲਣਾ ਔਖੇ ਤੋਂ ਔਖੇਰਾ ਹੁੰਦਾ ਚਲਾ ਜਾਂਦਾ ਹੈ ।

ਇਸ ਮਨ ਨੂੰ ਜਿੱਤਣਾ ਅਰਥਾਤ ਇਸ ਤੇ ਕਾਬੂ ਪਾਉਣਾ ਕਠਿਨ ਹੈ,ਪਰੰਤੂ ਭਗਤ ਨਾਮਦੇਵ ਅਨੁਸਾਰ ਅਜਿਹਾ ਕਰਨ ਦੀ ਇਕ ਹੀ ਜੁਗਤੀ ਹੈ ਅਤੇ ਉਹ ਹੈ — ਰਾਮ ਨਾਮ ਦਾ ਸਿਮਰਨ।[3]

---

1. ਦੇਵਾ ਬੇਨੁ ਬਾਜੈ ਗਗਨ ਗਾਜੈ। ਸ਼ਬਦ ਅਨਹਦ ਬੋਲੈ ।
   "ਨਾਮਦੇਵ ਕੀ ਹਿੰਦੀ ਪਦਾਵਲੀ", ਪੰ:65.
2. ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ।। ਰਹਾਉ।।
   "ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ:693.
3. ਮਨ ਰਾਮ ਨਾਮਾ ਬੇਧੀਅਲੇ ।।
   "ਉਹੀ", ਰਾਗ ਰਾਮਕਲੀ ਨਾਮਦੇਵ, ਪੰ:972.

ਅਨਹਦ ਨਾਦ :

'ਅਨਹਦ' ਦੇ ਸ਼ਾਬਦਿਕ ਅਰਥ ਹਨ ਹੱਦ ਤੋਂ ਬਗੈਰ ਅਤੇ ਨਾਦ ਦੇ ਅਰਥ ਹਨ -ਅਵਾਜ਼ । ਅਰਥਾਤ ਉਹ ਅਵਾਜ਼ ਜਿਸ ਦੀ ਕੋਈ ਹੱਦ ਨਹੀਂ । ਦੂਜੇ ਸ਼ਬਦਾਂ ਵਿਚ ਅਜਿਹੀ ਧੁਨੀ ਜੋ ਨਿਰੰਕਾਰ ਦੇ ਦੇਸ (ਸਚਖੰਡ) ਤੋਂ ਆਉਂਦੀ ਹੈ, ਉਹ ਅਨਹਦ ਨਾਦ ਹੈ । 'ਗੁਰਮਤਿ ਵਿਚ ਅਨਾਹਤ (ਅਨਹਦ) ਸ਼ਬਦ ਤੋਂ ਭਾਵ ਹੈ ਕਿ ਗੁਰਮੁਖ ਅਭਯਾਸੀ (ਅਭਿਆਸੀ) ਯਥਾਰਥ ਗਯਾਨ (ਗਿਆਨ) ਨੂੰ ਪ੍ਰਾਪਤ ਹੋ ਕੇ ਜਦ ਸਹਜ ਸਮਾਧੀ ਵਿਚ ਲੀਨ ਹੁੰਦੇ ਹਨ, ਤਦ ਚਮਤਕਾਰੀ-ਅਨੁਭਵ ਉਨ੍ਹਾਂ ਦੇ ਦਿਮਾਗ ਵਿਚ ਫੁਰਦੇ ਹਨ । ਇਹੀ ਅਨਹਦ ਸ਼ਬਦ ਹੈ ਜੋ ਸ਼ਬਦ ਕੰਠ, ਤਾਲੂ ਅਤੇ ਜੀਭ ਆਦਿਕ ਦੀ ਸਹਾਇਤਾ ਤੋਂ ਬਿਨਾਂ ਉਪਜੇ ਉਸ ਦਾ ਨਾਉਂ ਅਨਾਹਤ (ਅਨਹਦ) ਹੈ ।[1]

ਜਦੋਂ ਜੀਵ ਆਪਣੀ 'ਸੁਰਤਿ' ਨੂੰ ਸ਼ਬਦ ਵਿਚ ਰਲਾ ਲੈਂਦਾ ਹੈ ਤਾਂ ਉਸ ਨੂੰ ਇਹ ਨਾਦ ਸੁਣਾਈ ਦਿੰਦਾ ਹੈ । ਡਾ. ਗੁਰਨਾਮ ਕੌਰ ਬੇਦੀ ਅਨੁਸਾਰ, "ਅਨਹਦ ਨਾਦ ਉਹੀ ਹੈ ਜਿਹੜਾ ਸੁਰਤਿ ਦੇ ਸ਼ਬਦ ਵਿਚ ਲੀਨ ਹੋਣ ਤੋਂ ਪੈਦਾ ਹੁੰਦਾ ਹੈ ।"[2]

ਭਗਤ ਨਾਮਦੇਵ ਅਨੁਸਾਰ ਜਦੋਂ ਸਾਧਕ ਅਨਹਦ ਨਾਦ ਨੂੰ ਸੁਣਦਾ ਹੈ ਤਾਂ ਉਸ ਦਾ ਮਨ ਧੀਰਜ ਵਿਚ ਆ ਜਾਂਦਾ ਹੈ । ਉਸ ਅਨਹਦ ਨਾਦ ਦੀ ਨਿਸ਼ਾਨੀ ਦੱਸਦੇ ਕਹਿੰਦੇ ਹਨ ਕਿ ਉਸ ਵਿਚੋਂ ਅਵਾਜ਼ ਤੋਂ ਬਿਨਾਂ ਪ੍ਰਕਾਸ਼ (ਰੋਸ਼ਨੀ) ਵੀ ਨਿਕਲਦਾ ਹੈ । ਨਾਮਦੇਵ ਅਨੁਸਾਰ ਸਤਿਗੁਰੂ ਦੀ ਅਪਾਰ ਕ੍ਰਿਪਾ ਨਾਲ ਉਸ ਦੀ ਸੁਰਤਿ ਅਨਹਦ ਨਾਦ ਨਾਲ ਜੁੜੀ ਅਤੇ ਉਸਦੇ ਅੰਦਰ ਰਤਨ, ਜਵਾਹਰ ਤੇ ਸੂਰਜ ਲਿਸ਼ਕਾਂ ਮਾਰਨ ਲੱਗ ਪਏ ।[3]

---

1. "ਗੁਰਮਤਿ ਮਾਰਤੰਡ"(ਭਾਗ ਦੂਸਰਾ), ਭਾਈ ਕਾਨ੍ਹ ਸਿੰਘ ਨਾਭਾ, ਪੰ: 528.
2. "ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ", ਪੰ: 111.
3. ਜਬ ਦੇਖਾ ਤਬ ਗਾਵਾ।। ਤਉ ਜਨ ਧੀਰਜੁ ਪਾਵਾ ।।
   ਨਾਦ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ।। ਰਹਾਉ ।।
   ਜਹ ਝਿਲਮਿਲ ਕਾਰੁ ਦਿਸੰਤਾ।। ਤਹ ਅਨਹਦ ਸਬਦ ਬਜੰਤਾ ।।
   ਜੋਤੀ ਜੋਤਿ ਸਮਾਨੀ।। ਮੈ ਗੁਰਪਰਸਾਦੀ ਜਾਨੀ ।।
   ਰਤਨ ਕਮਲ ਕੋਠਰੀ।। ਚਮਕਾਰ ਬੀਜੁਲ ਤਹੀ ।।
   ਨੇਰੈ ਨਾਹੀ ਦੂਰਿ ।। ਨਿਜ ਆਤਮੈ ਰਹਿਆ ਭਰਪੂਰਿ ।।
   ਜਹ ਅਨਹਤ ਸੂਰ ਉਜਾਰਾ ।। ਤਹ ਦੀਪਕ ਜਲੈ ਛੰਛਾਰਾ ।।
   ਗੁਰ ਪਰਸਾਦੀ ਜਾਨਿਆ ।। ਜਨੁ ਨਾਮਾ ਸਹਜ ਸਮਾਨਿਆ ।।

   "ਆਦਿ ਗ੍ਰੰਥ", ਰਾਗਸੋਰਠਿ ਨਾਮਦੇਉ, ਪੰ: 656.

ਇਹ ਐਸੀ ਸਥਿਤੀ ਹੈ ਜਿਥੇ ਬਿਨਾਂ ਬੱਦਲਾਂ ਦੇ ਮੀਂਹ ਪੈਂਦਾ ਹੈ, ਬਿਨਾਂ ਬੱਦਲ ਦੇ ਬਿਜਲੀ ਚਮਕਦੀ ਹੈ, ਬਿਨਾਂ ਸਿੱਪ ਦੇ ਮੋਤੀ ਉਪਜਦੇ ਹਨ ਅਤੇ ਸਾਜ਼ ਤੋਂ ਬਿਨਾਂ ਸ਼ਬਦ ਉਪਜ ਰਿਹਾ ਹੈ । ਅਜਿਹੀ ਸਥਿਤੀ ਕਿਸੇ 'ਰਾਮ ਸਨੇਹੀ' ਨੂੰ ਜਾਂ ਗੁਰੂ ਦੇ ਮਿਲਣ ਤੇ ਪ੍ਰਾਪਤ ਹੋਈ ਹੁੰਦੀ ਹੈ । ਅਨਹਦ ਨਾਦ ਹੀ ਸਾਰ-ਵਸਤੂ ਹੈ ਜੋ ਨਾਮਦੇਵ ਨੂੰ ਗੁਰੂ ਦੀ ਪ੍ਰਾਪਤੀ ਉਪਰ ਉਪਲਬਧ ਹੋਈ ।[1] ਅਜਿਹੀ ਸਥਿਤੀ ਦੀ ਗਵਾਹੀ ਗੁਰੂ ਅਮਰਦਾਸ ਜੀ ਦੇ ਕਾਵਿ ਵਿਚ ਵੀ ਉਪਲਬਧ ਹੈ ।[2]

<u>ਸਮਾਧੀ :</u>

ਭਾਰਤੀ ਯੋਗ ਸਾਧਨਾ ਦੀ ਅੰਤਿਮ ਪਉੜੀ ਸਮਾਧੀ ਹੈ । ਇਹ ਚਿਤ-ਬ੍ਰਿਤੀਆਂ ਦੇ ਨਿਰੋਧ ਅਤੇ ਅਰਧ-ਚੇਤ ਨਾਲ ਇਕ ਸੁਰ ਹੋਣ ਦੀ ਅਵਸਥਾ ਹੈ । ਇਸ ਵਿਚ ਚਿਤ ਨਿਰਵ੍ਰਿਤ ਹੋ ਜਾਂਦਾ ਹੈ ਅਤੇ ਮਨ ਦੀ ਅਵਸਥਾ ਬ੍ਰਹਮ-ਮਯ ਹੋ ਜਾਂਦੀ ਹੈ । ਨਿਰਗੁਣ ਕਵੀਆਂ ਅਨੁਸਾਰ ਜਦੋਂ ਜੀਵ ਨੌ-ਦੁਆਰਿਆਂ(outlets ) (ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਮੂੰਹ ਅਤੇ ਹੇਠਾਂ ਦੇ ਇੰਦਰੀਆਂ ਦੇ ਸਰਾਖ਼) ਵਿਚੋਂ ਸੁਰਤਿ ਨੂੰ ਕੱਢਕੇ "ਦਸਵੀਂ ਗਲੀ", "ਘਰ ਦਰਿ", "ਮੁਕਤੀ ਦਾ ਦਰਵਾਜਾ", "ਤੀਸਰਾ ਤਿਲ", "ਤੀਸਰੀ ਅੱਖ" ਜਾਂ "ਦਸਵਾਂ" ਤੇ ਖੜ੍ਹਾ ਕਰਦਾ ਹੈ ਅਤੇ ਸੁਰਤਿ ਨੂੰ ਅਨਹਦ ਸ਼ਬਦ ਵਿਚ ਲੀਨ ਕਰ ਲੈਂਦਾ ਹੈ ਤਾਂ ਉਹ ਸਮਾਧੀ ਦੀ ਅਵਸਥਾ ਹੈ । ਸਮਾਧੀ ਦੀ ਅਵਸਥਾ ਵਿਚ ਹੀ ਸਾਧਕ "ਅਨਹਦ ਨਾਦ" ਦਾ ਸ੍ਰਵਣ ਕਰਦਾ ਹੈ ।

---

1. ਅਣਮੜਿਆ ਮੰਦਲੁ ਬਾਜੈ ।। ਬਿਨੁ ਸਾਵਣ ਘਣਹਰੁ ਗਾਜੈ ।।
ਬਾਦਲ ਬਿਨੁ ਬਰਖਾ ਹੋਈ ।। ਜਉ ਤਤੁ ਬਿਚਾਰੈ ਕੋਈ ।।
ਮੋ ਕਉ ਮਿਲਿਓ ਰਾਮੁ ਸਨੇਹੀ।। ਜਿਹਿ ਮਿਲਿਐ ਦੇਹ ਸੁਦੇਹੀ ।।
ਮਿਲਿ ਪਾਰਸ ਕੰਚਨੁ ਹੋਇਆ ।। ਮੁਖ ਮਨਸਾ ਰਤਨ ਪਰੋਇਆ ।।
ਨਿਜ ਭਾਉ ਭਇਆ ਭ੍ਰਮ ਭਾਗਾ।। ਗੁਰ ਪੂਛੇ ਮਨੁ ਪਤੀਆਗਾ।।
ਜਲ ਭੀਤਰਿ ਕੁੰਭ ਸਮਾਨਿਆ।। ਸਭ ਰਾਮੁ ਏਕੁ ਕਰਿ ਜਾਨਿਆ ।।
ਗੁਰ ਚੇਲੇ ਹੈ ਮਨੁ ਮਾਨਿਆ।। ਜਨ ਨਾਮੈ ਤਤੁ ਪਛਾਨਿਆ ।।

"ਉਹੀ", ਉਹੀ ਪੰਨਾ 657.

2. ਕਾਇਆ ਕਾਮਣਿ ਅਤਿ ਸੁਆਲਿਓ ਪਿਰ ਵਸੈ ਜਿਸ ਨਾਵੈ ।।

"ਉਹੀ", ਰਾਗ ਸੂਹੀ ਮਹਲਾ 3, ਪੰ:754.

ਭਗਤ ਨਾਮਦੇਵ ਇਸੇ ਅਵਸਥਾ ਵਿਚ ਬੈਠ ਕੇ ਇਕ ਚਿੱਤ ਹੋ ਕੇ ਨਾਮ ਰੂਪੀ ਅੰਮ੍ਰਿਤ ਦੇ ਪੀਣ ਦਾ ਉਪਦੇਸ਼ ਕਰਦੇ ਹਨ ।[1]

ਸਾਧੂ :

ਨਾਮਦੇਵ ਦੀ ਭਗਤੀ ਸਾਧਨਾ ਵਿਚ ਸਾਧੂ ਦਾ ਸੰਕਲਪ ਇਕ ਮਹੱਤਵਪੂਰਨ ਸੰਕਲਪ ਹੈ । ਨਿਰਗੁਣ ਕਾਵਿ ਵਿਚ "ਸੰਤ", "ਹਰਿਜਨ", "ਹਰਿ ਭਗਤ", "ਸਾਧੂ" ਇਸਦੇ ਲਈ ਸਮਭਾਵੀ ਸ਼ਬਦ ਵਰਤੇ ਗਏ ਹਨ । ਭਗਤ ਨਾਮਦੇਵ ਇਕ ਮਰਾਠੀ ਅਭੰਗ ਵਿਚ ਲਿਖਦੇ ਹਨ ਕਿ ਜਿਸ ਤਰ੍ਹਾਂ ਲੋਹਾ ਪਾਰਸ ਦੀ ਛੋਹ ਪਾ ਕੇ ਕੰਚਨ ਹੋ ਜਾਂਦਾ ਹੈ, ਚੰਦਨ ਆਪਣੀ ਸੰਗਤ ਵਿਚ ਆਏ ਸਭ ਬ੍ਰਿਛਾਂ ਨੂੰ ਮਹਿਕ-ਵੰਨੇ ਬਣਾ ਲੈਂਦਾ ਹੈ, ਅਗਨੀ ਵਿਚ ਪੈ ਕੇ ਸਭ ਵਸਤਾਂ ਅਗਨੀ ਰੂਪ ਧਾਰ ਲੈਂਦੀਆਂ ਹਨ, ਸਮੁੰਦਰ ਵਿਚ ਮਿਲ ਕੇ ਸਭ ਨਦੀਆਂ ਸਮੁੰਦਰ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਇਵੇਂ ਹੀ ਸੰਤਾਂਦੀ, ਸਾਧੂਆਂ ਦੀ ਸੰਗਤ ਵਿਚ ਰਹਿਣ ਕਰਕੇ ਜੀਵ ਸੰਤਾਂ ਵਰਗਾ ਹੀ ਬਣ ਸਕਦਾ ਹੈ ।[2]

ਸੰਤ ਜਾਂ ਸਾਧੂ ਆਪ ਤਾਂ ਚਿਤ-ਬ੍ਰਿਤੀਆਂ ਨੂੰ ਕਾਬੂ ਕਰ ਚੁੱਕੇ ਹੁੰਦੇ ਹਨ, ਉਹ ਜਿਗਿਆਸੂ ਨੂੰ ਸਿਮਰਨ ਦੀ ਜੁਗਤੀ ਨਾਲ ਇਨ੍ਹਾਂ ਬ੍ਰਿਤੀਆਂ ਨੂੰ ਕਾਬੂ ਕਰਨ ਦੀ ਜਾਚ (ਜੁਗਤੀ) ਦੱਸਦੇ ਹਨ । ਉਹ 'ਅੰਜਨਿ ਮਹਿ ਨਿਰੰਜਨ ਰਹੀਐ' ਵਾਂਗ ਮਾਇਆ ਤੋਂ ਨਿਰਲੇਪ, ਵਿਸ਼ੇ-ਵਿਕਾਰਾਂ ਤੋਂ ਨਿਸ਼ਕਪਟ ਅਤੇ ਬ੍ਰਹਮ ਦੇ ਗਿਆਤਾ ਹੁੰਦੇ ਹਨ ।[3] ਗੁਰੂ ਅਰਜਨ ਦੇਵ ਜੀ ਅਨੁਸਾਰ ਅਜਿਹੇ ਸੰਤਾਂ ਦੀ ਸੰਗਤ ਨੇ ਹੀ ਨਾਮਦੇਵ

---

1. ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ।।
ਚੰਦੁ ਸੂਰਜੁ ਦੁਇ ਸਮ ਕਰ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ।।
ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ।।
ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ।।
ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ।।
ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨਿ ਸਮਾਧਿ ਸਮਾਉਗੋ ।।
"ਆਦਿ ਗ੍ਰੰਥ", ਰਾਮਕਲੀ ਨਾਮਦੇਵ, ਪੰ:972.
2. "ਸ੍ਰੀ ਨਾਮਦੇਵ ਗਾਥਾ", ਅਭੰਗ 863.
3. ਉਹੀ, ਅਭੰਗ 841.

ਨੂੰ ਵੀ ਇਸ ਯੋਗ ਬਣਾਇਆ ਕਿ ਉਹ "ਸੰਤ" ਜਾਂ "ਭਗਤ" ਪਦ ਪ੍ਰਾਪਤ ਕਰ ਗਏ ।[1] ਭਗਤ ਨਾਮਦੇਵ ਖੁਦ ਵੀ ਸਵੀਕਾਰ ਕਰਦੇ ਹਨ ਕਿ ਸੰਤਾਂ-ਮਹਾਤਮਾ ਦੀ ਸੰਗਤ ਨੇ ਹੀ ਉਨ੍ਹਾਂ ਨੂੰ ਭਵ-ਸਾਗਰ ਤੋਂ ਪਾਰ ਉਤਾਰਿਆ ਹੈ ।[2]

ਗੁਰੂ :

ਨਾਮਦੇਵ ਦੀ ਭਗਤੀ ਸਾਧਨਾ ਦਾ ਅਗਲਾ ਪ੍ਰਮੁਖ ਅੰਗ 'ਗੁਰੂ' ਹੈ। ਗੁਰੂ ਪਦ ਦੀ ਵਿਆਖਿਆ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ —ਅਗਯਾਨ (ਅਗਿਆਨ) ਵਿਨਾਸ਼ਕ, ਸੱਤਯ ਅਤੇ ਹਿਤ ਉਪਦੇਸ਼ਟਾ ਦਾ ਨਾਉਂ ਗੁਰੂ ਹੈ ।[3] ਭਾਈ ਸਾਹਿਬ ਦੇ ਉਪਰੋਕਤ ਪਰਿਭਾਸ਼ਕ ਸ਼ਬਦਾਂ ਤੋਂ ਗੁਰੂ ਦੇ ਜਿਹੜੇ ਗੁਣ ਸਪਸ਼ਟ ਹੁੰਦੇ ਹਨ, ਉਹ ਹਨ — ਅਗਿਆਨ ਦਾ ਨਾਸ਼ ਕਰਨ ਵਾਲਾ ਅਤੇ ਸੱਚ ਦਾ ਪ੍ਰਕਾਸ਼ਕ ਅਰਥਾਤ ਗਿਆਨ ਦੀ ਜੋਤੀ ਨਾਲ ਸੱਚ ਦਾ ਪ੍ਰਕਾਸ਼ ਕਰਨ ਵਾਲਾ ਕੇਵਲ ਗੁਰੂ ਹੀ ਹੋ ਸਕਦਾ ਹੈ । ਗੁਰੂ ਨਾਨਕ ਸਾਹਿਬ ਵੀ 'ਗੁਰੂ' ਪਦ ਦੀ ਵਿਆਖਿਆ ਕਰਦੇ ਲਿਖਦੇ ਹਨ 'ਗੁਰੂ ਤੋਂ ਬਿਨਾਂ ਜੀਵ ਅੰਨ੍ਹਾ ਹੈ; ਭਾਵੇਂ ਉਹ ਲੱਖਾਂ ਨੇਕ ਕਰਮ ਕਰਕੇ ਜੀਵਨ ਮਾਰਗ ਨੂੰ ਰੋਸ਼ਨ ਕਰਨ ਦਾ ਯਤਨ ਕਰੇ, ਸਭ ਵਿਅਰਥ ਹੈ'।[4]

---

1. ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨ ਆਧਾਰੋ।।
   ਨਾਮਦੇਉ ਤ੍ਰਿਲੋਚਨ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ ।।
   "ਆਦਿ ਗ੍ਰੰਥ", ਰਾਗ ਗੂਜਰੀ ਮਹਲਾ 5, ਪੰ: 498.
2. ਨਾਮੇ ਕੀ ਕੀਰਤਿ ਰਹੀ ਸੰਸਾਰ।। ਭਗਤ ਜਨਾ ਲੇ ਉਧਰਿਆ ਪਾਰ।।
   ਸਗਲ ਕਲੇਸ ਨਿੰਦਕ ਭਇਆ ਖੇਦੁ।। ਨਾਮੇ ਨਾਰਾਇਨ ਨਾਹੀ ਭੇਦੁ ।।
   "ਉਹੀ", ਰਾਗ ਭੈਰਉ ਨਾਮਦੇਵ, ਪੰ: 1166.
3. "ਗੁਰਮਤਿ ਮਾਰਤੰਡ", ਪੰ: 373.
4. ਬਿਨ ਗੁਰ ਸ਼ਬਦ ਨ ਛੂਟੀਐ ਦੇਖਹੁ ਵੀਚਾਰਾ ।।
   ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ।।
   ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ।।
   ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ।।
   "ਉਹੀ", ਰਾਗ ਗਉੜੀ ਮਹਲਾ ੧, ਪੰ: 229.

ਆਤਮਿਕ ਮੰਡਲਾਂ ਦੀ ਚੜ੍ਹਾਈ ਦੇ ਦ੍ਰਿਸ਼ਟੀਕੋਣ ਤੋਂ ਤਿੰਨ ਤਰ੍ਹਾਂ ਦੇ ਗੁਰੂ ਮੰਨੇ ਗਏ ਹਨ :(ੳ) ਸਾਧ ਗੁਰੂ -ਜੋ ਓਕਾਰ, ਤ੍ਰਿਕੁਟੀ ਜਾਂ ਸੂਫੀਆਂ ਦੇ ਲਾਹੂਤ ਪਦ ਤੋਂ ਪਰੇ ਚਲਾ ਗਿਆ ਹੋਵੇ ਜਾਂ ਮੁਸਲਮਾਨੀ ਇਸਤਲਾਹ ਵਿਚ ਮੁਕਾਮ 'ਹੂ' ਨੂੰ ਲੰਘ ਗਿਆ ਹੋਵੇ ਅਰਥਾਤ ਤਿੰਨਾਂ ਗੁਣਾਂ ਨੂੰ ਪਾਰ ਕਰ ਗਿਆ ਹੋਵੇ । ਗੁਰੂ ਅਰਜਨ ਦੇਵ ਜੀ ਸਾਧ ਗੁਰੂ ਬਾਰੇ ਲਿਖਦੇ ਹਨ :

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ।।
(ਆਦਿ ਗ੍ਰੰਥ, ਰਾਗ ਗਉੜੀ ਮਹਲਾ 5,ਪੰ:272)

(ਅ) ਸੰਤ ਗੁਰੂ -ਜਿਸ ਨੇ ਸਚਖੰਡ ਜਾਂ ਮੁਕਾਮਿ 'ਹਕ' ਵਿਚ ਨਿਵਾਸ ਕਰ ਲਿਆ ਹੋਵੇ । (ੲ) ਪਰਮ ਸੰਤ – ਜੋ ਕਬੀਰ ਸਾਹਿਬ ਦੇ 'ਅਨਾਮੀ' ਅਤੇ ਗੁਰੂ ਸਾਹਿਬ ਦੇ 'ਨਿਰਾਲੇ' ਪਦ ਵਿਚ ਸਮਾ ਕੇ ਸਭ ਤੋਂ ਉੱਚੀ ਹਸਤੀ ਨਾਲ ਇਕਮਿਕ ਹੋ ਗਿਆ ਹੋਵੇ ।

ਨਿਰਗੁਣ-ਕਾਵਿ ਵਿਚ ਪਰਮ-ਸੰਤ ਨੂੰ ਹੀ ਗੁਰੂ ਸਵੀਕਾਰ ਕੀਤਾ ਗਿਆ ਹੈ । ਜੋ ਕਿ 'ਮਨੁੱਖੀ' ਤੇ 'ਸ਼ਬਦ' ਦੋਹਾਂ ਰੂਪਾਂ ਵਿਚ ਵਿਚਰਦਾ ਹੈ । ਗੁਰੂ ਨਾਨਕ ਸਾਹਿਬ 'ਹਰਿ' ਜਾਂ 'ਆਦਿ ਪੁਰਖ' ਨੂੰ ਹੀ ਗੁਰੂ ਮੰਨਦੇ ਹਨ ।[1]

ਭਗਤ ਨਾਮਦੇਵ ਦੀ ਸਾਧਨਾ ਵਿਚ ਗੁਰੂ ਅਤੀ ਅਨਿਵਾਰੀ ਹੈ । ਉਹ ਗਿਆਨ ਰੂਪੀ ਸੁਰਮੇ ਨਾਲ ਨਾਮਦੇਵ ਨੂੰ ਰੋਸ਼ਨੀ ਪ੍ਰਦਾਨ ਕਰਦਾ ਹੈ । ਅਸਲ ਵਿਚ ਜੀਵਨ ਵਿਚਲੀ ਸਫਲਤਾ ਅਤੇ ਆਤਮਾ ਨੂੰ ਪਰਮਾਤਮਾ ਨਾਲ ਮਿਲਾਉਣ ਵਾਲਾ ਗੁਰੂ ਹੀ ਹੈ ।[2]

---

1. ਗੁਰ ਆਦਿ ਪੁਰਖ ਹਰਿ ਪਾਇਆ ।।
"ਆਦਿ ਗ੍ਰੰਥ", ਰਾਮਕਲੀ ਮਹਲਾ ੧, ਪੰ:879.

2. ਸਫਲ ਜਨਮੁ ਮੋ ਕਉ ਗੁਰ ਕੀਨਾ ।। ਦੁਖ ਬਿਸਾਰਿ ਸੁਖ ਅੰਤਰਿ ਲੀਨਾ।।
ਗਿਆਨ ਅੰਜਨੁ ਮੋ ਕਉ ਗੁਰਿ ਦੀਨਾ।। ਰਾਮਨਾਮ ਬਿਨੁ ਜੀਵਨੁ ਮਨ ਹੀਨਾ।। ਰਹਾਉ।।
ਨਾਮਦੇਇ ਸਿਮਰਨੁ ਕਰਿ ਜਾਨਾਂ।। ਜਗ ਜੀਵਨ ਸਿਉ ਜੀਉ ਸਮਾਨਾ।।
"ਉਹੀ", ਰਾਗ ਬਿਲਾਵਲੁ ਨਾਮਦੇਵ, ਪੰ: 857.

<u>ਵੈਰਾਗ :</u>

ਭਗਤੀ ਦਾ ਅਗਲਾ ਪ੍ਰਮੁੱਖ ਅੰਗ ਹੈ -ਵੈਰਾਗ। 'ਵੈਰਾਗ' ਦੇ ਅਰਥ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ -ਸੰਸਾਰ ਦੇ ਪਦਾਰਥਾਂ ਵਿਚ ਮਨ ਖਚਿਤ ਨਾ ਕਰਨਾ, ਪੁਰਸ਼ਾਰਥ ਨਾਲ ਵਿਹਾਰ ਕਰਦੇ ਹੋਏ ਭੀ ਉਪਰਾਮ ਰਹਿਣਾ ਉੱਤਮ ਬੈਰਾਗ (ਵੈਰਾਗ) ਹੈ।[1] ਵੈਰਾਗ ਜਾਂ ਬੈਰਾਗ ਦੇ ਸ਼ਬਦੀ ਅਰਥ ਹਨ -ਰਾਗ ਦਾ ਨਾ ਹੋਣਾ। ਮਾਇਕ ਪਦਾਰਥਾਂ ਦੇ ਪਿਆਰ ਜਾਂ ਚਾਹ ਦਾ ਨਾਮ ਰਾਗ ਹੈ। ਇਹ ਇਕ ਚਿਤ-ਵ੍ਰਿਤੀ ਹੈ ਜਿਸ ਨਾਲ ਜਗਤ ਦੇ ਪ੍ਰਤੀ ਮੋਹ ਦਾ ਸੰਬੰਧ ਖ਼ਤਮ ਹੋ ਜਾਂਦਾ ਹੈ ਤੇ ਜੀਵ ਨੂੰ ਸੰਸਾਰਕ ਗਿਸ਼ਤਿਆਂ ਦੀ ਨਾਸ਼ਮਾਨਤਾ ਦਾ ਬੋਧ ਹੋ ਜਾਂਦਾ ਹੈ । ਭਗਤ ਨਾਮਦੇਵ ਦੀ ਵੈਰਾਗ ਵ੍ਰਿਤੀ ਵਿਸ਼ਿਆਂ-ਵਿਕਾਰਾਂ ਵੱਲੋਂ ਉਪਰਾਮ ਹੈ, ਕਿਉਂ ਜੋ ਉਹ ਸਮਝ ਲੈਂਦਾ ਹੈ ਕਿ ਇਹ ਸਭ ਦੁੱਖਾਂ ਦਾ ਤੇ ਜਨਮ-ਮਰਨ ਦਾ ਸਾਮਾਨ ਹਨ। ਭਗਤ ਨਾਮਦੇਵ ਇਸ ਸੰਸਾਰ ਨੂੰ ਜ਼ਹਿਰ ਦਾ ਭਰਿਆ ਦੱਸਦੇ ਹਨ।[2]

ਮਨੁੱਖ ਸਾਰੀ ਉਮਰ ਜੀਭ ਦੇ ਰਸਾਂ ਤੇ ਵਿਸ਼ਿਆਂ-ਵਿਕਾਰਾਂ ਵਿਚ ਉਲਝਿਆ ਰਹਿੰਦਾ ਹੈ। ਉਹ ਧਨ-ਦੌਲਤ ਕਮਾਉਣ ਵਿਚ ਜੀਵਨ ਖਚਿਤ ਕਰ ਦਿੰਦਾ ਹੈ ਅਤੇ ਉਸੇ ਧਨ ਨੂੰ ਚੋਰਾਂ-ਚਕਾਰਾਂ ਤੋਂ ਛੁਪਾਉਣ ਲਈ ਧਰਤੀ ਵਿਚ ਦੱਬਦਾ ਫਿਰਦਾ ਹੈ, ਪਰੰਤੂ ਉਹ ਇਹ ਨਹੀਂ ਸਮਝਦਾ ਕਿ ਇਕ ਦਿਨ ਜਿਸ ਮਿੱਟੀ ਵਿਚ ਉਹ ਧਨ-ਦੌਲਤ ਦਬਾਉਂਦਾ ਫਿਰਦਾ ਹੈ, ਉਸ ਵਿਚ ਉਸ ਨੂੰ ਹੀ ਦਬਾ ਦਿੱਤਾ ਜਾਵੇਗਾ।[3]

---

1. "ਗੁਰਮਤ ਮਾਰਤੰਡ", ਪੰ:715.
2. ਕਾਏਂ ਰੇ ਮਨ ਬਿਖਿਆ ਬਨ ਜਾਇ ।। ਭੂਲੌ ਰੇ ਠਗਉਰੀ ਖਾਇ ।।
   "ਆਦਿ ਗ੍ਰੰਥ"; ਪੰ:1252.
3. ਜਿਹਬਾ ਸੁਆਦੀ ਲੀਲਿਤ ਲੋਹ।। ਐਸੇ ਕਨਿਕ ਕਾਮਨੀ ਬਾਧਿਓ ਮੋਹ ।।
   ਜਿਉ ਮਧੁ ਮਾਖੀ ਸੰਚੈ ਅਪਾਰ।। ਮਧੁ ਲੀਨੋ ਮੁਖਿ ਦੀਨੀ ਛਾਰੁ ।।
   ਗਊ ਬਾਛ ਕਉ ਸੰਚੈ ਖੀਰੁ।। ਗਲਾ ਬਾਂਧਿ ਦੁਹਿ ਲੇਇ ਅਹੀਰੁ।।
   ਮਾਇਆ ਕਾਰਨਿ ਸ੍ਰਮੁ ਅਤਿ ਕਰੈ।। ਸੋ ਮਾਇਆ ਲੈ ਗਾਡੈ ਧਰੈ।।
   ਅਤਿ ਸੰਚੈ ਸਮਝੈ ਨਹੀ ਮੂੜ।। ਧਨੁ ਧਰਤੀ ਤਨੁ ਹੋਇ ਗਇਓ ਧੂੜਿ ।।
   "ਉਹੀ", ਰਾਗ ਸਾਰੰਗ ਨਾਮਦੇਵ, ਪੰ:1252.

ਆਪ ਦੱਸਦੇ ਹਨ ਕਿ ਸੱਚਾ ਵੈਰਾਗ ਪੈਦਾ ਕਰਕੇ ਪ੍ਰਭੂ ਤੇ ਭਰੋਸਾ ਕਰੋ ਤਾਂ ਹੀ ਭਵ-ਸਾਗਰ ਤੋਂ ਪਾਰ ਉਤਰੋਗੇ ।[1]

ਜਦੋਂ ਨਾਮਦੇਵ ਪ੍ਰਾਣੀ-ਮਾਤਰ ਵਿਚ ਮੌਤ ਦਾ ਡਰ ਪੈਦਾ ਕਰਦੇ ਹਨ ਜਾਂ ਹੰਕਾਰ ਨ ਕਰਨ ਦੀ ਪ੍ਰੇਰਨਾ ਦਿੰਦੇ ਹਨ ਤਾਂ ਉਨ੍ਹਾਂ ਦਾ ਅਸਲ ਮਨੋਰਥ ਵੈਰਾਗ ਪੈਦਾ ਕਰਨਾ ਹੈ :

ਕਾਹੇ ਰੇ ਨਰ ਗਰਬ ਕਰਤ ਹਹੁ
ਬਿਨਸਿ ਜਾਇ ਝੂਠੀ ਦੇਹੀ ।।
('ਆਦਿ ਗ੍ਰੰਥ, ਪੰਨਾ 692)

ਗਿਆਨ :

ਨਾਮਦੇਵ ਦੀ ਭਗਤੀ ਸਾਧਨਾ ਦਾ ਅਗਲੇਰਾ ਪੜਾਅ ਗਿਆਨ ਹੈ ਜੋ ਕਿ ਵੈਰਾਗ ਪੈਦਾ ਕਰਨ ਲਈ ਜ਼ਰੂਰੀ ਹੈ । ਇਹ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ । ਗੁਰੂ ਦਾ ਗਿਆਨ ਜਨਮ-ਜਨਮਾਂਤਰਾਂ ਦੀਆਂ ਮੈਲਾਂ ਦੇ ਉਛਾੜ ਜੋ ਕਿ ਹਿਰਦੇ ਰੂਪੀ ਕੰਵਲ ਉਪਰ ਚੜ੍ਹੇ ਹੁੰਦੇ ਹਨ ਨੂੰ ਧੋ ਕੇ ਰਖ ਦਿੰਦਾ ਹੈ । ਗਿਆਨ ਨਾਲ ਜੀਵ ਸੰਸਾਰ ਦੀ ਅਸਲੀਅਤ ਨੂੰ ਸਮਝ ਸਕਦਾ ਹੈ । ਇਹ ਉਹ ਦੀਪਕ ਹੈ ਜੋ ਪਰਮਾਰਥ ਦੇ ਸਾਧਕ ਦੇ ਸਭ ਰਸਤੇ ਰੁਸ਼ਨਾ ਦਿੰਦਾ ਹੈ; ਸਾਧਕ ਆਪਣੀ ਮੰਜ਼ਿਲ ਨੂੰ ਜਾਣ ਲੈਂਦਾ ਹੈ ਤੇ ਦਰਜਾ-ਬ-ਦਰਜਾ ਆਪਣੀ ਮੰਜ਼ਿਲ ਪ੍ਰਾਪਤ ਕਰ ਜਾਂਦਾ ਹੈ । ਦੂਸਰੇ ਪਾਸੇ ਗਿਆਨ ਦੀ ਅਣਹੋਂਦ ਨਾਲ ਜੀਵ ਭਰਮਾਂ-ਸ਼ੰਕਿਆਂ, ਅੰਧ-ਵਿਸ਼ਵਾਸਾਂ ਤੇ ਭੁਲੇਖਿਆਂ ਅਤੇ ਕਰਮ ਤੇ ਕਾਂਡਾਂ ਵਿਚ ਜਕੜਿਆ ਮਾਰਿਆ ਮਾਰਿਆ ਫਿਰਦਾ ਹੈ -ਇੰਦਰੀਆਂ ਦੇ ਭੋਗਾਂ ਵਿਚ ਉਲਝਿਆ ਰਹਿੰਦਾ ਹੈ । ਭਗਤ ਨਾਮਦੇਵ ਅਨੁਸਾਰ ਇਨ੍ਹਾਂ ਭੋਗਾਂ ਤੋਂ ਵਿਰਕਤ ਕਰਾਉਣ ਵਾਲਾ ਗੁਰੂ ਦਾ ਗਿਆਨ ਹੀ ਹੈ ।[2] ਸੁਰ ਤੇ ਨਰ ਦਾ ਭੇਦ ਵੀ ਗਿਆਨ

---

1. ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ।।
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰ ਕੋ ਦਾਸਾ ਰੇ ।।
"ਆਦਿ ਗ੍ਰੰਥ", ਰਾਗ ਮਾਲੀ ਗਉੜੀ ਨਾਮਦੇਵ,ਪੰ:988.

2. ਗੁਰ ਗਿਆਨ ਇੰਦ੍ਰੀ ਦ੍ਰਿੜਤਾ ।।
"ਉਹੀ", ਰਾਗ ਗੋਂਡ ਨਾਮਦੇਵ, ਪੰ:873.

ਦੀ ਜੁਗਤੀ ਨਾਲ ਹੀ ਪਤਾ ਲਗਦਾ ਹੈ ।[1] ਜਾਤਾਂ-ਕੁਜਾਤਾਂ ਤੇ ਧਰਮਾਂ ਦੇ ਝਗੜਿਆਂ ਵਿਚ ਉਲਝੇ ਹੋਏ ਧਾਰਮਿਕ ਮਨੁੱਖ ਨਾਲੋਂ ਉਹ ਵਿਅਕਤੀ ਕਈ ਗੁਣਾਂ ਜ਼ਿਆਦਾ ਚੰਗਾ ਤੇ ਸਿਆਣਾ ਹੈ ਜਿਸ ਨੇ ਗਿਆਨ ਪ੍ਰਾਪਤ ਕਰ ਲਿਆ ਹੈ । ਨਾਮਦੇਵ ਉਸ ਨੂੰ 'ਗਿਆਨੀ' ਆਖਦੇ ਹਨ।

ਇਸ ਤਰ੍ਹਾਂ ਨਾਮਦੇਵ ਸੱਚੇ ਗਿਆਨ ਉਪਰ ਬਲ ਦਿੰਦੇ ਹਨ । ਉਨ੍ਹਾਂ ਦਾ ਇਹ ਸੁਰ ਸੁਧਾਰਵਾਦੀ ਵੀ ਹੈ ਤੇ ਭਗਤੀ ਸਾਧਨਾ ਦਾ ਇਕ ਜ਼ਰੂਰੀ ਅੰਗ ਵੀ ।

<u>ਨਾਮ ਸਿਮਰਨ</u> :

ਨਾਮਦੇਵ ਦੀ ਸਾਧਨਾ ਵਿਚ ਨਾਮ ਸਿਮਰਨ ਕੇਂਦਰੀ ਸਥਾਨ ਰਖਦਾ ਹੈ । ਨਾਮ ਸਿਮਰਨ ਨਾਲ ਮਨ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਵਿਸ਼ੇ-ਵਿਕਾਰਾਂ ਤੋਂ ਦੂਰ ਭੱਜਦਾ ਹੈ, ਪੰਜ-ਵਿਕਾਰ ਇਸ ਦੇ ਨੇੜੇ ਨਹੀਂ ਢੁਕਦੇ ਅਤੇ ਜੀਵ ਅਸਾਨੀ ਨਾਲ 'ਸਹਿਜ ਪਦ' ਪ੍ਰਾਪਤ ਕਰ ਜਾਂਦਾ ਹੈ । ਜੀਵ ਦਾ ਅਸਲੀ ਉਧਾਰ ਹੀ ਨਾਮ ਸਿਮਰਨ ਨਾਲ ਹੈ, ਕਿਉਂਜੋ ਸਿਮਰਨ ਨਾਲ ਹੀ ਮੁਕਤੀ ਦਾ ਦਰਵਾਜ਼ਾ ਖੁਲ੍ਹਦਾ ਹੈ ।

ਭਗਤ ਨਾਮਦੇਵ ਵੱਖ ਵੱਖ ਉਕਤੀਆਂ ਵਰਤਕੇ ਜੀਵ ਨੂੰ ਨਾਮ-ਸਿਮਰਨ ਦੀ ਮਹੱਤਤਾ ਦ੍ਰਿੜ ਕਰਾਉਂਦੇ ਹਨ, ਜਿਵੇਂ ਕਿ ਉਹ ਦੱਸਦੇ ਹਨ ਕਿ ਹਰਿ-ਸਿਮਰਨ ਉਸ ਕੈਂਚੀ ਤੇ ਗਜ ਵਾਂਗ ਹੈ ਜਿਸ ਨਾਲ ਮਿਣ ਮਿਣ ਕੇ ਉਹ 'ਜਮ ਕੀ ਫਾਂਸੀ' ਕੱਟ ਰਹੇ ਹਨ ।[2]

---

1. ਨਰ ਤੇ ਸੁਰ ਹੋਇ ਜਾਤ ਨਿਮਖ ਮੈ
   ਸਤਿਗੁਰ ਬੁਧਿ ਸਿਖਲਾਈ ।।
   "ਆਦਿ ਗ੍ਰੰਥ", ਰਾਗ ਗੋਂਡ ਨਾਮਦੇਵ, ਪੰ:873.
2. ਮਨ ਮੇਰੋ ਗਜੁ ਜਿਹਬਾ ਮੇਰੀ ਕਾਤੀ ।।
   ਮਪਿ ਮਪਿ ਕਾਟਉ ਜਮ ਕੀ ਫਾਸੀ ।।
   "ਉਹੀ", ਰਾਗ ਗਉੜੀ ਨਾਮਦੇਵ, ਪੰ: 485.

ਅਜਿਹੇ ਜੀਵ ਜੋ ਭਗਵਾਨ ਦਾ ਸਿਮਰਨ ਨਹੀਂ ਕਰਦੇ ਤੇ ਜਿਨ੍ਹਾਂ ਬਾਰੇ ਗੁਰੂ ਸਾਹਿਬ "ਸਾਕਤ ਪੁਰਸ਼" ਦੀ ਸੰਗਿਆ ਵਰਤਦੇ ਹਨ, ਨਾਮਦੇਵ ਅਜਿਹੇ "ਸਾਕਤ ਪੁਰਸ਼" ਦਾ ਦਰਸ਼ਨ ਕਰਨ ਨੂੰ ਤਿਆਰ ਨਹੀਂ ਹਨ ।[1] ਜਿਹੜੀ ਜਿਹਬਾ 'ਸ੍ਰੀ ਗੋਬਿੰਦ' ਦਾ ਸਿਮਰਨ ਨਹੀਂ ਕਰਦੀ, ਨਾਮਦੇਵ ਤਾਂ ਉਸ ਦੇ ਸੌ ਟੋਟੇ ਕਰਨ ਦੀ ਰਾਏ ਦਿੰਦੇ ਹਨ ।[2]

ਡਾ. ਆਰ. ਡੀ. ਰਾਨਾਡੇ ਇਕ ਮਰਾਠੀ ਅਭੰਗ ਦੇ ਆਧਾਰ ਉਤੇ ਨਾਮਦੇਵ ਦੀ ਨਾਮ ਸਿਮਰਨ ਪ੍ਰਤੀ ਰੁਚੀ ਨੂੰ ਵਿਅਕਤ ਕਰਦੇ ਲਿਖਦੇ ਹਨ, "ਜੇਕਰ ਮੈਨੂੰ ਇਕ ਛਿਣ ਲਈ ਵੀ ਤੇਰਾ ਸਿਮਰਨ ਤਿਆਗਣਾ ਪਵੇ ਤਾਂ ਮੈਂ ਮਰ ਜਾਵਾਂਗਾ । ਜੇਕਰ ਮੇਰੀ ਜਿਹਬਾ ਤੇਰਾ ਉਚਾਰਣ ਕਰਨਾ ਛਡ ਦੇਵੇ ਤਾਂ ਉਸ ਦੇ ਹਜ਼ਾਰ ਟੁਕੜੇ ਹੋ ਜਾਣਗੇ।[3]

ਨਾਮਦੇਵ-ਕਾਵਿ ਵਿਚ 'ਹਰਿ ਸਿਮਰਨ', 'ਨਰਾਇਣ-ਭਜੁ', 'ਰਾਮ ਭਜੁ', 'ਗੋਬਿੰਦ ਰਟਨ', 'ਰਾਮ ਰਸਾਇਨ', 'ਹਰਿ ਭਜੁ', 'ਹਰਿ ਸੇਵਾ' ਆਦਿ ਅਜਿਹੇ ਸ਼ਬਦ ਹਨ ਜੋ ਨਾਮਦੇਵ ਜੀ ਦੀ ਨਾਮ ਸਿਮਰਨ ਸਾਧਨਾ ਨੂੰ ਵਿਅਕਤ ਕਰਦੇ ਹਨ ।

ਕੀਰਤਨ :

ਭਗਤੀ ਸਾਧਨਾ ਵਿਚ ਕੀਰਤਨ 'ਹਰਿ ਗੁਣ' ਨਾਲ ਸੰਬੰਧਿਤ ਹੈ ਜਿਸ ਨਾਲ ਮਨ ਦੀ ਇਕਾਗਰਤਾ ਪ੍ਰਾਪਤ ਹੁੰਦੀ ਹੈ । ਕੀਰਤਨ ਰਾਹੀਂ ਹੀ ਆਤਮ-

---

1. ਜੋ ਨ ਭਜੰਤੇ ਨਾਰਾਇਣਾ।। ਤਿਨ ਕਾ ਮੈ ਨ ਕਰਉ ਦਰਸਨਾ।।
"ਆਦਿ ਗ੍ਰੰਥ", ਰਾਗ ਭੈਰਉ ਨਾਮਦੇਵ, ਪੰ: 1163.

2. ਰੇ ਜਿਹਬਾ ਕਰਉ ਸਤ ਖੰਡ।। ਜਾਮਿ ਨ ਉਚਰਸ ਸ੍ਰੀ ਗੋਬਿੰਦ ।।
"ਉਹੀ", ਉਹੀ ਪੰਨਾ 1163.

3. "If I were to leave meditation on Thy foot for a while", says Namdeva, "My life-breath will vanish instantly. If there were a cessation to the utterance of the name of God in my mouth, my tongue will split a thousand fold."
"Mysticism in Maharashtra", Page 194.

ਨਿਵੇਦਨ ਦੀ ਅਭਿਵਿਅਕਤੀ ਹੁੰਦੀ ਹੈ ਤੇ ਭਗਤੀ ਦੇ ਭਾਵ ਪ੍ਰਸਫੁੱਟਿਤ ਹੁੰਦੇ ਹਨ ।[1]

ਗੁਰੂ ਅਰਜਨ ਦੇਵ ਜੀ ਵੀ ਇਸ ਤੱਥ ਤੋਂ ਭਲੀਭਾਂਤ ਅਵਗੱਤ ਕਰਾਉਂਦੇਹਨ ਕਿ ਕੀਰਤਨ ਨੂੰ ਹੀ ਆਧਾਰ ਬਣਾ ਕੇ ਨਾਮਦੇਵ, ਤ੍ਰਿਲੋਚਨ ਅਤੇ ਕਬੀਰ ਵਰਗੇ ਸੰਤ ਮੁਕਤੀ ਪ੍ਰਾਪਤ ਕਰ ਗਏ ।[2]

ਸ਼ਰਨਾਗਤ ਅਤੇ ਆਤਮ-ਨਿਵੇਦਨ :

ਭਗਤੀ ਦਾ ਅੰਤਿਮ ਪੜਾਅ ਸ਼ਰਨਾਗਤ ਹੋਣਾ ਜਾਂ ਆਤਮ-ਨਿਵੇਦਨ ਹੈ । ਇਸ ਅਵਸਥਾ ਤੇ ਪਹੁੰਚ ਕੇ ਭਗਤ-ਜਨ ਪ੍ਰਭੂ ਦੀ ਰਜ਼ਾ ਅੱਗੇ ਪੂਰੀ ਤਰ੍ਹਾਂ ਆਤਮ-ਸਮਰਪਣ ਕਰ ਦਿੰਦੇ ਹਨ । ਭਗਤ ਨਾਮਦੇਵ "ਬੀਠਲੁ ਭਗਵਾਨ" ਅੱਗੇ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਅਰਜੋਈ ਕਰਦੇ ਹਨ ਕਿ "ਉਹ ਤਾਂ ਅਨਜਾਣ ਹਨ, ਕੇਵਲ ਬੀਠਲੁ ਭਗਵਾਨ ਹੀ ਉਨ੍ਹਾਂ ਦੀ ਬਾਂਹ ਪਕੜ ਕੇ ਭਵ-ਸਾਗਰ ਤੋਂ ਪਾਰ ਉਤਾਰ ਸਕਦਾ ਹੈ।[3] ਉਸ ਪ੍ਰਭੂ ਦਾ ਨਾਮ ਹੀ ਤਾਂ ਉਨ੍ਹਾਂ ਦਾ ਇਕੋ-ਇਕ ਆਧਾਰ ਹੈ ।[4]

---

1. ਬੇਦ ਪੁਰਾਣ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ ।।
ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ।।
ਬੈਰਾਗੀ ਰਾਮਹਿ ਗਾਵਉਗੋ।।
"ਆਦਿ ਗ੍ਰੰਥ", ਰਾਮਕਲੀ ਨਾਮਦੇਵ, ਪੰ:972.
2. ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ।।
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ।।
"ਉਹੀ", ਰਾਗ ਗੂਜਰੀ, ਪੰ: 498.
3. ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ।।
ਮੈ ਅਜਾਨੁ ਜਨੁ ਤਰਿ ਲੇ ਨ ਜਾਨਉ ਬਾਪ ਬੀਠਲਾ ਬਾਹ ਦੇ ।।
"ਆਦਿ ਗ੍ਰੰਥ", ਰਾਗ ਗੋਂਡ ਨਾਮਦੇਵ, ਪੰ:873.
4. ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ।।
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਆਧਾਰਾ।।
"ਉਹੀ", ਰਾਗ ਤਿਲੰਗ ਨਾਮਦੇਵ, ਪੰ: 727.

ਡਾ. ਗੁਰਨਾਮ ਕੌਰ ਬੇਦੀ ਅਨੁਸਾਰ ਸ਼ਰਨਾਗਤ ਹੋਣ ਦੀਆਂ ਪ੍ਰਮੁੱਖ ਭੂਮਿਕਾਵਾਂ ਹਨ :

(ੳ) ਭਗਤੀ ਦੇ ਅਨੁਕੂਲ ਆਚਰਣ

(ਅ) ਵਿਪਰੀਤ ਆਚਰਣ ਦਾ ਤਿਆਗ

(ੲ) ਪਰਮਾਤਮਾ ਦੀ ਰੱਖਿਆ ਵਿਚ ਵਿਸ਼ਵਾਸ

(ਸ) ਅਰਦਾਸ

(ਹ) ਆਤਮ-ਸਮਰਪਣ

(ਕ) ਆਤਮ-ਨਿਵੇਦਨ [1]

ਭਗਤ ਨਾਮਦੇਵ ਭਗਤੀ ਦੇ ਅਨੁਕੂਲ ਆਚਰਣ ਦੇ ਧਾਰਨੀ ਸਨ ਤੇ ਇਸ ਦੇ ਵਿਪਰੀਤ ਆਚਰਣ ਨੂੰ ਤਿਆਗਣ ਦਾ ਉਪਦੇਸ਼ ਕਰਦੇ ਹਨ ।[2] ਆਪ ਦਾ ਪਰਮਾਤਮਾ ਦੀ ਰੱਖਿਆ ਵਿਚ ਪੂਰਨ ਵਿਸ਼ਵਾਸ ਹੈ ।[3]

ਪ੍ਰੇਮ ਭਾਵਨਾ :

ਪ੍ਰੇਮ ਸ਼ਬਦ 'ਪ੍ਰਿ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ -ਦਿਲ ਨੂੰ ਭਾਵਨ ਜਾਂ ਸੁਖਾਵਾਂ ਲੱਗਣ ਵਾਲਾ ਪਿਆਰਾ । ਇਸ ਤਰ੍ਹਾਂ ਪ੍ਰੇਮ ਭਾਵਨਾ ਕਿਸੇ ਨੂੰ ਚੰਗਾ ਜਾਂ ਸੁਖਾਵਾਂ ਲੱਗਣ ਦੀ ਭਾਵਨਾ ਹੈ । ਇਹ ਭਾਵਨਾ ਇਕ ਮਿਕਨਾਤੀਸੀ ਕਸ਼ਿਸ਼ ਵਰਗੀ ਹੈ ਜਿਸ ਦਾ ਅਸਰ ਹਰ ਪ੍ਰਾਣੀ ਤੇ ਪੈਂਦਾ ਹੈ । ਪ੍ਰੇਮ ਜ਼ਿੰਦਗੀ ਵਿਚ ਸੁਹਿਦ ਘੋਲਦਾ ਹੈ । ਪ੍ਰੇਮ-ਵਿਹੂਣਾ ਜੀਵਨ ਬੇਰਸ, ਬੇਰੰਗ, ਫਿੱਕਾ ਤੇ ਨੀਰਸ ਹੋ ਕੇ ਰਹਿ ਜਾਂਦਾ ਹੈ । ਇਕ ਸ਼ਾਹੀ ਮਹਿਲ ਵੀ ਜੋ ਪ੍ਰੇਮ ਤੋਂ ਖਾਲੀ ਹੈ, ਕਬਿਰਸਤਾਨ

---

1. "ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ", ਪੰ:122.

2. ਘਰ ਕੀ ਨਾਰਿ ਤਿਆਗੈ ਅੰਧਾ ।। ਪਰ ਨਾਰੀ ਸਿਉ ਘਾਲੈ ਧੰਧਾ ।।
ਜੈਸੇ ਸਿੰਬਲ ਦੇਖਿ ਸੂਆ ਬਿਗਸਾਨਾ ।। ਅੰਤ ਕੀ ਬਾਰ ਮੂਆ ਲਪਟਾਨਾ ।।
"ਆਦਿ ਗ੍ਰੰਥ", ਰਾਗ ਭੈਰਉ ਨਾਮਦੇਵ, ਪੰ:1165.

3. ਨਾਮਦੇਉ ਗੁਰ ਕੀ ਸਰਣਾਈ ।।
"ਉਹੀ", ਉਹੀ ਪੰ:1166.

ਵਰਗਾ ਹੈ । ਇਸ ਨਾਲ ਉਜਾੜਾਂ ਰੌਣਕਾਂ ਵਿਚ ਬਦਲ ਜਾਂਦੀਆਂ ਹਨ ਅਤੇ ਇਸ ਤੋਂ ਬਿਨਾਂ ਘੁੱਗ-ਵੱਸਦੇ ਸ਼ਹਿਰ ਵੀ ਬੀਆਬਾਨ ਭਾਸਦੇ ਹਨ । ਗੁਰੂ ਰਾਮਦਾਸ ਜੀ ਅਨੁਸਾਰ "ਇਹ ਤਾਂ ਜੀਵਾਂ ਨੂੰ ਸੁਘੜ-ਸਿਆਣਾ ਬਣਾ ਦਿੰਦਾ ਹੈ" ।[1]

ਪ੍ਰੇਮ ਨਾਸ਼ਮਾਨ ਨੂੰ ਨਹੀਂ, ਸਗੋਂ "ਅਟੱਲ" ਨੂੰ ਕੀਤਾ ਜਾਣਾ ਚਾਹੀਦਾ ਹੈ । ਅਟੱਲ ਤੇ ਸਰਵ-ਸ਼ਕਤੀਮਾਨ ਤਾਂ ਕੇਵਲ ਭਗਵਾਨ ਹੈ ਜਾਂ ਫਿਰ ਉਹ ਗੁਰਮੁਖ ਜਿਨ੍ਹਾਂ ਦੀ 'ਸੁਰਤਿ' ਪੂਰੀ ਤਰ੍ਹਾਂ 'ਸ਼ਬਦ' ਵਿਚ ਲੀਨ ਹੋ ਚੁੱਕੀ ਹੁੰਦੀ ਹੈ । ਗੁਰੂ ਅਰਜਨ ਦੇਵ ਜੀ "ਪ੍ਰੇਮ-ਵਿਹੂਣੇ ਪ੍ਰਾਣੀ ਨੂੰ ਮ੍ਰਿਤਕ ਕਹਿੰਦੇ ਹਨ" ।[2]

ਭਗਤ ਨਾਮਦੇਵ ਅਜਿਹੀ ਹੀ ਪ੍ਰੇਮ-ਭਾਵਨਾ ਦਾ ਬੋਧ ਕਰਵਾਉਂਦੇ ਹਨ । ਆਪ ਨੇ ਪਰਮਾਤਮਾ ਲਈ 'ਪਤੀ' ਸੰਗਿਆ ਦੀ ਵਰਤੋਂ ਕੀਤੀ ਹੈ । ਆਪ ਲਿਖਦੇ ਹਨ, "ਮੈਂ ਆਪਣੇ ਰਾਮ ਰੂਪੀ ਪਤੀ ਦੇ ਪ੍ਰੇਮ ਵਿਚ ਬਉਰੀ ਹੋ ਚੁੱਕੀ ਹਾਂ । ਉਸ ਪਤੀ ਦੇ ਮਿਲਾਪ ਲਈ ਮੈਂ ਹਾਰ-ਸ਼ਿੰਗਾਰ ਕਰਦੀ ਹਾਂ । ਭਾਵੇਂ ਮੈਨੂੰ ਦੁਨੀਆਂ ਵਾਲੇ ਕਿੰਨਾ ਵੀ ਕਿਉਂ ਨ ਨਿੰਦਣ, ਪਰੰਤੂ ਮੇਰਾ ਮਨ, ਤਨ ਮੇਰੇ ਪ੍ਰੀਤਮ ਖ਼ਾਤਿਰ ਹੈ ।"[3] ਪ੍ਰੇਮ-

---

1. ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ
   ਤੇ ਜਨ ਸੁਘੜ ਸਿਆਣੇ ਰਾਮ ਰਾਜੇ ।।
   ਜੇ ਬਾਹਰਹੁ ਭੁਲਿ ਚੁਕਿ ਬੋਲਦੇ
   ਭੀ ਖਰੇ ਹਰਿ ਭਾਣੇ ।।

   "ਆਦਿ ਗ੍ਰੰਥ", ਰਾਗ ਆਸਾ ਮਹਲਾ 4, ਪੰ: 450.

2. ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ।।
   ਮ੍ਰਿਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ।।

   "ਉਹੀ", ਰਾਗ ਗਉੜੀ ਮਹਲਾ 5, ਪੰ: 253.

3. ਮੈ ਬਉਰੀ ਮੇਰਾ ਰਾਮੁ ਭਤਾਰੁ ।।
   ਰਚਿ ਰਚਿ ਤਾ ਕਉ ਕਰਉ ਸਿੰਗਾਰੁ ।।
   ਭਲੇ ਨਿੰਦਉ ਭਲੇ ਨਿੰਦਉ ਲੋਗੁ ।।
   ਤਨੁ ਮਨੁ ਰਾਮ ਪਿਆਰੇ ਜੋਗੁ ।।

   "ਉਹੀ", ਰਾਗ ਭੈਰਉ ਨਾਮਦੇਵ, ਪੰ: 1164.

ਭਾਵਨਾ ਦੀ ਉੱਚਤਾ ਦਾ ਜਿਹੜਾ ਬੋਧ ਭਗਤ ਨਾਮਦੇਵ ਅਤੇ ਹੋਰ ਨਿਰਗੁਣ ਕਵੀਆਂ ਦੀਆਂ ਰਚਨਾਵਾਂ ਵਿਚੋਂ ਸਾਨੂੰ ਹੁੰਦਾ ਹੈ, ਉਹ ਬੇਮਿਸਾਲ ਹੈ ।

ਨਾਮਦੇਵ ਅਨੇਕਾਂ ਦ੍ਰਿਸ਼ਟਾਂਤਾਂ ਜਿਸ ਤਰ੍ਹਾਂ "ਮਾਰਵਾੜ ਦੇ ਖੁਸ਼ਕ ਇਲਾਕੇ ਜੀਵਾਂ ਨੂੰ ਪਾਣੀ, 'ਊਠ ਨੂੰ ਵੇਲ', 'ਹਿਰਨ ਨੂੰ ਨਾਦ', 'ਭੌਰੇ ਨੂੰ ਸੁਗੰਧੀ', 'ਚਕਵੀ ਨੂੰ ਸੂਰਜ', 'ਹੰਸ ਨੂੰ ਮਾਨਸਰੋਵਰ', 'ਇਸਤ੍ਰੀ ਨੂੰ ਪਤੀ' ਤੇ 'ਮੱਛਲੀ ਨੂੰ ਜਿਵੇਂ ਪਾਣੀ' ਆਦਿ ਰਾਹੀਂ ਪ੍ਰਭੂ ਪਿਤਾ ਲਈ ਆਪਣਾ ਪਿਆਰ ਵਿਅਕਤ ਕਰਦੇ ਹਨ ।"[1]

## ਆਚਾਰ ਵਿਧਾਨ :

ਨਿਰਗੁਣ ਕਵੀਆਂ ਵਾਂਗ ਭਗਤ ਨਾਮਦੇਵ ਦਾ ਆਚਾਰ ਵਿਧਾਨ ਸਿੱਧਾਂਤਕ ਤੇ ਅਮਲੀ ਅਰਥਾਂ ਦੋਹਾਂ ਅਰਥਾਂ ਵਿਚ ਨਿਰੂਪਣ ਹੋਇਆ ਹੈ । ਥਿਓਸ ਬਰਨਾਰਡ ਨੇ 'ਆਚਾਰ' ਦੇ, ਵਿਵਹਾਰਕ ਤੌਰ ਤੇ ਵਰਤੇ ਜਾ ਰਹੇ ਅਰਥਾਂ ਵਿਚ ਆਚਰਣ, ਇਖ਼ਲਾਕ ਆਚਰਣ ਦੀ ਪ੍ਰਵਾਣਿਤ ਤੇ ਸਥਾਪਿਤ ਨਿਯਮਾਵਲੀ, ਆਦਿ ਅਰਥ ਰੱਖੇ ਹਨ ।[2]

---

1. ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ।।
ਜਿਉ ਕੁਰੰਕ ਨਿਸ ਨਾਦੁ ਬਾਲਹਾ ਤਿਉ ਮੇਰੇ ਮਨਿ ਰਾਮਈਆ ।।੧।।
ਮੇਰਾ ਨਾਮੁ ਰੂੜੋ ਰੂਪ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ ।। ਰਹਾਉ ।।
ਜਿਉ ਧਰਣੀ ਕਉ ਇੰਦ੍ਰੁ ਬਾਲਹਾ ਕੁਸਮ ਬਾਸੁ ਜੈਸੇ ਭਵਰੁਲਾ ।।
ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ।।
ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨਸਰੋਵਰ ਹੰਸੁਲਾ ।।
ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ।।
ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲ ਧਾਰਾ ।।
ਮਛਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ।।
ਸਾਧਿਕ ਸਿਧ ਸਗਲੇ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ।।
ਸਗਲ ਭਵਨ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ।।
"ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ: 693.

2. "Conduct, behaviour, custom, traditional or cinmemorial usage: an estabilished rule of conduct, institution, percept."
"Hindu Philosophy", Page 188.

ਭਗਤ ਨਾਮਦੇਵ ਦੇ ਆਚਾਰ ਵਿਧਾਨ ਤੇ ਵਿਚਾਰ ਕਰਨ ਲੱਗਿਆਂ ਅਸੀਂ ਆਪ ਦੇ ਆਚਾਰ ਵਿਧਾਨ ਨੂੰ ਨੈਤਿਕ, ਸ਼ਖਸੀ ਅਤੇ ਸਮਾਜਕ ਆਚਾਰ ਤਿੰਨਾਂ ਭਾਗਾਂ ਵਿਚ ਵੰਡਿਆ ਹੈ ।

ਨੈਤਿਕ ਆਚਾਰ :

ਨਿਰਸੰਦੇਹ, ਨੈਤਿਕ ਆਚਾਰ ਦੇ ਮਾਪਦੰਡਾਂ ਨੂੰ ਨਿਰਧਾਰਿਤ ਕਰਨਾ ਕਠਿਨ ਹੈ ਕਿਉਂ ਜੋ ਗੀਤਾ ਵਿਚ ਵੀ ਭਗਵਾਨ ਕ੍ਰਿਸ਼ਣ ਦੁਬਿਧਾ ਗ੍ਰਸਤ ਹਨ ਕਿ ਕਿਹੜਾ ਕਰਮ ਕਰਨ ਯੋਗ ਹੈ ਤੇ ਕਿਹੜਾ ਕਰਨ ਯੋਗ ਨਹੀਂ ।[1]

ਨਿਰਗੁਣ ਕਵੀਆਂ ਨੇ ਨੈਤਿਕ ਆਚਾਰ ਦੇ ਮਾਪਦੰਡ ਨੂੰ ਸਪਸ਼ਟ ਕਰਦਿਆਂ ਆਦਰਸ਼-ਮਾਨਵ ਦੀ ਕਲਪਨਾ ਕੀਤੀ, ਜਿਸ ਨੂੰ ਪਿਛਲੇਰੇ ਕਵੀਆਂ ਨੇ 'ਸਚਿਆਰਾ' ਵੀ ਕਿਹਾ । ਅਸਲ ਵਿਚ 'ਆਦਰਸ਼-ਮਾਨਵ' ਜਾਂ 'ਸਚਿਆਰਾ' ਸਮਭਾਵੀ ਸ਼ਬਦ ਹਨ ਜਿਸ ਦਾ ਅਰਥ ਸੱਚਾਈ ਦਾ ਧਾਰਨੀ ਹੀ ਬਣਦਾ ਹੈ । ਆਤਮਬੋਧ ਵਾਲੇ ਆਦਰਸ਼ਵਾਦੀ ਸਿੱਧਾਂਤਾਂ ਦਾ ਧਾਰਨੀ ਹੋਣਾ ਹੀ ਸਚਿਆਰ ਹੈ ।[2]

ਨਾਮਦੇਵ ਗੁਰਿਸਥੀ ਆਚਾਰ ਨੂੰ ਨੈਤਿਕਤਾ ਦੇ ਅੰਤਰਗਤ ਵਿਅਕਤ ਕਰਦੇ ਹਨ। ਆਪ ਅਨੁਸਾਰ ਅਜਿਹੇ ਜੀਵ ਜੋ ਪਰਾਈਆਂ ਵਸਤੂਆਂ ਤੇ ਹੀ ਨਜ਼ਰ ਰੱਖਦੇ ਹਨ ਤੇ ਉਨ੍ਹਾਂ ਨੂੰ ਹੀ ਹਥਿਆਉਣ ਦੀ ਉਤਕੰਠਾ ਜਿਨ੍ਹਾਂ ਦੇ ਹਿਰਦੇ ਵਿਚ ਹਰ ਸਮੇਂ ਲੱਗੀ ਰਹਿੰਦੀ ਹੈ, ਦੇ ਨਿਕਟ ਹਰੀ ਕਦੇ ਵੀ ਨਹੀਂ ਆ ਸਕਦਾ । ਇਸ ਲਈ ਪ੍ਰਭੂ ਦੇ ਮਿਲਾਪ ਲਈ ਨੈਤਿਕਤਾ ਦਾ ਅਪਨਾਉਣਾ ਅਤਿ ਅਨਿਵਾਰੀ ਹੈ ।[3]

---

1. ਸ੍ਰੀ ਮਦ ਭਗਵਤ ਗੀਤਾ, 4/16.

2. "Consequently, those idealistic self realisation theories which take into consideration the whole and higher self in the perspective of human creativity... mostly due to the idealistic content."

   Dr. Avtar Singh, "Ethics of the Sikhs", pp.23-24.

3. ਪਰ ਧਨ ਪਰ ਦਾਰਾ ਪਰ ਹਰੀ।। ਤਾ ਕੈ ਨਿਕਟ ਬਸੈ ਨਰ ਹਰੀ।।
   ਜੋ ਨ ਭਜੰਤੇ ਨਾਰਾਇਣਾ।। ਤਿਨ ਕਾ ਮੈ ਨ ਕਰਉ ਦਰਸਨਾ।।ਰਹਾਉ।।
   ਜਿਨ ਕੈ ਭੀਤਰਿ ਹੈ ਅੰਤਰਾ।। ਜੈਸੇ ਪਸੁ ਤੈਸੇ ਓਇ ਨਰਾ।।
   ਪ੍ਰਣਵਤਿ ਨਾਮਦੇਉ ਨ ਕਹਿ ਬਿਨਾ।। ਨ ਸੋਹੈ ਬਤੀ ਸਲਖਨਾ ।।

   "ਆਦਿ ਗ੍ਰੰਥ", ਰਾਗ ਭੈਰਉ ਨਾਮਦੇਵ, ਪੰ:1163.

ਸੂਖਮ ਆਚਾਰ :

ਸੂਖਮ ਆਚਾਰ ਵਿਅਕਤੀ ਦੀਆਂ ਉਨ੍ਹਾਂ ਕ੍ਰਿਆਵਾਂ ਦਾ ਬੋਧ ਕਰਾਉਂਦਾ ਹੈ ਜਿਨ੍ਹਾਂ ਦਾ ਬਹੁਤਾ ਸੰਬੰਧ ਉਸ ਦੇ ਨਿੱਜੀ ਵਿਅਕਤਿਤਵ ਨਾਲਹੁੰਦਾ ਹੈ । ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ ਇਸ ਨੂੰ ਵਿਅਕਤੀ ਧਰਮ ਕਹਿੰਦੇ ਹਨ ।[1]

ਵਿਅਕਤੀ ਧਰਮ ਦੇ ਅੰਤਰਗਤ ਸਾਡੇ ਵਿਅਕਤਿਤਵ ਵਿਚਲੀਆਂ ਸਾਰੀਆਂ ਮਨੋਬ੍ਰਿਤੀਆਂ ਤੇ ਮਨੋਭਾਵਾਂ ਉਪਰ ਨਿਯੰਤਰਣ ਰੱਖਣਾ ਅਨਿਵਾਰੀ ਹੈ । ਇਨ੍ਹਾਂ ਮਨੋਬ੍ਰਿਤੀਆਂ ਉਪਰ ਕਾਬੂ ਪਾਉਣ ਲਈ ਆਤਮ-ਸੰਜਮ ਅਤੇ ਆਤਮ-ਬੋਧ ਦਾ ਹੋਣਾ ਲਾਜ਼ਮੀ ਹੈ । ਅਸਲ ਵਿਚ ਇਕ ਵੇਰਾਂ ਇਨ੍ਹਾਂ ਖਾਹਸ਼ਾਂ ਤੇ ਮਨੋਵਿਕਾਰਾਂ ਦਾ ਸ਼ਿਕਾਰ ਹੋਇਆ ਮਨੁੱਖ ਇਨ੍ਹਾਂ ਦੇ ਹੀ ਚੱਕਰ ਵਿਚ ਉਲਝ ਕੇ ਰਹਿ ਜਾਂਦਾ ਹੈ । ਜਾਹਨ ਡਿਊਈ ਦੇ ਇਹ ਸ਼ਬਦ ਬੜੇ ਭਾਵ-ਪੂਰਤ ਹਨ: "ਹਰ ਪ੍ਰਬਲ ਜਜ਼ਬਾਤੀ ਮਨੋਬ੍ਰਿਤੀ, ਆਪਣੇ ਅਨੁਕੂਲ ਰਹਿਣ ਵਾਲੀ ਹਰ ਵਸਤੂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ ਅਤੇ ਹਰ ਪ੍ਰਤਿਕੂਲ ਵਸਤੂ ਨੂੰ ਦਬਾਉਣ ਦੀ ਚੇਸ਼ਟਾ ਕਰਦੀ ਹੈ ।"[2] ਇਸ ਲਈ ਇਹ ਆਵੱਸ਼ਕ ਹੋ ਜਾਂਦਾ ਹੈ ਕਿ ਕ੍ਰਿਆਤਮਕ ਜੀਵਨ ਨਾਲ ਸੰਬੰਧਿਤ ਸਭ ਤਰ੍ਹਾਂ ਦੇ ਵਿਕਾਰਾਂ ਨੂੰ ਖ਼ਤਮ ਕਰਕੇ ਇਖਲਾਕੀ ਤੌਰ ਤੇ ਉੱਨਤ ਹੋਣ ਦਾ ਪ੍ਰਯਾਸ ਕੀਤਾ ਜਾਵੇ । ਉਹ ਪ੍ਰਯਾਸ ਵਿਛੋੜੇ ਤੋਂ ਵਸੱਲ( from detachment to attachment) ਤੱਕ ਲਈ ਹੋਵੇ ।

ਭਗਤ ਨਾਮਦੇਵ ਇਨ੍ਹਾਂ ਵਿਕਾਰਾਂ ਤੇ ਜਿੱਤ ਪ੍ਰਾਪਤ ਕਰਨ ਦਾ ਮਾਰਗ ਸ਼ੁੱਧ ਹਿਰਦੇ ਨਾਲ ਕੀਤੀ ਭਗਤੀ (ਸਿਮਰਨ) ਦੱਸਦੇ ਹਨ।[3] ਹਰੀ ਰਾਮ ਦਾ ਸਿਮਰਨ

---

1. "ਗੁਰੂ ਨਾਨਕ ਅਤੇ ਨਿਰਗੁਣਧਾਰਾ", ਪੰ:234.

2. "An impulse or habit which is strongly emotional magnifies all objects that are congruous with it and smothers those which areopposed whenever they present themselves."
"Human Nature and Conduct", Page 195.

3. ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ।। ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ।।
ਕਾਹੇ ਕਉ ਕੀਜੈ ਧਿਆਨੁ ਜਪੰਨਾ।। ਜਬ ਤੇ ਸੁਧੁ ਨਾਹੀ ਮਨੁ ਅਪਨਾ।।ਰਹਾਉ।।
ਸਿੰਘ ਚ ਭੋਜਨੁ ਜੋ ਨਰੁ ਜਾਨੈ।। ਐਸੇ ਹੀ ਠਗ ਦੇਉ ਬਖਾਨੈ।।
ਨਾਮੇ ਕੇ ਸੁਆਮੀ ਲਾਹਿਲੇ ਝਗਰਾ।। ਰਾਮ ਰਸਾਇਨ ਪੀਉ ਰੇ ਦਗਰਾ ।।
"ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ:485.

ਹੀ ਹੈ ਜੋ ਪੰਜਾਂ ਵਿਕਾਰਾਂ (ਚੋਰਾਂ) ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਦਾ ਨਾਸ ਕਰ ਸਕਦਾ ਹੈ। ਅਸਲ ਵਿਚ ਇਹ ਵਿਕਾਰ ਜ਼ਹਿਰ ਹਨ। ਇਸ ਜ਼ਹਿਰ ਦਾ ਤਿਆਗ ਕਰਕੇ ਹੀ ਸਾਤਵਿਕ ਗੁਣਾਂ ਦਾ ਅੰਮ੍ਰਿਤ ਪੀ ਸਕਣ ਦੇ ਕੋਈ ਯੋਗ ਬਣ ਸਕਦਾ ਹੈ। ਮਾਇਆਵੀ ਸੰਸਾਰ ਵਿਚ ਉਲਝਿਆ ਜੀਵ ਪ੍ਰਭੂ ਦੇ ਦਰਸ਼ਨ ਪਾਉਣ ਦਾ ਕਿਸੇ ਤਰ੍ਹਾਂ ਵੀ ਅਧਿਕਾਰੀ ਨਹੀਂ ਬਣ ਸਕਦਾ। ਜੋ ਵਿਅਕਤੀ ਮਾਇਆਵੀ ਸੰਸਾਰ ਵਿਚ ਰਹਿ ਕੇ ਮਾਇਆ ਤੋਂ ਉਪਰ ਉਠਕੇ ਭਗਤੀ ਵਿਚ ਲੀਨ ਹੁੰਦੇ ਹਨ ਉਹ ਹੀ 'ਹਰਿ' ਦੀ ਪ੍ਰਾਪਤੀ ਕਰ ਸਕਦੇ ਹਨ।[1]

ਭਗਤ ਨਾਮਦੇਵ ਸੱਚੀ ਨੈਤਿਕਤਾ ਤੇ ਸਮਾਜਕਤਾ ਲਈ ਹਰ ਤਰ੍ਹਾਂ ਦੇ ਪਾਖੰਡ-ਰਹਿਤ ਜੀਵਨ ਤੇ ਬਲ ਦਿੰਦੇ ਹਨ।[2]

---

1. ਕਾਏ ਰੇ ਮਨ ਬਿਖਿਆ ਬਨ ਜਾਇ॥ ਭੂਲੌ ਰੇ ਠਗਉਰੀ ਖਾਇ॥ਰਹਾਉ॥
ਜੈਸੇ ਮੀਨੁ ਪਾਨੀ ਮਹਿ ਰਹੈ॥ ਕਾਲ ਜਾਲ ਕੀ ਸੁਧਿ ਨਹੀ ਲਹੈ॥
ਜਿਹਬਾ ਸੁਆਦੀ ਲਲਿਤ ਲੋਹ॥ ਐਸੇ ਕਨਿਕ ਕਾਮਨੀ ਬਾਧਿਓ ਮੋਹ॥
ਜਿਉ ਮਸੁ ਮਾਖੀ ਸੰਚੈ ਅਪਾਰ॥ ਮਸੁ ਲੀਨੋ ਮੁਖਿ ਦੀਨੀ ਛਾਰੁ॥
ਗਊ ਬਾਛ ਕਉ ਸੰਚੈ ਖੀਰੁ॥ ਗਲਾ ਬਾਂਧਿ ਦੁਹਿ ਲੇਇ ਅਹੀਰੁ॥
ਮਾਇਆ ਕਾਰਨਿ ਸ੍ਰਮੁ ਅਤਿ ਕਰੈ॥ ਸੋ ਮਾਇਆ ਲੈ ਗਾਡੈ ਧਰੈ॥
ਅਤਿ ਸੰਚੈ ਸਮਝੈ ਨਹੀ ਮੂੜ॥ ਧਨੁ ਧਰਤੀ ਤਨ ਹੋਇ ਗਇਓ ਧੂੜਿ॥
ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ॥ ਸਾਧ ਸੰਗਤਿ ਕਬਹੂ ਨਹੀ ਕਰੈ॥
ਕਹਤ ਨਾਮਦੇਉ ਤਾਚੀ ਆਣਿ॥ ਨਿਰਭੈ ਹੋਇ ਭਜੀਐ ਭਗਵਾਨ॥
"ਆਦਿ ਗ੍ਰੰਥ", ਰਾਗ ਸਾਰੰਗ ਨਾਮਦੇਵ, ਪੰ: 1252.

2. ਸਗਲ ਧਰਮ ਅਛਿਤਾ ਗੁਰ ਗਿਆਨ ਇੰਦ੍ਰੀ ਦ੍ਰਿੜਤਾ॥
ਖਟੁ ਕਰਮ ਸਹਿਤ ਰਹਤਾ॥
ਸਿਵਾ ਸਕਤਿ ਸੰਬਾਦੰ॥
ਮਨ ਛੋਡਿ ਛੋਡਿ ਸਗਲ ਭੇਦੰ॥
ਸਿਮਰਿ ਸਿਮਰਿ ਗੋਬਿੰਦੰ॥ ਭਜੁ ਨਾਮਾ ਤਰਸਿ ਭਵ ਸਿੰਧੰ॥
"ਉਹੀ", ਰਾਗ ਗੋਂਡ ਨਾਮਦੇਵ, ਪੰ: 873.

ਸਮਾਜਕ ਆਚਾਰ :

ਭਗਤ ਨਾਮਦੇਵ ਦੇ ਸਮਾਜਕ ਆਚਾਰ-ਵਿਧਾਨ ਵਿਚ ਨਿਮਨਲਿਖਿਤ ਸਿੱਧਾਂਤਾਂ ਵੱਲ ਇਸ਼ਾਰੇ ਕੀਤੇ ਹਨ : ਪ੍ਰਸਪਰ ਭਾਈਚਾਰਾ, ਪਰਉਪਕਾਰ ਅਤੇ ਸੇਵਾ-ਭਾਵ । ਉਪਰਲੀ ਸਤਹ ਤੋਂ ਵੇਖਿਆਂ ਭਾਵੇਂ ਇਹ ਸਿੱਧਾਂਤ ਇਕ ਸੂਤਰ ਵਿਚ ਹੀ ਪਰੁੱਚੇ ਲਗਦੇ ਹਨ, ਪਰੰਤੂ ਇਹ ਭਗਤ ਨਾਮਦੇਵ ਦੀ ਨਿਰਗੁਣ-ਬਿਰਤੀ ਦਾ ਸੂਚਕ ਹਨ । ਭਗਤ ਨਾਮਦੇਵ ਦੀ ਇਹ ਨਿਸ਼ਠਾ ਵੀ ਤਰਕ-ਸੰਗਤ ਹੈ ਕਿ ਸਮੁੱਚੀ ਮਾਨਵਤਾ ਅਸਲ ਵਿਚ ਇਕ ਸੂਤਰ ਵਿਚ ਪਰੁੱਚੀ ਹੈ ਕਿਉਂ ਜੋ ਸਭ ਲੋਕ ਇਕ 'ਜੋਤਿ' ਦੀ ਹੀ ਉਪਜ ਹਨ ।[1]

ਭਗਤ ਨਾਮਦੇਵ 'ਸ੍ਰੀ ਨਾਮਦੇਵ ਗਾਥਾ' ਦੇ ਇਕ ਅਭੰਗ ਵਿਚ ਸਪਸ਼ਟ ਰੂਪ ਵਿਚ ਕਹਿੰਦੇ ਹਨ ਕਿ ਦੂਸਰਿਆਂ ਨੂੰ ਆਪਣੇ ਵਰਗਾ ਸਮਝਣਾ ਚਾਹੀਦਾ ਹੈ । ਉਨ੍ਹਾਂ ਦੇ ਦੁੱਖ-ਸੁੱਖ ਵਿਚ ਸਹਾਈ ਹੋ ਕੇ ਸੰਪੂਰਣਤਾ ਦਾ ਸਬੂਤ ਦੇਣਾ ਚਾਹੀਦਾ ਹੈ।[2]

---

1. ਅਕਲ ਪੁਰਖ ਇਕੁ ਚਲਿਤੁ ਉਪਾਇਆ।।ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ।।
ਜੀਅ ਕੀ ਜੋਤਿ ਨ ਜਾਨੈ ਕੋਈ।। ਤੈ ਮੈ ਕੀਆ ਸੁ ਮਾਲੂਮੁ ਹੋਈ।।ਰਹਾਉ।।
ਜਿਉ ਪ੍ਰਗਾਸਿਆ ਮਾਟੀ ਕੁੰਭੇਉ।। ਆਪ ਹੀ ਕਰਤਾ ਬੀਠਲੁ ਦੇਉ।।
ਜੀਅ ਕਾ ਬੰਧਨੁ ਕਰਮੁ ਬਿਆਪੈ।। ਜੋ ਕਿਛੁ ਕੀਆ ਸੁ ਆਪੈ ਆਪੈ।।
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ।।ਅਮਰੁ ਹੋਇ ਸਦ ਆਕੁਲ ਰਹੈ।।
"ਆਦਿ ਗ੍ਰੰਥ", ਪੰ:1351.

2. ਆਪੁਲੀ ਕਰਣੀ ਨ ਵਿਚਾਰੀ ਮਨੀ।। ਵਾਇਆ ਕਾਇ ਠੇਵੂਨੀ ਬੋਲ ਦੇਣਾ।।
ਖਾਟ ਕੀ ਜੋ ਚੇਪੀ ਪਸੂਚੀ ਨਰਡੀ।। ਅਣਚਿਤਾ ਕਰੰਗਲੀ ਸਾਪੁਡਲੀ ।।
ਮੇਲੋ ਮੇਲੋ ਭਹਣੂਨੀ ਗਡਵਡਾ ਲੋਲੇ।। ਪਰੀ ਕਾਮੀ ਗਲੇ ਆਠਵੀਨਾ।।
ਆਪੁਲੇ ਭਹਣੂਵੂਨੀ ਵਿਵਹਲਤਸੇ।। ਖਦਖਦਾ ਹਾਸੇ ਦੁਸਰਿਆ ਸੀ ।।
ਵਾਟ ਪਾਰਧਾਨੇ ਪਾਰ ਖਾਣੋਨੀ ਐਤਲੇ।। ਜਿਤੁ ਕੇ ਮੇਲ ਵਿਲੈ ਤਿਚੁਕੇ ਨੇਲੇ।।
ਆਪੁਲੇ ਨੇਲੇ ਮਹਣਵੂਨੀ ਖਲਖਲਾ ਰੜੇ।। ਪਰੀ ਘੇਤਾ ਦਰਵੜੇ ਆਠਵੀਨਾ।।
ਸੋਨਾਰਚੇ ਘਰੀ ਪੜੀ ਲੋਸੇ ਖਾਣ।। ਚੋਰੀ ਲੇ ਸੁਵਰਣ ਤੇ ਹੀ ਠੇਲੇ।।
"ਸ੍ਰੀ ਨਾਮਦੇਵ ਗਾਥਾ", ਅਭੰਗ 1839.

ਇਸ ਤਰ੍ਹਾਂ ਭਗਤ ਨਾਮਦੇਵ ਦੀ ਆਚਾਰ-ਪ੍ਰਣਾਲੀ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਉੱਘੜਕੇ ਸਾਹਮਣੇ ਆਉਂਦੀਆਂ ਹਨ । ਨਿਰਸੰਦੇਹ, ਮਨੁੱਖੀ ਜੀਵਨ ਦਾ ਕੋਈ ਐਸਾ ਅੰਗ ਨਹੀਂ ਜਿਹੜਾ ਨਾਮਦੇਵ ਦੇ ਆਚਾਰ-ਵਿਧਾਨ ਦੇ ਅੰਤਰਗਤ ਨ ਆਉਂਦਾ ਹੋਵੇ । ਨੈਤਿਕ, ਸਮਾਜਕ, ਸਦਾਚਾਰਕ ਤੇ ਸਾਂਸਕ੍ਰਿਤਕ ਜੀਵਨ ਦੇ ਸਾਰੇ ਪਹਿਲੂ ਨਿਰਗੁਣ-ਆਚਾਰ ਦੀ ਉੱਚਤਾ ਨਾਲ ਜਗਮਗਾ ਉਠੇ ਹਨ ।

ਸਮੁੱਚੇ ਤੌਰ ਤੇ ਵੇਖਿਆਂ ਭਗਤ ਨਾਮਦੇਵ ਜਿਸ ਦਰਸ਼ਨ, ਸਾਧਨਾ ਤੇ ਆਚਾਰ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਹਨ, ਉਹ ਸਿੱਧਾਂਤਕ ਪਹਿਲੂ ਤਕ ਹੀ ਸੀਮਿਤ ਨਹੀਂ ਹੈ, ਸਗੋਂ ਇਸ ਦਾ ਸੰਬੰਧ ਜੀਵਨ ਦੇ ਵਿਵਹਾਰਿਕ ਪਹਿਲੂਆਂ ਨਾਲ ਵੀ ਹੈ । ਆਪਣੇ ਪਹਿਲੀ ਵਾਰ ਇਕ ਸੁਚੱਜੀ ਜੀਵਨ-ਜਾਚ ਸਿਖਾਉਣ ਤੇ ਪ੍ਰਚੰਡ ਕਰਾਉਣ ਦਾ ਪ੍ਰਯਾਸ ਕੀਤਾ । ਆਪ ਦਾ ਨਿਸ਼ਚਾ ਪ੍ਰਭੂ-ਪਿਆਰ ਹੈ ਤੇ ਬ੍ਰਿਤੀ ਸਾਤਵਿਕ । ਆਪ ਦਾ ਦਰਸ਼ਨ, ਸਾਧਨਾ ਤੇ ਆਚਾਰ ਉਹ ਨੀਂਹ ਹੈ ਜਿਸ ਉਪਰ ਪੰਜਾਬੀ ਨਿਰਗੁਣ-ਕਾਵਿ ਦੇ ਦਰਸ਼ਨ ਦਾ ਮਹੱਲ ਉੱਸਰਿਆ ।

= = =

## ਅਧਿਆਇ ਚੌਥਾ

# ਨਾਮਦੇਵ ਦੀ ਕਾਵਿ-ਕਲਾ

# ਨਾਮਦੇਵ ਦੀ ਕਾਵਿ-ਕਲਾ

ਨਿਰਗੁਣ ਕਵੀਆਂ ਨੇ ਆਪਣੇ ਅਨੁਭਵਾਂ ਅਤੇ ਸੁਹਜ-ਸੌਂਦਰਯ ਦੀ ਅਭਿਵਿਅਕਤੀ ਲਈ ਕਾਵਿ ਨੂੰ ਹੀ ਵਾਹਣ ਬਣਾਇਆ । ਇਨ੍ਹਾਂ ਕਵੀਆਂ ਨੇ ਕਿਸੇ ਵਿਸ਼ੇਸ਼ ਕਾਵਿ-ਰੂੜੀ ਜਾਂ ਕਾਵਿ-ਸ਼ਾਸਤਰੀ ਨਿਯਮਾਂ ਨੂੰ ਨਹੀਂ ਅਪਣਾਇਆ, ਫਿਰ ਵੀ ਸਿੱਧੇ-ਸਾਦੇ ਹਿਰਦਿਆਂ ਵਾਲਿਆਂ ਇਨ੍ਹਾਂ ਕਵੀਆਂ ਦੀ ਕਵਿਤਾ ਕਾਵਿ-ਸ਼ਾਸਤਰੀ ਗੁਣਾਂ ਤੋਂ ਸੱਖਣੀ ਵੀ ਨਹੀਂ । ਸੁਹਜ ਤੇ ਸੱਚ ਦਾ ਸੁਮੇਲ, ਅਨੁਭੂਤੀ ਤੇ ਮਾਰਮਿਕਤਾ ਦਾ ਸੁਮਿਸ਼ਰਣ ਨਿਰਗੁਣ-ਕਾਵਿ ਦਾ ਪ੍ਰਧਾਨ ਗੁਣ ਹੈ । ਇਨ੍ਹਾਂ ਦੇ ਕਾਵਿ ਵਿਚੋਂ "ਸਹਿਜ-ਕਾਵਿ ਦੀਆਂ ਖੂਬਸੂਰਤ ਮਿਸਾਲਾਂ ਉਪਲਬਧ ਹਨ ।"[1] "ਸਹਿਜ-ਕਾਵਿ" ਸੰਗਿਆ ਦਾ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਲਈ ਵਰਤਿਆ ਜਾਣਾ ਸਪਸ਼ਟ ਕਰਦਾ ਹੈ ਕਿ ਇਹ ਕਾਵਿ "ਸਹਿਜ ਪਦ" ਵਿਚ ਪਹੁੰਚੇ ਹੋਏ ਕਵੀਆਂ ਦੀਆਂ ਰਚਨਾਵਾਂ ਹਨ ਅਤੇ ਉਨ੍ਹਾਂ ਦੇ ਆਤਮਿਕ ਅਨੁਭਵਾਂ ਦੀ ਸਹਿਜ-ਅਭਿਵਿਅੰਜਨਾ ਵੀ ਕਰਦਾ ਹੈ । ਡਾ. ਪ੍ਰੇਮ ਪ੍ਰਕਾਸ਼ ਸਿੰਘ ਨਿਰਗੁਣ ਕਵੀਆਂ ਦੇ ਕਾਵਿ ਨੂੰ "ਆਤਮਿਕ ਭਾਵਾਂ ਦੀ ਸਹਜ ਤੇ ਸੁਭਾਵਿਕ ਅਭਿਵਿਅਕਤੀ ਹੀ ਕਹਿੰਦੇ ਹਨ ।"[2]

ਵਿਦਵਾਨਾਂ ਵਲੋਂ ਕਿਸੇ ਵੀ ਕਵੀ ਦੀ ਕਾਵਿ-ਕਲਾ ਦੇ ਦੋ ਰੂਪ ਪ੍ਰਮੁੱਖ ਰੂਪ ਵਿਚ ਨਿਰਧਾਰਿਤ ਕੀਤੇ ਗਏ ਹਨ : ਅੰਤਰੀ ਤੇ ਬਾਹਰੀ । ਅੰਤਰੀ ਰੂਪ ਵਿਚ ਕਾਵਿ ਰਸ ਆਉਂਦੇ ਹਨ, ਜਦੋਂ ਕਿ ਬਾਹਰੀ ਰੂਪ ਵਿਚ ਅਲੰਕਾਰ, ਪ੍ਰਤੀਕ, ਬਿੰਬ, ਰਾਗ-ਸੰਗੀਤ, ਛੰਦ ਤੇ ਭਾਸ਼ਾ-ਸ਼ਿਲਪ ਆਉਂਦੇ ਹਨ ।

---

1. ਡਾ. ਗੋਵਿੰਦ ਤ੍ਰਿਗੁਣਾਯਤ, "ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ", ਪੰ: 638.

2. "ਗੁਰੂ ਨਾਨਕ ਅਤੇ ਨਿਰਗੁਣਧਾਰਾ", ਪੰ: 272.

ਭਗਤ ਨਾਮਦੇਵ ਵੀ ਇਕ ਪ੍ਰੌਢ ਕਵੀ ਸਨ। ਆਪ ਦੀ ਕਾਵਿ-ਕਲਾ ਦਾ ਨਿਰੀਖਣ ਕਰਦਿਆਂ ਉਪਰੋਕਤ ਦੋਵੇਂ ਰੂਪ ਸਪਸ਼ਟ ਹੋ ਕੇ ਸਾਹਮਣੇ ਆਉਂਦੇ ਹਨ :

ਕਾਵਿ ਰਸ :

ਕਾਵਿ ਦੀ ਆਤਮਾ ਦੇ ਅੰਤਰਗਤ ਰਸ ਸਦਾ ਹੀ ਵਿਸ਼ੇਸ਼ ਮਹੱਤਤਾ ਦਾ ਅਧਿਕਾਰੀ ਰਿਹਾ ਹੈ। ਇਹ ਇਕ ਪਾਸੇ ਭੌਤਿਕ ਚੇਤਨਾ ਨਾਲ਼ ਅਤੇ ਦੂਜੇ ਪਾਸੇ ਮਨੋਚੇਤਨਾ ਨਾਲ ਸੰਬੰਧਿਤ ਹੈ। ਇਸ ਲਈ ਇਸ ਵਿਚ ਮਨੁੱਖੀ ਮਨੋਭਾਵਾਂ ਦੀਆਂ ਕ੍ਰਿਆਵਾਂ ਅਤੇ ਪ੍ਰਤਿਕ੍ਰਿਆਵਾਂ ਦਾ ਵਿਗਿਆਨਕ ਵਿਸ਼ਲੇਸ਼ਣ ਹੁੰਦਾ ਹੈ।"[1] ਸੰਸਕ੍ਰਿਤ ਆਚਾਰਯ ਰਸ ਨੂੰ ਕਾਵਿ ਦੀ ਆਤਮਾ ਕਹਿੰਦੇ ਹਨ। ਨਿਰਸੰਦੇਹ, ਸਾਡੀ ਅੰਤਰ-ਆਤਮਾ ਨੂੰ ਜਗਾਉਣ ਵਾਲੀ ਵਸਤੂ ਕਾਵਿ ਰਸ ਹੀ ਹਨ। ਮੰਮਟ ਅਨੁਸਾਰ "ਇਹ ਜਿਉਂ ਹੀ ਪੈਦਾ ਹੁੰਦਾ ਹੈ, ਸਾਡੇ ਧੁਰ ਅੰਦਰ ਜਾ ਹਲੂਣਦਾ ਹੈ।"[2] ਇਸ ਤਰ੍ਹਾਂ ਰਸ ਕਾਵਿ ਦੇ ਪ੍ਰਯੋਜਨ ਨੂੰ ਪੂਰਿਆਂ ਕਰਨ ਵਿਚ ਇਕ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ ਅਤੇ ਜਿਨ੍ਹਾਂ ਦੀ ਅਣਹੋਂਦ ਕਾਵਿ ਨੂੰ ਖੁਸ਼ਕ ਤੇ ਨੀਰਸ ਬਣਾ ਕੇ ਰੱਖ ਦਿੰਦੀ ਹੈ।

ਰਸ ਦੇ ਪ੍ਰਕਾਰ :

ਆਚਾਰਯ ਨੇ ਰਸਾਂ ਦੀ ਗਿਣਤੀ ਨੌ ਮੰਨੀ ਹੈ :"ਸ਼ਿੰਗਾਰ, ਹਾਸ,ਕਰੁਣਾ, ਰੌਦ੍ਰ, ਵੀਰ, ਭਿਆਨਕ, ਬੀਭਤਸ, ਅਦਭੁਤ ਤੇ ਸ਼ਾਂਤ।"[3] ਭਗਤ ਨਾਮਦੇਵ ਦੇ ਕਾਵਿ ਵਿਚ ਅਦਭੁਤ ਅਤੇ ਸ਼ਾਂਤ ਰਸ ਵਧੇਰੇ ਮਾਤਰਾ ਵਿਚ ਉਪਲਬਧ ਹਨ :

ਅਦਭੁਤ ਰਸ :

ਅਨੋਖੀ ਵਸਤੂ ਦੇ ਸੁਣਨ ਨਾਲ ਜਦੋਂ 'ਆਸਚਰਯ ਭਾਵ' ਦੀ ਜਾਗ੍ਰਿਤੀ ਹੁੰਦੀ ਹੈ ਤਾਂ ਅਦਭੁਤ ਰਸ ਦੀ ਪ੍ਰਤੀਤੀ ਹੁੰਦੀ ਹੈ।[4] ਭਗਤ ਨਾਮਦੇਵ ਗੁਰੂ ਦੀ ਕ੍ਰਿਪਾ ਦਾ

---

1. "The theory of Rasa has a semi-physiology and semi-psychological basis and tries to explain how human feelings and emotions are worked upon by them."

   P.V.Kane, "The Sahitya Darpan", CXLVII 'Introduction'.

2. "ਕਾਵਿ ਪ੍ਰਕਾਸ਼", ਪੰ:93.
3. ਡਾ. ਪ੍ਰੇਮ ਪ੍ਰਕਾਸ਼, "ਗੁਰੂ ਨਾਨਕ ਅਤੇ ਨਿਰਗੁਣਧਾਰਾ", ਪੰ:274.
4. ਵਿਸ਼ਨੂ ਨਾਥ, "ਸਾਹਿਤਯ ਦਰਪਣ", ਪੰ:181.

ਵਰਣਨ ਕਰਦੇ ਬਲਿਹਾਰ ਜਾਂਦੇ ਹਨ। ਇਹ ਵਰਣਨ ਆਸਚਰਯ ਪੂਰਵਕ ਹੈ ਜੋ ਕਿ ਅਦਭੁਤ ਰਸ ਉਦੀਪਤ ਕਰਦਾ ਹੈ । ਭੈਰਉ ਰਾਗ ਵਿਚ ਆਪ ਦਾ ਸ਼ਬਦ ਅਦਭੁਤ ਰਸ ਦੀ ਇਕ ਸੁੰਦਰ ਮਿਸਾਲ ਹੈ :

ਜਉ ਗੁਰਦੇਉ ਤ ਮਿਲੈ ਮੁਰਾਰਿ।। ਜਉ ਗੁਰਦੇਉ ਤ ਉਤਰੈ ਪਾਰਿ ।।
ਜਉ ਗੁਰਦੇਉ ਤ ਬੈਕੁੰਠ ਤਰੈ ।। ਜਉ ਗੁਰਦੇਉ ਤ ਜੀਵਤ ਮਰੈ ।।
ਸਤਿ ਸਤਿ ਸਤਿ ਸਤਿ ਗੁਰਦੇਵ ।।
ਝੂਠ ਝੂਠ ਝੂਠ ਝੂਠ ਆਨ ਸਭ ਸੇਵ ।। ਰਹਾਉ ।।
("ਆਦਿ ਗ੍ਰੰਥ", ਪੰ:1166)

<u>ਸ਼ਾਂਤ ਰਸ</u> :

ਨਾਮਦੇਵ ਕਾਵਿ ਵਿਚ ਜਿਹੜਾ ਰਸ ਸਭ ਤੋਂ ਵੱਧ ਉਦੀਪਤ ਹੁੰਦਾ ਹੈ ਉਹ ਹੈ ਸ਼ਾਂਤ ਰਸ । ਇਹ ਰਸ ਸਹਿਜ, ਠਹਿਰਾਉ, ਸੰਤੁਲਨ ਅਤੇ ਉਪਰਾਮਤਾ ਤੋਂ ਉਤਪੰਨ ਹੁੰਦਾ ਹੈ :

ਜੌ ਰਾਜੁ ਦੇਹਿ ਤ ਕਵਨ ਬਡਾਈ ।।
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ।।
ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ।।
ਬਹੁਰਿ ਨ ਹੋਇ ਤੇਰਾ ਆਵਨ ਜਾਨੁ ।। ਰਹਾਉ ।।
ਸਭ ਤੈ ਉਪਾਈ ਭਰਮ ਭੁਲਾਈ ।।
ਜਿਸ ਤੂ ਦੇਵਹਿ ਤਿਸਹਿ ਬੁਝਾਈ ।।
ਸਤਿਗੁਰ ਮਿਲੈ ਤਾ ਸਹਸਾ ਜਾਈ ।।
ਕਿਸ ਹਉ ਪੂਜਉ ਦੂਜਾ ਨਦਰਿ ਨ ਆਈ ।।
ਏਕੈ ਪਾਥਰ ਕੀਜੈ ਭਾਉ।। ਦੂਜੈ ਪਾਥਰ ਧਰੀਐ ਪਾਉ ।।
ਜੇ ਉਹ ਦੇਉ ਤ ਓਹ ਭੀ ਦੇਵਾ ।।
ਕਹਿ ਨਾਮਦੇਉ ਹਮ ਹਰਿ ਕੀ ਸੇਵਾ ।।
(ਆਦਿ ਗ੍ਰੰਥ, ਰਾਗ ਗੂਜਰੀ ਨਾਮਦੇਵ, ਪੰ:525)

ਇਥੇ ਜੀਵਨ ਤੋਂ ਪੂਰੀ ਤਰ੍ਹਾਂ ਉਦਾਸੀਨਤਾ ਅਤੇ ਪ੍ਰਭੂ ਉਤੇ ਪੂਰਨ ਵਿਸ਼ਵਾਸ ਦੀ ਭਾਵਨਾ ਨਾਲ ਸ਼ਾਂਤ ਰਸ ਪੈਦਾ ਹੋਇਆ ਹੈ ।

ਇਸੇ ਤਰ੍ਹਾਂ ਪ੍ਰਭੂ ਦਾ ਵਿਛੋੜਾ ਤੇ ਫਿਰ ਮਿਲਾਪ ਸ਼ਾਂਤ ਰਸ ਦੀਆਂ ਸੁੰਦਰ ਮਿਸਾਲਾਂ ਹਨ :

ਮੋਹਿ ਲਾਗਤੀ ਤਾਲਾਬੇਲੀ।। ਬਛਰੇ ਬਿਨ ਗਾਇ ਅਕੇਲੀ ।।
ਪਾਨੀਆ ਬਿਨੁ ਮੀਨੁ ਤਲਫੈ।। ਐਸੇ ਰਾਮ ਨਾਮਾ ਬਿਨੁ ਬਾਪਰੋ ਨਾਮਾ।। ਰਹਾਉ।।
ਜੈਸੇ ਗਾਇ ਕਾ ਬਾਛਾ ਛੂਟਲਾ।। ਥਨ ਚੋਖਤਾ ਮਾਖਨੁ ਘੂਟਲਾ ।।
ਨਾਮਦੇਉ ਨਾਰਾਇਨੁ ਪਾਇਆ।। ਗੁਰ ਭੇਟਤ ਅਲਖ ਲਖਾਇਆ ।।
("ਆਦਿ ਗ੍ਰੰਥ", ਰਾਗ ਗੋਂਡ ਨਾਮਦੇਵ, ਪੰ:874)

ਅਲੰਕਾਰ ਵਿਧਾਨ :

ਭਾਰਤੀ ਸਾਹਿੱਤ ਵਿਚ ਅਲੰਕਾਰ ਵਿਧਾਨ ਦੀ ਇਕ ਦੀਰਘ ਪਰੰਪਰਾ ਹੈ। ਪ੍ਰਾਰੰਭ ਵਿਚ ਇਹ ਇਕ ਸੁਤੰਤਰ ਸੰਪ੍ਰਦਾਇ ਬਣਿਆ ਰਿਹਾ ਜਿਸ ਨੂੰ "ਕਾਵਿ ਦੀ ਆਤਮਾ" ਵਜੋਂ ਸਥਾਪਤ ਕਰਨ ਦਾ ਪ੍ਰਯਾਸ ਕੀਤਾ ਗਿਆ। ਅਲੰਕਾਰ ਨੂੰ ਲਕਸ਼ ਮੰਨਿਆ ਜਾਂਦਾ ਸੀ ਅਤੇ ਸਮੁੱਚੇ ਕਾਵਿ ਸ਼ਾਸਤ੍ਰ ਨੂੰ ਅਲੰਕਾਰ ਸ਼ਾਸਤ੍ਰ ਹੀ ਕਿਹਾ ਜਾਂਦਾ ਸੀ।[1] ਬਾਅਦ ਵਿਚ ਅਲੰਕਾਰ ਲਕਸ਼ ਨ ਰਹਿ ਕੇ ਸਾਧਨ ਮਾਤ੍ਰ ਹੀ ਸਵੀਕਾਰ ਕੀਤਾ ਗਿਆ, ਜਿਸ ਦਾ ਕਾਰਜ ਰਸ, ਭਾਵ ਆਦਿ ਨੂੰ ਪੈਦਾ ਕਰਨ ਅਤੇ ਸੰਚਾਰ ਵਿਚ ਸਹਾਇਤਾ ਕਰਨਾ ਸੀ ।

ਲੱਛਣ ਅਤੇ ਪਰਿਭਾਸ਼ਾ :

ਅਲੰਕਾਰ ਦੀਆਂ ਦੋ ਪ੍ਰਤੀਨਿਧ ਪਰਿਭਾਸ਼ਾਵਾਂ ਹਨ: ਆਚਾਰਯ ਦੰਡੀ ਦੀ ਅਤੇ ਵਿਸ਼੍ਵ ਨਾਥ ਦੀ । ਦੰਡੀ ਦਾ ਮਤ ਹੈ, 'ਅਲੰਕਾਰ ਕਾਵਿ ਦਾ ਸੌਂਦਰਯ ਪੈਦਾ ਕਰਨ ਵਾਲੇ ਪੂਰਕ ਹਨ।'[2] ਦੰਡੀ ਦੀ ਉਕਤ ਪਰਿਭਾਸ਼ਾ ਤੋਂ ਸਪਸ਼ਟ ਹੈ ਕਿ

---

1. "ਰਾਮ ਦਹਿਨ ਮਿਸ਼੍ਰ : ਕਾਵਯ ਦਰਪਣ", ਪੰਨਾ 69 (ਭੂਮਿਕਾ)
2. 'ਕਾਵਯਦਰਸ਼', ਪੰਨਾ 1. "ਗੁਰੂ ਨਾਨਕ ਤੇ ਨਿਰਗੁਣਧਾਰਾ", ਪੰਨਾ 286 ਤੋਂ ਉਧ੍ਰਿਤ ।

ਅਲੰਕਾਰ ਕਾਵਿ ਦਾ ਸਹਜ ਗੁਣ ਹਨ ਅਤੇ ਕਾਵਿ ਦਾ ਸੌਂਦਰਯ ਅਲੰਕਾਰ ਤੇ ਹੀ ਨਿਰਭਰ ਕਰਦਾ ਹੈ। ਇਸ ਤਰ੍ਹਾਂ ਦੰਡੀ ਰਸ ਤੇ ਧੁਨੀ ਸਿੱਧਾਂਤ ਨੂੰ ਅੱਖੋਂ ਓਹਲੇ ਕਰ ਜਾਂਦਾ ਹੈ। ਦੂਸਰੀ ਪਰਿਭਾਸ਼ਾ ਵਿਸ਼ਵ ਨਾਥ ਦੀ ਹੈ। ਵਿਸ਼ਵ ਨਾਥ ਅਨੁਸਾਰ, "ਕਾਵਿ ਸੌਂਦਰਯ ਨੂੰ ਵਧਾਉਣ ਵਾਲੇ ਰਸ, ਭਾਵ ਆਦਿ ਦੇ ਸਹਾਇਕ ਸ਼ਬਦ ਤੇ ਅਰਥ ਦੇ ਦੋ ਅਸਥਿਰ ਘਟਕ ਹਨ। ਉਹ ਅੰਗਦ ਆਦਿ ਗਹਿਣਿਆਂ ਵਾਂਗੂ ਅਲੰਕਾਰ ਅਖਵਾਉਂਦੇ ਹਨ"।[1] ਵਿਸ਼ਵ ਨਾਥ ਅਨੁਸਾਰ ਕਾਵਿ ਦੀ ਆਤਮਾ ਰਸ ਹੀ ਹੈ ਤੇ ਅਲੰਕਾਰ ਕੇਵਲ ਸਹਾਇਕ।

ਇਸਤੋਂ ਇਲਾਵਾ ਪੰ: ਰਾਮ ਦਹਿਲ ਮਿਸ਼੍ਰ ਨੇ ਅਲੰਕਾਰ ਨੂੰ 'ਕਹਿਣ ਦਾ ਇਕ ਚਮਤਕਾਰੀ ਢੰਗ' ਅਤੇ 'ਕਾਵਿ-ਪ੍ਰਤਿਭਾ ਤੋਂ ਪੈਦਾ ਹੋਇਆ ਕਥਨ-ਵਿਸ਼ੇਸ਼ ਕਿਹਾ ਹੈ'।[2]

ਪੱਛਮੀ ਵਿਦਵਾਨ ਜਕੋਬ ਕੋਰਗ ਅਨੁਸਾਰ 'ਕਵੀ ਜਨ ਵਿਸ਼ੇ ਦੀ ਸਪਸ਼ਟਤਾ ਅਤੇ ਸੁਬੋਧਤਾ ਦੇ ਲਈ ਅਲੰਕਾਰਾਂ ਦੀ ਵਰਤੋਂ ਕਰਦੇ ਹਨ'।[3]

ਇੰਝ ਅਸੀਂ ਵੇਖਦੇ ਹਾਂ ਕਿ ਅਲੰਕਾਰ ਕਾਵਿ ਵਿਚ ਸੁਹਜ, ਮਿਠਾਸ, ਸੌਂਦਰਯ ਅਤੇ ਤਾਜ਼ਗੀ ਪੈਦਾ ਕਰਦੇ ਹਨ।

ਅਲੰਕਾਰਾਂ ਦੀ ਸਰਬੰਗੀ ਤੇ ਸੰਪੂਰਨ ਗਿਣਤੀ ਕਰਨੀ ਤਾਂ ਕਠਿਨ ਹੈ, ਕਿਉਂਜੋ, ਜਿਵੇਂ ਕਿ ਦੰਡੀ ਦਾ ਮਤ ਹੈ, ਇਨ੍ਹਾਂ ਦੀ ਆਏ ਦਿਨ ਸਿਰਜਨਾ ਹੁੰਦੀ ਰਹਿੰਦੀ ਹੈ। ਭਾਰਤੀ ਆਚਾਰਯ ਮੰਮਟ ਤੇ ਵਿਸ਼ਵ ਨਾਥ ਨੇ ਅਲੰਕਾਰਾਂ ਦੀ ਗਿਣਤੀ ਨਾਲੋਂ ਇਸਦੀ ਸੌਖੀ ਵੰਡ ਲਈ ਇਨ੍ਹਾਂ ਨੂੰ ਤਿੰਨਾਂ ਭਾਗਾਂ ਵਿਚ ਵੰਡਿਆ ਹੈ :(1) ਸ਼ਬਦ ਅਲੰਕਾਰ, (2) ਅਰਥ ਅਲੰਕਾਰ; ਅਤੇ (3) ਸ਼ਬਦਾਰਥ ਅਲੰਕਾਰ।

---

1. "ਸਾਹਿਤਯ ਦਰਪਣ", ਪੰ:444.
2. "ਕਾਵਯ ਦਰਪਣ", ਪੰ:321.
3. "But in poetry figures of speech are generally used to focus on unfamiliar qualities, or to give familiar qualities -unusual vividness and stress."

   Jacub Korg, "An Introduction to Poetry", page 8.

ਜਿਥੇ ਸ਼ਬਦਾਂ ਤੇ ਨਿਰਭਰ ਕਰਦਾ ਕੋਈ ਕਾਵਿ-ਚਮਤਕਾਰ ਸ਼ਬਦ-ਅਲੰਕਾਰ ਅਖਵਾਉਂਦਾ ਹੈ, ਉਥੇ ਅਰਥਾਂ ਤੇ ਆਧਾਰਿਤ ਕਾਵਿ-ਚਮਤਕਾਰ ਅਰਥ ਚਮਤਕਾਰ ਅਖਵਾਉਂਦਾ ਹੈ । ਜੋ ਅਲੰਕਾਰ ਸ਼ਬਦ ਅਤੇ ਅਰਥ ਦੋਵਾਂ ਤੇ ਨਿਰਭਰ ਹੋ ਕੇ ਕਾਵਿਕ ਚਮਤਕਾਰ ਪੈਦਾ ਕਰਦੇ ਹਨ, ਉਹ ਸ਼ਬਦਾਰਥ ਅਲੰਕਾਰ ਹੁੰਦੇ ਹਨ ।

ਅਲੰਕਾਰਾਂ ਦੀ ਉਪਰੋਕਤ ਸੌਖੀ ਤੇ ਸਰਵ-ਪ੍ਰਮਾਣਿਤ ਵੰਡ ਦੇ ਆਧਾਰ ਉਤੇ ਭਗਤ ਨਾਮਦੇਵ ਦੀ ਕਾਵਿ-ਕਲਾ ਦੇ ਸੰਦਰਭ ਵਿਚ ਉਨ੍ਹਾਂ ਦੇ ਅਲੰਕਾਰ-ਵਿਧਾਨ ਨੂੰ ਜਾਣਿਆ ਜਾ ਸਕਦਾ ਹੈ ।

## ਸ਼ਬਦ ਅਲੰਕਾਰ :

ਕਾਵਿ-ਅਲੰਕਰਣ ਦਾ ਸਭ ਤੋਂ ਮੁੱਢਲਾ ਤੇ ਪ੍ਰਮੁੱਖ ਸਾਧਨ ਸ਼ਬਦ ਅਲੰਕਾਰ ਹੈ । ਸ਼ਬਦ ਅਲੰਕਾਰਾਂ ਵਿਚ ਅਨੁਪ੍ਰਾਸ, ਯਮਕ, ਵੀਪਸਾ ਅਤੇ ਸ਼ਲੇਸ਼ ਅਲੰਕਾਰ ਆਉਂਦੇ ਹਨ। ਭਗਤ ਨਾਮਦੇਵ ਦੇ ਕਾਵਿ ਵਿਚੋਂ ਕੇਵਲ ਅਨੁਪ੍ਰਾਸ ਦੇ ਆਮ ਉਦਾਹਰਣ ਪ੍ਰਾਪਤ ਹਨ :

### ਅਨੁਪ੍ਰਾਸ :

ਜਿਥੇ ਅਨੇਕ ਅੱਖਰਾਂ (ਵਰਣਾਂ) ਦੀ ਇਕੋ ਥਾਂ ਵਾਰ ਵਾਰ ਵਰਤੋਂ ਹੋਵੇ ਉਥੇ ਅਨੁਪ੍ਰਾਸ ਹੁੰਦਾ ਹੈ ।[1] ਅਨੁਪ੍ਰਾਸ ਦੇ ਵੀ ਛੇਕ, ਵ੍ਰਿਤਿ, ਸ਼ਰੁਤਿ, ਅੰਤਯ, ਲਾਟਾਨਾਪ੍ਰਾਸ ਪੰਜ ਭੇਦ ਦੱਸੇ ਗਏ ਹਨ ।[2] ਭਗਤ ਨਾਮਦੇਵ ਦੇ ਕਾਵਿ ਵਿਚੋਂ ਅਨੁਪ੍ਰਾਸ ਦੀਆਂ ਨਿਮਨ-ਲਿਖਤ ਉਦਾਹਰਣਾਂ ਉਪਲਬਧ ਹਨ :

(ੳ) ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ।।
ਪਤਿਤ ਪਵਿਤ ਭਏ ਰਾਮੁ ਕਹਤ ਹੀ।।
("ਆਦਿ ਗ੍ਰੰਥ", ਰਾਗ ਟੋਡੀ, ਪੰ:718)

(ਅ) ਰਾਂਗਨਿ ਰਾਂਗਉ ਸੀਂਵਨਿ ਸੀਂਵਉ ।।
("ਆਦਿ ਗ੍ਰੰਥ", ਰਾਗ ਗਉੜੀ, ਪੰ:485)

---

1. ਮੰਮਟ, "ਕਾਵਯ ਪ੍ਰਕਾਸ਼", ਪੰ:434.
2. ਵਿਸ਼੍ਵ ਨਾਥ, "ਸਾਹਿਤਯ ਦਰਪਣ", ਪੰ:446-51.

(ੲ) ਈਭੈ ਬੀਠਲੁ ਊਭੈ ਬੀਠਲੁ ਬੀਠਲੁ ਬਿਨ ਸੰਸਾਰ ਨਹੀ ॥

("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 485)

(ਸ) ਕਾਹੈ ਕਉ ਕੀਜੈ ਧਿਆਨ ਜਪੰਨਾ ॥

("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 485)

(ਹ) ਪਹਿਲ ਪੁਰੀਏ ਪੁੰਡਰ ਕਵਨਾ ॥

("ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ: 693)

ਇਥੇ 'ਕ', 'ਪ', 'ਰ', 'ਸ', 'ਬ' ਆਦਿ ਵਰਣਾਂ ਨੂੰ ਦੁਹਰਾਇਆ ਗਿਆ ਹੈ ਜਿਸ ਨਾਲ ਨਾਦ ਪੈਦਾ ਹੁੰਦਾ ਹੈ। ਸ਼ਬਦ ਉਤੇ ਨਿਰਭਰ ਹੋਣ ਕਰਕੇ ਇਹ ਸ਼ਬਦ ਅਲੰਕਾਰ ਹੈ।

ਅਰਥ ਅਲੰਕਾਰ :

ਅਰਥ ਅਲੰਕਾਰ ਕਾਵਿ ਦੇ ਅਰਥਾਂ ਉਤੇ ਨਿਰਭਰ ਕਰਦਾ ਹੈ। ਅਰਥ ਅਲੰਕਾਰ ਨੂੰ ਵੀ ਕੁਝ ਬੁਨਿਆਦੀ ਸਾਂਝਾਂ ਕਰਕੇ ਕੁਝ ਵਰਗਾਂ ਵਿਚ ਵੰਡਿਆ ਗਿਆ ਹੈ। ਮੁੱਖ ਤੌਰ ਤੇ ਅਰਥ ਅਲੰਕਾਰਾਂ ਦੇ ਪੰਜ ਵਰਗ ਕਹੇ ਜਾਂਦੇ ਹਨ :

(ੳ) ਸਾਂਝ ਮੂਲਕ ਅਲੰਕਾਰ (ਸਾਦ੍ਰਿਸ਼ਯਮੂਲ)

(ਅ) ਵਿਰੋਧ ਮੂਲਕ ਅਲੰਕਾਰ

(ੲ) ਤਰਕ ਮੂਲਕ ਅਲੰਕਾਰ

(ਸ) ਗੂੜ੍ਹ ਅਰਥ ਪ੍ਰਤੀਤੀ ਮੂਲਕ ਅਲੰਕਾਰ

(ਹ) ਸ੍ਰਿੰਖਲਾ ਮੂਲਕ ਅਲੰਕਾਰ

ਭਗਤ ਨਾਮਦੇਵ ਕਾਵਿ ਵਿਚੋਂ ਨਿਮਨ-ਲਿਖਤ ਅਰਥ ਅਲੰਕਾਰ ਦ੍ਰਿਸ਼ਟੀਗੋਚਰ ਹੁੰਦੇ ਹਨ :

ਸਾਂਝ ਮੂਲਕ ਅਲੰਕਾਰ :

ਅਜਿਹੀ ਪ੍ਰਕਾਰ ਦੇ ਅਲੰਕਾਰਾਂ ਵਿਚ ਉਪਮਾਨ ਤੇ ਉਪਮੇਯ ਵਿਚਕਾਰ ਅਰਥਾਤ ਵਰਣਨ-ਗੋਚਰੀ ਵਸਤੂ ਅਤੇ ਅਲੰਕਾਰਿਕ ਵਸਤੂ ਵਿਚਕਾਰ ਇਕ ਸਾਂਝ ਜਾਂ ਸਮਾਨਤਾ ਰਹਿੰਦੀ ਹੈ। ਅਜਿਹੇ ਅਲੰਕਾਰਾਂ ਵਿਚੋਂ ਉਪਮਾ ਅਤੇ ਰੂਪਕ ਪ੍ਰਸਿੱਧ ਹਨ।

ਉਪਮਾ :

ਜਿਥੇ ਦੋ ਪਦਾਰਥਾਂ ਵਿਚ ਕਿਸੇ ਪੱਖ ਤੋਂ ਸਾਂਝ (ਸਮਾਨਤਾ, ਤੁਲਨਾ) ਦਾ ਵਰਣਨ ਹੋਵੇ ਉਥੇ ਉਪਮਾ ਅਲੰਕਾਰ ਹੁੰਦਾ ਹੈ । ਇਸ ਵਿਚ ਚਾਰ ਤੱਤਾਂ ਦਾ ਹੋਣਾ ਜ਼ਰੂਰੀ ਹੈ : ਉਪਮਾਨ, ਉਪਮੇਯ, ਸਾਂਝਾ ਧਰਮ ਤੇ ਵਾਚਕ ਸ਼ਬਦ। ਉਦਾਹਰਣ ਵੇਖੋ:

ਜਲ ਭੀਤਰਿ ਕੁੰਭ ਸਮਾਨਿਆ ।।
ਸਭ ਰਾਮੁ ਏਕੁ ਕਰਿ ਜਾਨਿਆ ।।
("ਆਦਿ ਗ੍ਰੰਥ", ਰਾਗ ਸੋਰਠਿ ਨਾਮਦੇਵ, ਪੰ: 657)

ਇਥੇ ਭਗਤ ਨਾਮਦੇਵ ਦਾ ਆਸ਼ਾ 'ਰਾਮ' ਦੇ ਹਰੇਕ ਸ਼ੈਅ ਵਿਚ ਵੱਸੇ ਹੋਣਾ ਅਰਥਾਤ ਉਸ ਦੀ ਸਰਵ-ਵਿਆਪਕਤਾ ਨੂੰ ਦਰਸਾਉਣਾ ਹੈ । ਇਸੇ ਤਰ੍ਹਾਂ :

(ੳ) ਜੈਸੀ ਭੂਖੇ ਪ੍ਰੀਤਿ ਅਨਾਜ।। ਤ੍ਰਿਖਾਵੰਤ ਜਲ ਸੇਤੀ ਕਾਜ।।
ਜੈਸੀ ਮੂੜ ਕੁਟੰਬ ਪਰਾਇਣ।। ਐਸੀ ਨਾਮੇ ਪ੍ਰੀਤਿ ਨਰਾਇਣ।।
("ਆਦਿ ਗ੍ਰੰਥ", ਰਾਗ ਭੈਰਉ ਨਾਮਦੇਵ, ਪੰ: 1164)

(ਅ) ਜੈਸੀ ਪਰ ਪੁਰਖਾ ਰਤ ਨਾਰੀ।। ਲੋਭੀ ਨਰੁ ਧਨ ਕਾ ਹਿਤਕਾਰੀ।।
ਕਾਮੀ ਪੁਰਖ ਕਾਮਨੀ ਪਿਆਰੀ।। ਐਸੀ ਨਾਮੇ ਪ੍ਰੀਤਿ ਮੁਰਾਰੀ।।
("ਆਦਿ ਗ੍ਰੰਥ", ਰਾਗ ਭੈਰਉ ਨਾਮਦੇਵ, ਪੰ: 1164)

(ੲ) ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ।। ਐਸਾ ਹਰਿ ਸੇਤੀ ਮਨੁ ਰਾਤਾ।।
("ਆਦਿ ਗ੍ਰੰਥ", ਰਾਗ ਭੈਰਉ ਨਾਮਦੇਵ, ਪੰ: 1164)

ਰੂਪਕ :

ਰੂਪਕ ਵਿਚ ਵੀ ਉਪਮੇਯ ਤੇ ਉਪਮਾਨ ਅੰਦਰ ਇਕ ਸਾਂਝ ਹੁੰਦੀ ਹੈ ਪਰ ਇਥੇ ਵਾਚਕ ਸ਼ਬਦ ਲੋਪ ਰਹਿੰਦਾ ਹੈ । ਉਪਮੇਯ ਤੇ ਉਪਮਾਨ ਦੋਵੇਂ ਇਕ ਰੂਪ ਵਿਖਾਏ ਜਾਂਦੇ ਹਨ ।[1] ਨਾਮਦੇਵ-ਕਾਵਿ ਵਿਚ ਰੂਪਕ ਵੀ ਮਿਲਦੇ ਹਨ :

---

1. ਵਿਸ਼ਵ ਨਾਥ, "ਸਾਹਿਤਯ ਦਰਪਣ", ਪੰ: 475.

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥
ਮਪਿ ਮਪਿ ਕਾਟਉ ਜਮ ਕੀ ਫਾਸੀ ॥
("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ,ਪੰ:485)

ਅਤੇ

ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥
("ਆਦਿ ਗ੍ਰੰਥ",ਰਾਗ ਗਉੜੀ ਨਾਮਦੇਵ,ਪੰ:485)

ਜਦੋਂ ਕਿਸੇ ਕੁਦਰਤੀ ਜਾਂ ਮਾਨਵੀ ਦ੍ਰਿਸ਼ ਨੂੰ ਹੂ-ਬ-ਹੂ ਪ੍ਰਸਤੁਤ ਵਿਸ਼ੇ ਨਾਲ ਇਕ ਰੂਪ ਇਆਨ ਕੀਤਾ ਜਾਂਦਾ ਹੈ ਤਾਂ ਸਾਰਿਆਂ ਅੰਗਾਂ ਸਮੇਤ ਤਸਵੀਰ ਉਘੜਦੀ ਹੈ, ਉਸ ਨੂੰ 'ਸਾਂਗ ਰੂਪਕ' ਆਖਿਆ ਜਾਂਦਾ ਹੈ, ਪਰੰਤੂ ਇਸ ਦੇ ਉਲਟ ਜਿਥੇ ਪੂਰੀ ਤਸਵੀਰ ਨ ਹੋਵੇ, ਕੋਈ ਇਕ ਅੰਗ ਹੋਵੇ ਉਹ 'ਨਿਰੰਗ' ਰੂਪਕ ਹੁੰਦਾ ਹੈ। ਭਗਤ ਨਾਮਦੇਵ ਦੇ ਨਿਮਨ ਲਿਖਿਤ ਸ਼ਬਦ ਵਿਚ ਸਾਂਗ ਰੂਪਕ ਮਿਲਦਾ ਹੈ :

ਰਾਂਗਨਿ ਰਾਂਗਉ ਸੀਵਨਿ ਸੀਵਉ ॥
ਰਾਮ ਨਾਮ ਬਿਨੁ ਘਰੀਆ ਨ ਜੀਵਉ ॥
ਭਗਤ ਕਰਉ ਹਰਿ ਕੇ ਗੁਨ ਗਾਵਉ ॥
ਅਠ ਪਹਰ ਅਪਨਾ ਖਸਮੁ ਧਿਆਵਉ ॥
ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥
ਨਾਮੇ ਕਾ ਚਿਤੁ ਹਰਿ ਸਉ ਲਾਗਾ ॥
("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ,ਪੰ:485)

ਇਥੇ ਇਕ ਮਾਨਵੀ ਕਿੱਤੇ ਦੀ ਤਸਵੀਰ ਵਿਖਾ ਕੇ ਉਸਦਾ ਅਧਿਆਤਮੀਕਰਣ ਕੀਤਾ ਗਿਆ ਹੈ। ਇਉਂ ਇਹ ਸਾਂਗ ਰੂਪਕ ਹੈ। ਹੋਰ ਉਦਾਹਰਣ ਵੇਖੋ :

ਮਾਇਆ ਨਾਮੁ ਗਰਭ ਜੋਨਿ ਕ ਤਿਹ ਤਜਿ ਦਰਸਨ ਪਾਵਉ ॥
("ਆਦਿ ਗ੍ਰੰਥ",ਰਾਗ ਧਨਾਸਰੀ ਨਾਮਦੇਵ,ਪੰ:693)

ਉਲੇਖ :

ਇਹ ਵੀ ਸਾਂਝਮੂਲਕ ਅਲੰਕਾਰ ਹੈ। ਜਿਥੇ ਇਕੋ ਹੀ ਵਿਸ਼ੈ-ਵਸਤੂ ਦਾ ਵੱਖਰੇ ਵੱਖਰੇ ਕਾਰਨਾਂ ਕਰਕੇ ਕਈ ਤਰ੍ਹਾਂ ਨਾਲ ਵਰਣਨ ਕੀਤਾ ਜਾਵੇ ਉਥੇ ਉਲੇਖ ਅਲੰਕਾਰ ਮੰਨਿਆ ਜਾਂਦਾ ਹੈ। 'ਤਿਲੰਗ ਰਾਗ' ਵਿਚ ਭਗਤ ਨਾਮਦੇਵ ਦਾ ਇਕ ਸ਼ਬਦ ਉਲੇਖ ਅਲੰਕਾਰਾਂ ਭਰਪੂਰ ਹੈ :

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ।।
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ।।ਰਹਾਉ।।
ਕਰੀਮਾਂ ਰਹੀਮਾਂ ਅਲਾਹ ਤੂ ਗਨੀ ।।
ਹਾਜਰਾ ਹਜੂਰਿ ਦਰਿ ਪੇਸਿ ਤੂ ਗਨੀ ।।
ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ।।
ਦੇਹਿ ਲੇਹਿ ਏਕ ਤੂ ਦਿਗਰ ਕੋ ਨਹੀ ।।
ਤੂ ਦਾਨਾ ਤੂ ਬੀਨਾ ਮੈ ਬੀਚਾਰ ਕਿਆ ਕਰੀ ।।
ਨਾਮੇ ਰੇ ਸੁਆਮੀ ਬਖਸੰਦ ਤੂ ਹਰੀ ।।
("ਆਦਿ ਗ੍ਰੰਥ", ਰਾਗ ਤਿਲੰਗ ਨਾਮਦੇਵ, ਪੰ:727)

ਇਥੇ ਪਰਮਾਤਮਾ ਦਾ ਅਨੇਕਾਂ ਰੂਪਾਂ ਵਿਚ ਬਿਆਨ ਉਪਲਬਧ ਹੈ ।

ਦ੍ਰਿਸ਼ਟਾਂਤ :

ਇਹ ਅਲੰਕਾਰ ਨਾਮਦੇਵ ਥਾਂ ਪਰ ਥਾਂ ਵਰਤਦੇ ਹਨ । ਗਉੜੀ, ਪ੍ਰਭਾਤੀ, ਗੂਜਰੀ, ਧਨਾਸਰੀ, ਗੌਂਡ, ਰਾਮਕਲੀ, ਭੈਰਉ ਆਦਿ ਰਾਗਾਂ ਵਿਚ ਇਸ ਅਲੰਕਾਰ ਦੀ ਬਹੁਲਤਾ ਹੈ । ਉਦਾਹਰਣ :

ਦਾਸੀ ਸੁਤ ਜਨੁ ਬਿਪਰ ਸੁਦਾਮਾ ਉਗਰਸੈਨ ਕਉ ਰਾਜ ਦੀਏ ।।
ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੈ।।
( "ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 354)

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ।।
ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ ।।
ਸਰਬ ਸੋਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ।।
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ।।
ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ।।
ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ ।।
("ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ: 692)

'ਧਨਾਸਰੀ ਰਾਗ' ਦੇ ਨਿਮਨ ਲਿਖਿਤ ਸ਼ਬਦ ਵਿਚ ਆਪ ਵੱਖ ਵੱਖ ਦ੍ਰਿਸ਼ਟਾਂਤ ਵਰਤਕੇ ਬੀਠਲੁ ਪ੍ਰਤੀ ਆਪਣਾ ਪ੍ਰੇਮ ਵਿਅਕਤ ਕਰਦੇ ਹਨ :

ਜਿਉ ਧਰਣੀ ਕਉ ਇੰਦੁ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ।।
ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ।।
ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ।।
ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ।।
ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ ।।
ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ।।
("ਆਦਿ ਗ੍ਰੰਥ", ਪੰ:693)

(ਅ) ਵਿਰੋਧਮੂਲਕ ਅਲੰਕਾਰ :

ਅਜਿਹੇ ਅਲੰਕਾਰਾਂ ਦੇ ਗਰਭ ਵਿਚ ਵਿਰੋਧ ਦਾ ਅੰਸ਼ ਰਹਿੰਦਾ ਹੈ ਜੋ ਕਿ ਸੱਚਾ ਨਹੀਂ, ਸਗੋਂ ਕਲਪਿਤ ਜਿਹਾ ਹੁੰਦਾ ਹੈ । ਇਨ੍ਹਾਂ ਅਲੰਕਾਰਾਂ ਵਿਚ ਵਿਰੋਧਾਭਾਸ, ਵਿਭਾਵਨਾ, ਅਸੰਗਤੀ ਤੇ ਵਿਸ਼ਮ ਆਦਿ ਮਸ਼ਹੂਰ ਹਨ। ਰਾਮ ਦਹਿਨ ਮਿਸ਼੍ਰ ਅਨੁਸਾਰ ਅਜਿਹੇ ਅਲੰਕਾਰਾਂ ਦੀ ਗਿਣਤੀ ਬਾਰਾਂ ਹੈ ।[1]

ਵਿਰੋਧਾਭਾਸ :

ਜਿਥੇ ਵਿਰੋਧ ਕੇਵਲ ਦਿਸਦਾ ਹੋਵੇ ਅਸਲ ਵਿਚ ਨ ਹੋਵੇ, ਉਥੇ ਵਿਰੋਧਾਭਾਸ਼ ਅਲੰਕਾਰ ਹੁੰਦਾ ਹੈ ।[2] ਭਗਤ ਨਾਮਦੇਵ-ਕਾਵਿ ਵਿਚੋਂ ਵੀ ਵਿਰੋਧਾਭਾਸ ਮਿਲਦਾ ਹੈ:

ਜਲ ਤੇ ਤਰੰਗ ਤਰੰਗ ਤੇ ਹੈ ਜਲੁ
ਕਹਨ ਸੁਨਨ ਕਉ ਦੂਜਾ ।।
("ਆਦਿ ਗ੍ਰੰਥ", ਰਾਗ ਸਾਰੰਗ ਨਾਮਦੇਵ, ਪੰ:1252)

ਵਿਭਾਵਨਾ :

ਜਦੋਂ ਕਿਸੇ ਮਸ਼ਹੂਰ ਕਾਰਨ ਤੋਂ ਬਿਨਾਂ ਕੰਮ ਹੁੰਦਾ ਦਸਿਆ ਜਾਂਦਾ ਹੈ :[3]

---

1. ਰਾਮ ਦਹਿਨ ਮਿਸ਼੍ਰ, "ਕਾਵਯ ਦਰਪਣ", ਪੰ: 395.
2. ਉਹੀ, ਪੰ: 396.
3. ਉਹੀ, ਪੰ: 395.

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ।।
ਜਲ ਕੀ ਮਛੁਲੀ ਚਰੈ ਖਜੂਰਿ ।।
ਕਾਇ ਰੇ ਬਕਬਾਦ ਲਾਇਓ ।।
ਜਿਨਿ ਹਰਿ ਪਾਇਓ ਤਿਨਹਿ ਛਪਾਇਓ ।। ਰਹਾਉ ।।
("ਆਦਿ ਗ੍ਰੰਥ", ਰਾਗ ਟੋਡੀ ਨਾਮਦੇਵ, ਪੰ:718)

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਕਾਰਣ ਦੇ ਨਾ ਹੋਣ ਪੁਰ ਭੀ ਕਾਰਯ ਦੀ ਉਤਪਤੀ ਕਹਿਣਾ ਵਿਭਾਵਨਾ ਹੈ।"[1]

(ੲ) ਤਰਕਮੂਲਕ ਅਲੰਕਾਰ :

ਅਜਿਹੀ ਪ੍ਰਕਾਰ ਦੇ ਅਲੰਕਾਰ ਤਰਕ ਤੇ ਆਧਾਰਿਤ ਹੁੰਦੇ ਹਨ। ਇਨ੍ਹਾਂ ਅਲੰਕਾਰਾਂ ਦੇ ਅੰਤਰਗਤ ਕਹੀ ਹੋਈ ਗੱਲ ਨੂੰ ਤਰਕ ਜਾਂ ਵਿਚਾਰ ਰਾਹੀਂ ਸਿੱਧ ਕੀਤਾ ਜਾਂਦਾ ਹੈ । ਇਸ ਸ਼੍ਰੇਣੀ ਵਿਚ ਕਾਵਿ ਲਿੰਗ ਤੇ ਅਨੁਮਾਨ ਅਲੰਕਾਰ ਆਉਂਦੇ ਹਨ ।

ਕਾਵਿ ਲਿੰਗ :

ਕਿਸੇ ਗੱਲ ਨੂੰ ਸਧਾਰਣ ਤੌਰ ਤੇ ਕਹਿਕੇ ਤਰਕ ਨਾਲ ਨਿਭਾਉਣਾ ਜਾਂ ਦਲੀਲ ਨਾਲ ਉਸਦੀ ਪੁਸ਼ਟੀ ਕਰ ਦੇਣਾ ਕਾਵਿ ਲਿੰਗ ਅਲੰਕਾਰ ਹੁੰਦਾ ਹੈ ।[2] ਭਗਤ ਨਾਮਦੇਵ ਦਾ ਇਕ ਪਦਾ ਹੈ :

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ।।
ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾ ਤੇ ਆਇਆ ।।
ਰਾਮ ਕੋਇ ਨ ਕਿਸਹੀ ਕੇਰਾ ।।
ਜੈਸੇ ਤਰਵਰਿ ਪੰਖਿ ਬਸੇਰਾ।। ਰਹਾਉ ।।
("ਆਦਿ ਗ੍ਰੰਥ", ਰਾਗ ਰਾਮਕਲੀ ਨਾਮਦੇਵ, ਪੰ:973)

(ਸ) ਗੂੜ੍ਹ ਅਰਥ ਪ੍ਰਤੀਤੀ ਮੂਲਕ ਅਲੰਕਾਰ :

ਉਨ੍ਹਾਂ ਅਲੰਕਾਰਾਂ ਵਿਚ ਜਿਨ੍ਹਾਂ ਦੀ ਤਹਿ ਵਿਚ ਟੋਕ ਜਾਂ ਵਿਅੰਗ ਛੁਪਿਆ ਹੁੰਦਾ

---

1. "ਮਹਾਨ ਕੋਸ਼", ਪੰ:826.
2. ਵਿਸ਼੍ਵ ਨਾਥ, "ਸਾਹਿਤਯ ਦਰਪਣ", ਪੰ:543.

ਹੈ ਅਤੇ ਕਈ ਵਾਰ ਜਿਨ੍ਹਾਂ ਦਾ ਵੱਖਰਾ ਅਰਥ ਹੋਰ ਹੁੰਦਾ ਹੈ, ਪਰ ਗੂੜ੍ਹ ਅਰਥ ਕੁਝ ਹੋਰ ਹੈ, ਅਜਿਹੇ ਅਲੰਕਾਰਾਂ ਨੂੰ ਗੂੜ੍ਹ ਅਰਥ ਮੂਲਕ ਅਲੰਕਾਰ ਕਿਹਾ ਜਾਂਦਾ ਹੈ। ਅਜਿਹੇ ਅਲੰਕਾਰਾਂ ਦੀ ਇਕ ਸੁੰਦਰ ਉਦਾਹਰਣ 'ਵਕ੍ਰੋਕਤਿ' ਹੈ। ਨਾਮਦੇਵ-ਕਾਵਿ ਵਿਚ ਇਸ ਦੀ ਵੀ ਵਰਤੋਂ ਕੀਤੀ ਗਈ ਹੈ :

ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ।।
ਅੰਤਰਜਾਮੀ ਰਾਮੁ ਰਵਾਈ ਮੈ ਡਰੁ ਕੈਸੇ ਚਹੀਐ ।।
("ਆਦਿ ਗ੍ਰੰਥ", ਰਾਗ ਪ੍ਰਭਾਤੀ ਨਾਮਦੇਵ, ਪੰ: 1350)

ਬਿੰਬ ਯੋਜਨਾ :

ਸੁਹਜ ਤੱਤਾਂ ਵਿਚ ਬਿੰਬ ਵਿਧਾਨ ਇਕ ਹੋਰ ਹੁਨਰ-ਜੁਗਤੀ ਹੈ ਜਿਸ ਨਾਲ ਕਾਵਿ-ਸੌਂਦਰਯ ਨੂੰ ਚਾਰ ਚੰਨ ਲਗ ਜਾਂਦੇ ਹਨ । ਡਾ. ਗੁਰਚਰਨ ਸਿੰਘ ਮਹਿਤਾ ਅਨੁਸਾਰ "ਬਿੰਬ ਕਵਿਤਾ ਦਾ ਉਹ ਅੰਸ਼ ਹੁੰਦਾ ਹੈ ਜਿਹੜਾ ਭਾਵ ਤੋਂ ਲੈ ਕੇ ਸ਼ੈਲੀ ਤਕ ਅਤੇ ਵਸਤੂ ਤੋਂ ਲੈ ਕੇ ਰੂਪ ਤਕ ਪਸਰਿਆ ਰਹਿੰਦਾ ਹੈ ।"[1] ਅੰਗ੍ਰੇਜ਼ੀ ਵਿਦਵਾਨ ਏ. ਮੈਕਲੀਸ਼ ਅਨੁਸਾਰ "ਬਿੰਬ ਕਵਿਤਾ ਅਤੇ ਉਸ ਦੇ ਸ਼ਿਲਪ ਦੇ ਜ਼ਰੂਰੀ ਤੱਤ ਹੁੰਦੇ ਹਨ ।"[2]

ਬਿੰਬ ਕਵੀ ਦੁਆਰਾ ਕਲਪਿਆ ਅਜਿਹਾ ਚਿਤ੍ਰ ਹੈ, ਜਿਸ ਰਾਹੀਂ ਕਵੀ ਆਪਣੇ ਮਨੋਵੇਗਾਂ ਨੂੰ ਸਾਕਾਰ ਕਰਦਾ ਹੈ । ਇਸ ਤਰ੍ਹਾਂ ਅਮੂਰਤ ਭਾਵਾਂ ਦਾ ਮੂਰਤੀਮਾਨ ਕਰਨਾ ਹੀ ਇਸਦਾ ਕਾਰਜ ਹੈ।[3] ਬਿੰਬ ਕਿਸੇ ਵਸਤੂ ਦੀ ਨਕਲ ਮਾਤ੍ਰ ਹੀ ਨਹੀਂ ਹੁੰਦਾ

---

1. "ਡਾ. ਭਾਈ ਵੀਰ ਸਿੰਘ ਜੀ ਦੀ ਕਵਿਤਾ", ਪੰ: 359.

2. "Images are elements of the poem, elements of its structure, and if they to be read, they must be read in this fashion."

   "Poetry and Experience", Page 55.

3. "The purpose of an image in poetry is to define the emotional experience of intellectual parallel."

   Joan Bannet, "Five Metaphysical Poets", Page 31.

ਸਗੋਂ ਇਸ ਵਿਚ ਵਿਚਾਰ ਇਸ ਢੰਗ ਨਾਲ ਪਰੋਇਆ ਹੁੰਦਾ ਹੈ, ਜਿਹੜਾ ਉਸ ਚੀਜ਼ ਦੀ ਕਿਸੇ ਇੰਦ੍ਰਿਆਈ ਵਿਸ਼ੇਸ਼ਤਾ ਉਤੇ ਧਿਆਨ ਕੇਂਦ੍ਰਤ ਕਰਾ ਦਿੰਦਾ ਹੈ ।[1] ਇਸ ਕਾਵਿ ਵਿਚ ਸੰਵੇਦਨਾਤਮਿਕਤਾ, ਅਲੰਕਰਣ ਕਰਮਬੱਧਤਾ, ਅੰਦਰੂਨੀ ਤੇ ਬੈਰੂਨੀ ਭਾਵਨਾਤਮਕ ਸੰਬੰਧ, ਅਮੂਰਤ ਦੇ ਮੂਰਤੀਮਾਨ ਕਰਨ ਤੇ ਮਾਰਮਿਕ ਭਾਵਾਂ ਦੀ ਅਭਿਵਿਅਕਤੀ ਕਰਦਾ ਹੈ ।

<u>ਭਗਤ ਨਾਮਦੇਵ ਦੀ ਬਿੰਬਾਵਲੀ :</u>

ਦੂਸਰੇ ਮੱਧਕਾਲੀ ਕਵੀਆਂ ਵਾਂਗ ਭਗਤ ਨਾਮਦੇਵ ਦੇ ਕਾਵਿ ਵਿਚੋਂ ਬਿੰਬਾਂ ਦਾ ਦੀਰਘ ਸਮਾਵੇਸ਼ ਹੈ ਜਿਸ ਦੇ ਮੁੱਖ ਆਧਾਰ ਹਨ : ਪ੍ਰਾਕ੍ਰਿਤਿਕ ਅਤੇ ਜੀਵਨਗਤ ।

<u>ਪ੍ਰਾਕ੍ਰਿਤਿਕ ਆਧਾਰ :</u>

ਭਗਤ ਨਾਮਦੇਵ ਨੇ ਆਪਣੇ ਮਨੋਭਾਵਾਂ ਨੂੰ ਅਭਿਵਿਅਕਤ ਕਰਨ ਲਈ ਪ੍ਰਕ੍ਰਿਤੀ ਦੇ ਦ੍ਰਿਸ਼ਾਂ ਤੇ ਵਸਤੂਆਂ ਨੂੰ ਉਚਿਤ ਸਮੱਗਰੀ ਦੇ ਰੂਪ ਵਿਚ ਵਰਤਿਆ ਹੈ । ਆਪ ਦੇ ਪ੍ਰਾਕ੍ਰਿਤਿਕ ਬਿੰਬਾਂ ਦੀਆਂ ਕੁਝ ਉਦਾਹਰਣਾਂ ਪ੍ਰਸਤੁਤ ਹਨ:( ਜਲ-ਤਰੰਗ, ਫੇਨ-ਬੁਦਬਦਾ)[2], ਜਲ-ਮਾਛੁਲੋ[3], ਕੁੰਭ-ਉਦਕ[4], ਆਕਾਸੈ-ਪੰਖੀਅਲੋ[5], ਕੁਸਮ-ਬਾਸ-ਭਵਰਲੋ[6],( ਚਕਵੀ

---

1. "What gives an image efficiency is less its vividness as an image than its character as a mental event peculiarly connected with sensation."

   I.A.Richards, "Principles of Literary Criticism",P.119.

2. ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ।।

   "ਆਦਿ ਗ੍ਰੰਥ", ਪੰ: 485.

3. ਜਿਉ ਜਲ ਮਾਝੈ ਮਾਛੁਲੋ ਮਾਰਗ ਪੇਖਣੋ ਨ ਜਾਈ ।।

   "ਉਹੀ", ਪੰ: 525.

4. ਆਨੀਲੇ ਕੁੰਭ ਭਰਾਈਲੇ ਉਦਕ ਠਾਕੁਰ ਕਉ ਇਸਨਾਨੁ ਕਰਉ।।

   "ਉਹੀ", ਪੰ: 485.

5. ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ।।

   "ਉਹੀ", ਪੰ: 525.

6. ਜਿਉ ਧਰਣੀ ਕਉ ਇੰਦ੍ਰ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ।।

   "ਉਹੀ", ਪੰ: 693.

ਸੂਰ, ਮਾਨਸਰੋਵਰ-ਹੰਸ)[1], ਫੂਲ-ਮਾਲਾ[2] ਆਦਿ ।

ਜੀਵਨਰਤ ਆਧਾਰ :

ਪ੍ਰਕ੍ਰਿਤੀ ਤੋਂ ਅਤਿਰਿਕਤ ਭਗਤ ਨਾਮਦੇਵ ਨੇ ਸਮਾਜਕ ਜੀਵਨ ਵਿਚੋਂ ਵੀ ਬਿੰਬ ਸਮੱਗਰੀ ਨੂੰ ਪ੍ਰਾਪਤ ਕੀਤਾ ਹੈ । ਜੀਵਨ ਦੇ ਹਰ ਪੱਖ -ਸਮਾਜਕ, ਧਾਰਮਿਕ, ਰਾਜਨੀਤਕ, ਆਰਥਿਕ ਆਦਿ ਵਿਚੋਂ ਲਏ ਗਏ ਬਿੰਬ ਹਨ, ਜੋ ਕਿ ਭਗਤ ਨਾਮਦੇਵ ਦੀ ਸਮਾਜਕ ਚੇਤੰਨਤਾ ਨੂੰ ਉਭਾਰਦੇ ਹਨ। ਆਪ ਦਾ ਆਪਣਾ ਕਿੱਤਾ ਕੱਪੜੇ ਰੰਗਣ ਤੇ ਸੀਊਣ ਦਾ ਸੀ । ਰੰਗਣ ਤੇ ਸੀਊਣ (ਦਰਜ਼ੀ) ਦੇ ਕੰਮ ਰਾਹੀਂ ਵੀ ਆਪ ਅਧਿਆਤਮਕ ਅਰਥ ਮੂਰਤੀਮਾਨ ਕਰਨ ਵਿਚ ਪੂਰਨ ਰੂਪ ਵਿਚ ਸਫਲ ਹੋਏ ਹਨ :

ਰਾਗਨਿ ਰਾਂਗਉ ਸੀਵਨਿ ਸੀਵਉ ।।
ਰਾਮ ਨਾਮ ਬਿਨ ਘਰੀਆ ਨ ਜੀਵਉ ।।
("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 485)

ਅਤੇ

ਸੁਇਨੇ ਕੀ ਸੂਈ ਰੁਪੇ ਕੀ ਧਾਗਾ ।।
ਨਾਮੇ ਕਾ ਚਿਤੁ ਹਰਿ ਸਿਉ ਲਾਗਾ ।।
("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 485)

ਹਰ ਕਵੀ ਦਾ ਬਿੰਬ-ਵਿਧਾਨ ਉਸ ਦੀ ਸੰਵੇਦਨਸ਼ੀਲਤਾ ਨੂੰ ਪ੍ਰਗਟ ਕਰਦਾ ਹੈ । ਕਵੀ ਦੀ ਤੀਬਰ ਸੰਵੇਦਨਾ ਸਭ ਤੋਂ ਵਧੇਰੇ ਬਿੰਬਾਂ ਦੀ ਸ੍ਰਿਸ਼ਟੀ ਕਰਦੀ ਹੈ । ਵਧੇਰੇ ਬਿੰਬ ਮਿਸ਼ਰਤ ਸੰਵੇਦਨਾਵਾਂ ਨੂੰ ਸਪਸ਼ਟ ਕਰਦੇ ਹਨ।[3] ਸੰਵੇਦਨਾਵਾਂ ਦੇ ਆਧਾਰ ਤੇ ਬਿੰਬਾਂ

---

1. ਚਕਵੀ ਕਉ ਜੈਸੇ ਸੂਰ ਬਾਲਹਾ ਮਾਨ ਸਰੋਵਰ ਹੰਸੁਲਾ ।।
("ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ: 693)
2. ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ।।
("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 485)
3. "ਡਾ. ਭਾਈ ਵੀਰ ਸਿੰਘ ਜੀ ਦੀ ਕਵਿਤਾ", ਪੰ: 363.

ਨੂੰ ਪੰਜਾਂ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

1. ਦ੍ਰਿਸ਼ਟੀਪਰਕ ( visual)
2. ਸਪਰਸ਼ਪਰਕ ( tactual)
3. ਨਾਦਪਰਕ ( auditory)
4. ਗੰਧਪਰਕ (olfactory
5. ਸਵਾਦਪਰਕ (Cjustatory)

ਅਸਲ ਵਿਚ ਬਿੰਬਾਂ ਦੀ ਪ੍ਰਕਾਰ ਵੰਡ ਮਨੁੱਖ ਦੀਆਂ ਗਿਆਨ-ਇੰਦਰੀਆਂ ਅੱਖ,ਨੱਕ,ਕੰਨ, ਤੁਚਾ ਅਤੇ ਜੀਭ ਆਦਿ ਦੇ ਅਨੁਸਾਰ ਕੀਤੀ ਗਈ ਹੈ।

ਭਗਤ ਨਾਮਦੇਵ ਦੇ ਕਾਵਿ ਵਿਚੋਂ ਉਪਲਬਧ ਬਿੰਬਾਂ ਨੂੰ ਵੀ ਵੱਖ ਵੱਖ ਸ਼੍ਰੇਣੀਆਂ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ, ਪਰੰਤੂ "ਅਧਿਕ ਗਿਣਤੀ ਦ੍ਰਿਸ਼ਟੀਪਰਕ ਬਿੰਬਾਂ ਦੀ ਹੋਣ ਕਰਕੇ"[1] ਇਹ ਹੀ ਸਭ ਤੋਂ ਵਧੀਕ ਮਾਤਰਾ ਵਿਚ ਮਿਲਦੇ ਹਨ। ਇਸਤੋਂ ਅਤਿਰਿਕਤ ਨਾਦ-ਪਰਕ ਤੇ ਸ਼ਬਦ-ਪਰਕ ਬਿੰਬ ਵੀ ਭਗਤ ਨਾਮਦੇਵ ਦੇ ਕਾਵਿ ਵਿਚ ਪਾਏ ਜਾਂਦੇ ਹਨ।

<u>ਦ੍ਰਿਸ਼ਟੀਪਰਕ ਬਿੰਬ :</u>

ਗਉੜੀ ਰਾਗ ਦਾ ਤੀਸਰਾ ਸ਼ਬਦ ਇਸਦੀ ਅਤਿ ਸੁੰਦਰ ਉਦਾਹਰਣ ਹੈ।[2]

---

1. "Visual images are the best known but it is important to recognise that every kind of sensation may have its corresponding images."

   I.A.Richards,"Principles of Literary Criticism",Page 106.

2. ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥
   ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥
   ਜਤ੍ਰ ਜਾਉ ਤਤ ਬੀਠਲੁ ਭੈਲਾ ॥
   ਮਹਾ ਅਨੰਦ ਕਰੇ ਸਦ ਕੇਲਾ॥ ਰਹਾਉ ॥
   ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥
   ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥
   ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥
   ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥
   ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥
   ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥

   ("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ:485)

ਨਾਦਪਰਕ ਬਿੰਬ : 'ਜਹ ਝਿਲਿ ਮਿਲਿ ਕਾਰੁ ਦਿਸੰਤਾ
ਤਹ ਅਨਹਦ ਸ਼ਬਦ ਬਜੰਤਾ ।।
("ਆਦਿ ਗ੍ਰੰਥ", ਰਾਗ ਸੋਰਠਿ ਨਾਮਦੇਵ,ਪੰ:656)

ਸਵਾਦਪਰਕ ਬਿੰਬ: 'ਬਾਰਿਕ ਕਉ ਜੈਸੇ ਖੀਰੁ ਬਾਲਹਾ
ਚਾਤ੍ਰਿਕ ਮੁਖ ਜੈਸੇ ਜਲ ਧਾਰਾ ।।
("ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ,ਪੰ:693)

ਭਗਤ ਨਾਮਦੇਵ ਦੇ ਕਲਾ-ਸ਼ਿਲਪ ਵਿਚ ਬਿੰਬਾਵਲੀ ਲਈ ਵਰਤੀ ਸਮੱਗਰੀ ਹਰ ਤਰ੍ਹਾਂ ਨਾਲ ਸੰਪੰਨ ਹੈ । ਉਂਞ ਵੀ ਬਿੰਬਾਵਲੀ ਤੋਂ ਸੱਖਣਾ ਕਾਵਿ ਨਿਰਾ ਹਵਾਈ ਤੇ ਅਮੂਰਤ ਹੁੰਦਾ ਹੈ ਅਤੇ ਸੁੱਕੀ ਦਲੀਲਬਾਜ਼ੀ ਤੋਂ ਕਵਿਤਾ ਨੂੰ ਉਪਰ ਚੁੱਕਣ ਦਾ ਸਿਹਰਾ ਬਿੰਬਾਵਲੀ ਦੇ ਸਿਰ ਹੈ । ਇਨ੍ਹਾਂ ਦੀ ਸੁਚੱਜੀ ਵਰਤੋਂ ਨਾਲ ਅਭਿਵਿਅਕਤੀ ਵਿਚ ਜਾਨ ਪੈਂਦੀ ਹੈ ਅਤੇ ਇਸਦੇ ਦੁਆਰਾ ਕਾਵਿ-ਕਲਾ ਵਿਚ ਗੌਰਵ,ਤੀਖਣਤਾ,ਸੰਗਠਨ,ਧੁਨੀਆਂ, ਗਤੀਆਂ,ਖੂਬਸੂਰਤੀਆਂ ਤੇ ਰੰਗੀਨੀਆਂ ਪੈਦਾ ਹੁੰਦੀਆਂ ਹਨ।[1] ਇਸ ਤਰ੍ਹਾਂ ਬਿੰਬਾਵਲੀ ਨੇ ਆਪ ਦੇ ਕਾਵਿ ਨੂੰ ਸੌਂਦਰਯ ਤੇ ਸੁਚੱਜਤਾ ਪ੍ਰਦਾਨ ਕੀਤੀ ਹੈ ।

ਪ੍ਰਤੀਕ ਯੋਜਨਾ :

ਵਿਸ਼ਵਕੋਸ਼ ਵਿਚ ਪ੍ਰਤੀਕ ਦੇ ਲੱਛਣ ਦਿੰਦੇ ਹੋਏ ਕਿਹਾ ਗਿਆ ਹੈ ਕਿ "ਅਮੂਰਤ ਦਾ ਮੂਰਤ ਦੁਆਰਾ ਪ੍ਰਸਤੁਤੀਕਰਣ ਪ੍ਰਤੀਕ ਹੈ"।[2] ਕਾਵਿ-ਅਭਿਵਿਅੰਜਨਾ ਦੀ ਸੂਹਜ-ਸਮਰੱਥਾ

---

1. "Without imagery poetry would be abstract;and it would lack those qualities which raise it above clear,logical expression. It is imagery which vitalises such expression,infusing it with copious suggestions of weights,buoyances,textures,sounds,movements,shapes and colours."

   P.Gurrey, "The Appreciation of Poetry", Page 46.

2. "The term symbol given to visible object representing to the mind the resemblance of something which is not shown but realised by association with it."

   "Encyclopaedia Britannica", Vol.21, Page 700.

ਪ੍ਰਤੀਕ ਉਤੇ ਹੀ ਨਿਰਭਰ ਕਰਦੀ ਹੈ । ਪ੍ਰਤੀਕ ਕਵੀ ਦਾ ਅਜਿਹਾ ਸਾਧਨ ਹੈ ਜਿਸ ਵਿਚ ਗੋਚਰ ਅਤੇ ਅਗੋਚਰ, ਦ੍ਰਿਸ਼ਟ ਤੇ ਅਦ੍ਰਿਸ਼ਟ ਤੇ ਮੂਰਤ ਤੇ ਅਮੂਰਤ ਵਸਤੂਆਂ ਦੇ ਅਰਥ ਗੂੰਜਦੇ ਰਹਿੰਦੇ ਹਨ ।[1] ਵੈਬਸਟਰ ਨੇ ਪ੍ਰਤੀਕ ਦੇ ਵਿਸ਼ੇ ਵਿਚ ਦਸਿਆ ਹੈ ਕਿ ਪ੍ਰਤੀਕ ਆਪਣੇ ਸੰਬੰਧ ਰੂੜ੍ਹੀ ਅਥਵਾ ਸੰਜੋਗ ਨਾਲ ਕਿਸੇ ਹੋਰ ਵਸਤੂ ਵੱਲਸੰਕੇਤ ਕਰਦਾ ਹੈ, ਪਰੰਤੂ ਇਸ ਦਾ ਉਦੇਸ਼ ਸਮਾਨਤਾ ਤੇ ਦ੍ਰਿਸ਼ਟਮਾਨਤਾ ਨਹੀਂ, ਸਗੋਂ ਇਹ ਕਿਸੇ ਅਦ੍ਰਿਸ਼ਟ ਵਸਤੂ ਦਾ ਦ੍ਰਿਸ਼ਟ ਸੰਕੇਤ ਹੁੰਦਾ ਹੈ ।[2] ਪੱਛਮੀ ਵਿਦਵਾਨਾਂ ਦੇ ਪ੍ਰਤੀਕ ਸੰਬੰਧੀ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਪ੍ਰਤੀਕ ਕਿਸੇ ਅਦ੍ਰਿਸ਼ਟ ਜਾਂ ਅਵਿਅਕਤ ਸੱਤਾ ਦਾ ਦ੍ਰਿਸ਼ਟ ਅਤੇ ਵਿਅਕਤ ਰੂਪ ਹੈ ।

ਪ੍ਰਤੀਕ ਅਸਲ ਵਿਚ ਬਿੰਬ ਹੀ ਹੁੰਦੇ ਹਨ, ਪਰੰਤੂ ਕਾਵਿ ਵਿਚ ਨਿਰੰਤਰ ਪ੍ਰਯੁਕਤ ਹੁੰਦਿਆਂ ਉਹ ਪ੍ਰਤੀਕ ਦਾ ਸਰੂਪ ਧਾਰਨ ਕਰ ਲੈਂਦੇ ਹਨ ।[3] ਪ੍ਰਤੀਕ ਵਿਧਾਨ ਵਿਚ ਉਪਮਯ ਤਾਂ ਉਕਾ ਹੀ ਲੋਪ ਹੋ ਜਾਂਦਾ ਹੈ ਜਦੋਂ ਕਿ ਰੂਪਕ ਵਿਚ ਉਪਮੇਯ ਤੇ ਉਪਮਾਨ ਇਕ ਰੂਪ ਹੁੰਦੇ ਹਨ ਅਤੇ ਦੋਵੇਂ ਸਾਹਮਣੇ ਜ਼ਰੂਰ ਹੁੰਦੇ ਹਨ ।

ਭਗਤ ਨਾਮਦੇਵ ਦੇ ਕਾਵਿ ਵਿਚ ਅਭਿਵਿਅੰਜਨਾ ਦਾ ਨਿਖਾਰ ਲਿਆਉਣ ਲਈ ਪ੍ਰਤੀਕ ਯੋਜਨਾ ਨੇ ਇਕ ਮਹੱਤਵਪੂਰਣ ਭੂਮਿਕਾ ਨਿਭਾਈ ਹੈ । ਅਸੀਂ ਆਪ ਦੇ ਪ੍ਰਤੀਕਾਂ

---

1. "Symbolism purneys a puper intuition of a higher or more important kind of reality and uses words not less but more meaningful than is usual."

   Winifred Nowottny, "The Language Poets Use", Page 174.

2. "Symbol is that which stands or suggests something by reason of relationship,association,convention or accident but not intentional resemblance,especially a visible sign for something invisible,as an idea, a quality or a totality."

   Webster quoted by William Tindall,"The Literary Symbol", Page 67.

3. "An image may be invoked once as a metaphor but if it persistently recurs,both as presentation and representation,it becomes a symbol."

   Welleck and Warren, "Theory of Literature", Page 194.

   "ਡਾ.ਭਾਈ ਵੀਰ ਸਿੰਘ ਜੀ ਦੀ ਕਵਿਤਾ", ਪੰ:346 ਤੋਂ ਉਦ੍ਰਿਤ ।

ਨੂੰ ਮੁੱਖ ਰੂਪ ਵਿਚ ਦੋ ਭਾਗਾਂ ਵਿਚ ਵੰਡ ਸਕਦੇ ਹਾਂ । ਰੂੜ੍ਹੀਗਤ ਪ੍ਰਤੀਕ ਅਤੇ ਪ੍ਰਾਕ੍ਰਿਤਕ ਪ੍ਰੀਤਕ ।

ਰੂੜ੍ਹੀਗਤ ਪ੍ਰਤੀਕ :

ਰੂੜ੍ਹ ਪ੍ਰਤੀਕਾਂ ਦਾ ਪਹਿਲਾ ਰੂਪ ਪਰੰਪਰਾਗਤ ਹੈ । ਭਗਤ ਨਾਮਦੇਵ ਨੇ ਪੰਜਾਬੀ ਵਿਚ ਸਰਵ-ਪ੍ਰਥਮ ਇਨ੍ਹਾਂ ਪ੍ਰਤੀਕਾਂ ਦੀ ਵਰਤੋਂ ਕੀਤੀ। ਬਾਅਦ ਵਿਚ ਸਾਰੇ ਹੀ ਮੱਧਕਾਲੀਨ ਭਗਤਾਂ ਤੇ ਗੁਰੂ-ਕਵੀਆਂ ਨੇ ਪ੍ਰਤੀਕਾਂ ਦੀ ਪਰੰਪਰਾਗਤ ਸ਼੍ਰੇਣੀ ਨੂੰ ਅਪਣਾਇਆ। ਭਗਤ ਨਾਮਦੇਵ ਦੁਆਰਾ ਵਰਤੇ ਗਏ ਪਰੰਪਰਾਗਤ ਸ਼੍ਰੇਣੀ ਦੇ ਅੰਤਰਗਤ ਰੱਖੇ ਜਾਣ ਵਾਲੇ ਪ੍ਰਤੀਕ ਨਿਮਨ ਅਨੁਸਾਰ ਹਨ :

ਜਲ: ਜਲ ਭੀਤਰਿ ਕੁੰਭ ਸਮਾਨਿਆ।। ਸਭ ਰਾਮ ਏਕੁ ਕਰਿ ਜਾਨਿਆ ।।

("ਆਦਿ ਗ੍ਰੰਥ", ਰਾਗ ਸੋਰਠਿ ਨਾਮਦੇਵ, ਪੰ: 657)

ਮ੍ਰਿਗ: ਜਿਉ ਅਕਾਸੈ ਘੜੂ ਅਲੋ ਮ੍ਰਿਗ ਤ੍ਰਿਸਨਾ ਭਰਿਆ ।।

(ਆਦਿ ਗ੍ਰੰਥ", ਰਾਗ ਗੂਜਰੀ ਨਾਮਦੇਵ, ਪੰ: 525)

ਜੋਤਿ: ਜੋਤੀ ਜੋਤਿ ਸਮਾਨੀ ।। ਮੈ ਗੁਰਪਰਸਾਦੀ ਜਾਨੀ ।।

("ਆਦਿ ਗ੍ਰੰਥ", ਰਾਗ ਸੋਰਠਿ ਨਾਮਦੇਵ, ਪੰ: 656)

ਪਾਰਸ: ਮਿਲ ਪਾਰਸ ਕੰਚਨ ਹੋਇਆ ।।
ਮੁਖ ਮਨਸਾ ਰਤਨ ਪਰੋਇਆ ।।

("ਆਦਿ ਗ੍ਰੰਥ", ਰਾਗ ਸੋਰਠਿ ਨਾਮਦੇਵ, ਪੰ: 657)

ਮਿਥਿਹਾਸਕ ਤੇ ਇਤਿਹਾਸਕ ਪ੍ਰਤੀਕ :

ਵਿਦਵਾਨ ਜਾਂ ਦੀਰਘ-ਅਨੁਭਵੀ ਕਵੀ ਅਤਿ ਪ੍ਰਸਿੱਧ ਅਤੇ ਬਹੁਚਰਚਿਤ ਗਾਥਾਵਾਂ, ਪਾਤਰਾਂ ਤੇ ਘਟਨਾਵਾਂ ਨੂੰ ਵੀ ਕਾਵਿ ਦੇ ਸੁਬੋਧ ਤੇ ਸਪਸ਼ਟਤਾ ਲਈ ਅਪਣਾਉਂਦੇ ਹਨ । ਭਗਤ ਨਾਮਦੇਵ ਦੇ ਕਾਵਿ ਵਿਚੋਂ ਵੀ ਅਜਿਹੇ ਕਾਵਿ ਦੀਆਂ ਉਦਾਹਰਣਾਂ ਮਿਲਦੀਆਂ ਹਨ । ਵੇਖੋ :

1. ਤਾਰੀਲੇ ਗਨਿਕਾ ਬਿਨ ਰੂਪ ਕੁਬਿਜਾ
ਬਿਆਧਿ ਅਜਾਮਲ ਤਾਰੀਅਲੇ ।।

("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 354)

2. ਦਾਸੀ ਸੁਤ ਜਨ ਬਿਦਰ ਸੁਦਾਮਾ
ਉਗ੍ਰਸੈਨ ਕਉ ਰਾਜ ਦੀਏ ।।
("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 354)

3. ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ।।
("ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ: 692)

4. ਸਰਬ ਸੋਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ।।
("ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ: 692)

5. ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ।।
("ਆਦਿ ਗ੍ਰੰਥ", ਰਾਗ ਧਨਾਸਰੀ ਨਾਮਦੇਵ, ਪੰ: 692)

ਭਗਤ ਨਾਮਦੇਵ ਦੇ ਕਾਵਿ ਵਿਚ ਪਰੰਪਰਾਗਤ ਪ੍ਰਤੀਕਾਂ ਦੇ ਅਤਿਰਿਕਤ ਭਗਵਾਨ ਲਈ 'ਬੀਠਲ ਦਾ ਪ੍ਰਤੀਕ'[1] ਨਵੀਨ ਤੇ ਵਿਅਕਤੀਗਤ ਪ੍ਰਤੀਕਾਂ ਦੇ ਦਾਇਰੇ ਅੰਦਰ ਆਉਂਦਾ ਹੈ ਜਿਸ ਦੀ ਕਿ ਭਗਤ ਨਾਮਦੇਵ ਨੇ ਨਿਰਗੁਣ-ਕਾਵਿ ਵਿਚ ਸਰਵ ਪ੍ਰਥਮ ਵਰਤੋਂ ਕੀਤੀ ।

ਛੰਦ-ਵਿਧਾਨ ਤੇ ਕਾਵਿ ਰੂਪ :

ਛੰਦ ਕਵਿਤਾ ਦਾ ਜ਼ਰੂਰੀ ਤੱਤ ਹੈ। ਪ੍ਰਾਚੀਨ ਸਾਹਿੱਤ ਵਿਚ ਤਾਂ ਛੰਦ-ਰਹਿਤ-ਕਾਵਿ ਦੀ ਕਲਪਨਾ ਵੀ ਕੀਤੀ ਨਹੀਂ ਜਾ ਸਕਦੀ ਸੀ । ਛੰਦ ਵਿਦਿਆ ਦੇ ਇਕ ਜ਼ਰੂਰੀ ਹਿੱਸੇ ਵਜੋਂ ਸਮਝਿਆ ਜਾਂਦਾ ਸੀ । ਅਲਬੈਰੂਨੀ ਦੇ ਮੱਤ ਅਨੁਸਾਰ "ਛੰਦ ਹਿੰਦੂਆਂ ਲਈ ਅਜਿਹਾ ਜ਼ਰੂਰੀ ਇਲਮ ਹੈ ਕਿ ਉਹ ਇਸ ਤੋਂ ਅਣਗਹਿਲੀ ਨਹੀਂ ਕਰ ਸਕਦੇ।...

---

1. ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ।।
ਜਤ੍ਰ ਜਾਉ ਤਤ ਬੀਠਲੁ ਭੈਲਾ।। ਮਹਾ ਅਨੰਦ ਕਰੇ ਸਦ ਕੇਲਾ ।।
("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 485)

2. ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ।।
("ਆਦਿ ਗ੍ਰੰਥ", ਰਾਗ ਗੂਜਰੀ ਨਾਮਦੇਵ, ਪੰ: 525)

ਹਿੰਦੂਆਂ ਦੀਆਂ ਅਕਸਰ ਪੁਸਤਕਾਂ ਸਲੋਕਾਂ ਵਿਚ ਹਨ।[1] ਭਾਰਤ ਵਿਚ ਛੰਦ-ਸ਼ਾਸਤਰ ਜਾਂ ਪਿੰਗਲ ਸ਼ਾਸਤਰ ਦਾ ਸਭ ਤੋਂ ਪੁਰਾਣਾ ਗ੍ਰੰਥ 'ਛੰਦ ਸੂਤ੍ਰ' ਹੈ ਜਿਸ ਦਾ ਲੇਖਕ ਪਿੰਗਲ-ਆਚਾਰਯ ਸੀ। ਫ਼ਾਰਸੀ-ਅਰਬੀ ਵਿਚ ਛੰਦ-ਵਿਦਿਆ ਨੂੰ 'ਅਰੂਜ਼' ਕਿਹਾ ਗਿਆ ਹੈ। ਅੰਗ੍ਰੇਜ਼ੀ ਵਿਚ ਛੰਦ ਨੂੰ Meter ਅਤੇ ਛੰਦ-ਸ਼ਾਸਤਰ ਨੂੰ Metrics ਜਾਂ Prosody ਕਹਿੰਦੇ ਹਨ।

## ਛੰਦ ਕੀ ਹੈ ?

ਛੰਦ ਬਾਰੇ ਵਿਦਵਾਨਾਂ ਨੇ ਵਿਭਿੰਨ ਰਾਵਾਂ ਪ੍ਰਸਤੁਤ ਕੀਤੀਆਂ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਜਿਸ ਕਵਿਤਾ ਵਿਚ ਮਾਤਰਾ, ਅੱਖਰਗਣ, ਵਿਸ਼ਰਾਮ ਤੇ ਅਨੁਪ੍ਰਾਸ ਆਦਿ ਨਿਯਮਾਂ ਦੀ ਪਾਬੰਦੀ ਹੋਵੇ, ਉਹ ਛੰਦ ਕਹਾਉਂਦੀ ਹੈ।[2] ਅੱਖਰ, ਅੱਖਰਾਂ ਦੀ ਗਿਣਤੀ ਤੇ ਤਰਤੀਬ, ਮਾਤਰਾ ਦੀ ਗਿਣਤੀ ਤੇ ਬਿਸਰਾਮ ਆਦਿ ਨਾਲ ਸੰਬੰਧਿਤ ਖ਼ਾਸ ਨਿਯਮਾਂ ਅਧੀਨ ਰਚੀ ਗਈ ਪਦ ਰਚਨਾ ਛੰਦ ਕਹਾਉਂਦੀ ਹੈ।[3] ਨਿਯਮਤ ਕਾਵਿ-ਲੈ ਛੰਦ ਹੈ ਜਾਂ ਕਾਵਿ ਵਿਚ ਪ੍ਰਗਟ ਹੋਇਆ ਲੈਆਤਮਕ ਤੇ ਮਾਪਣਯੋਗ ਪੈਟਰਨ ਹੀ ਛੰਦ ਹੈ।[4] ਇਸ ਤਰ੍ਹਾਂ ਉਕਤ ਵਿਚਾਰਾਂ ਅਨੁਸਾਰ ਕਵਿਤਾ ਵਿਚ ਮਾਤਰਾਂ ਦੀ ਗਿਣਤੀ, ਸੁਰ ਤੇ ਬਿਸਰਾਮ ਆਦਿ ਦਾ ਖ਼ਿਆਲ ਰੱਖ ਕੇ ਤੁਕਾਂਤ-ਬਧ ਰਚਨਾ ਕਰਨਾ ਹੀ ਛੰਦ ਹੈ।

## ਛੰਦਾਂ ਦੇ ਭੇਦ :

ਅਸਲ ਵਿਚ ਛੰਦਾਂ ਦੇ ਦੋ ਵਰਗ ਹਨ: ਵਰਣਿਕ ਛੰਦ ਤੇ ਮਾਤ੍ਰਿਕ ਛੰਦ। ਵਰਣਾਂ

---

1. "ਕਿਤਾਬੁਲ ਹਿੰਦ", ਪੰ:66. "ਪਿੰਗਲ ਤੇ ਅਰੂਜ਼", ਜੋਗਿੰਦਰ ਸਿੰਘ, ਪੰਨਾ 2 ਤੋਂ ਉਧ੍ਰਿਤ।
2. "ਗੁਰਛੰਦ ਦਿਵਾਕਰ", ਪੰ:11.
3. "ਹਿੰਦੀ ਸਾਹਿਤਯ ਕੋਸ਼", ਪੰ:299.
4. "Meter : more or less regular poetic rythm, the measurable rythmical patterns manifested in verse."
   "Encyclopaedia of Poetry and Poetics", Page 496.

ਤੇ ਆਧਾਰਿਤ ਛੰਦ ਵਰਣਿਕ ਛੰਦ ਹਨ ਅਤੇ ਮਾਤਰਾਂ ਦੇ ਆਧਾਰ ਉਤੇ ਰਚੇ ਗਏ ਛੰਦਾਂ ਨੂੰ ਮਾਤ੍ਰਿਕ ਛੰਦ ਕਿਹਾ ਜਾਂਦਾ ਹੈ। ਮਾਤ੍ਰਿਕ ਛੰਦ ਦੇ ਤਿੰਨ ਪ੍ਰਮੁੱਖ ਭੇਦ ਹਨ:

(ੳ) ਸਮ ਮਾਤ੍ਰਿਕ ਛੰਦ

(ਅ) ਅਰਧ-ਸਮ ਮਾਤ੍ਰਿਕ ਛੰਦ

(ੲ) ਵਿਸ਼ਮ ਮਾਤ੍ਰਿਕ ਛੰਦ

ਜਿਵੇਂ ਕਿ ਨਾਮ ਤੋਂ ਸਪਸ਼ਟ ਹੈ ਸਮ ਮਾਤ੍ਰਿਕ ਛੰਦ ਵਿਚ ਚਾਰੇ ਤੁਕਾਂ ਵਿਚ ਮਾਤ੍ਰ ਦੀ ਗਿਣਤੀ ਬਰਾਬਰ ਰਹਿੰਦੀ ਹੈ। ਅਰਧ-ਸਮ ਮਾਤ੍ਰਿਕ ਛੰਦ ਵਿਚ ਪਹਿਲੀ ਤੇ ਤੀਸਰੀ ਅਤੇ ਦੂਸਰੀ ਤੇ ਚੌਥੀ ਤੁਕ ਦੀਆਂ ਮਾਤ੍ਰਾਵਾਂ ਦੀ ਗਿਣਤੀ ਮਿਲਦੀ ਹੈ। ਵਿਸ਼ਮ ਮਾਤ੍ਰਿਕ ਛੰਦਾਂ ਵਿਚ ਕਿਸੇ ਵੀ ਤੁਕ ਦੀਆਂ ਮਾਤ੍ਰਾਂ ਨਹੀਂ ਮਿਲਦੀਆਂ ਅਤੇ ਨਾ ਹੀ ਬਿਸਰਾਮ ਬਾਰੇ ਇਕਸਾਰਤਾ ਹੁੰਦੀ ਹੈ।

## ਨਾਮਦੇਵ-ਕਾਵਿ ਦੇ ਛੰਦ :

ਭਗਤ ਨਾਮਦੇਵ ਦੇ ਕਾਵਿ ਛੰਦਾਂ ਦੀ ਪੜਚੋਲ ਕਰਨ ਤੋਂ ਪਹਿਲਾਂ ਇਕ ਤੱਥ ਸਪਸ਼ਟ ਕਰ ਦੇਣਾ ਅਨਿਵਾਰੀ ਭਾਸਦਾ ਹੈ ਕਿ "ਆਦਿ ਗ੍ਰੰਥ ਦੇ ਕਵੀਆਂ ਨੇ ਕਾਵਿ-ਸ਼ਾਸਤਰ ਦਾ ਸਖ਼ਤੀ ਨਾਲ ਪਾਲਣ ਨਹੀਂ ਕੀਤਾ। ਉਹ ਤਾਂ ਲੋਕ-ਸਮੂਹ ਦੇ ਕਵੀ ਸਨ, ਜਿਨ੍ਹਾਂ ਨੇ ਲੋਕ-ਧੁਨਾਂ ਵਿਚ ਕਾਵਿ ਦਾ ਉਚਾਰਣ ਕੀਤਾ। ਉਨ੍ਹਾਂ ਦੀ ਨਿਗਾਹ ਵਿਚ ਛੰਦ-ਨਿਯਮਾਵਲੀ ਨਹੀਂ ਸੀ, ਨ ਹੀ ਉਨ੍ਹਾਂ ਨੇ ਮਾਤ੍ਰਾਂ ਜਾਂ ਚਰਣਾਂ ਦੀ ਹੂ-ਬ-ਹੂ ਗਿਣਤੀ ਨੂੰ ਸਾਹਮਣੇ ਰੱਖਿਆ।[1] ਫਲਸਰੂਪ ਇਨ੍ਹਾਂ ਕਵੀਆਂ ਨੇ ਕਾਵਿਕ ਬੰਧਨਾਂ ਨੂੰ ਸਵੀਕਾਰ ਨਹੀਂ ਕੀਤਾ ਅਤੇ ਆਪਣੇ ਉਚ-ਰਹੱਸਵਾਦੀ ਮਨੋਭਾਵਾਂ ਨੂੰ ਲੋਕ-ਧੁਨਾਂ ਵਿਚ ਹੀ

---

1. "The poets did not follow the prosody strictly. They were the poets of the people who sang popular tunes, who had no forms of verification in view while composing their hymns: who did not care for the exact quantity or the number of verses in stanza."

   Dr. Surinder Singh Kohli, "A Critical Study of Adi Granth", Page 85.

ਅਭਿਵਿਅਕਤ ਕੀਤਾ । ਹੁਣ ਜੇਕਰ ਸਖ਼ਤ ਕਰੜਾਈ ਨਾਲ ਇਸ ਮਹਾਨ ਕਾਵਿ ਨੂੰ ਪਿੰਗਲ ਦੇ ਨਿਯਮਾਂ ਤੇ ਪਰਖਣ ਦਾ ਯਤਨ ਕਰੀਏ ਤਾਂ ਸਫ਼ਲਤਾ ਨਹੀਂ ਮਿਲੇਗੀ। ਫਿਰ ਵੀ ਕੁਝ ਉਦਾਹਰਣਾਂ ਵਿਚਾਰ ਲੈਣੀਆਂ ਅਨੁਚਿਤ ਨਹੀਂ ਹੋਣਗੀਆਂ । ਨਾਮਦੇਵ ਦੀ ਬਾਣੀ ਵਿਚ ਵਰਤੇ ਗਏ ਛੰਦਾਂ ਦੀਆਂ ਵੰਨਗੀਆਂ ਇਸ ਪ੍ਰਕਾਰ ਹਨ:

<u>ਸਮ-ਮਾਤ੍ਰਿਕ ਛੰਦ</u>

ਚੌਪਈ: 15 ਜਾਂ 16 ਮਾਤ੍ਰਾਂ, 8+8 ਜਾਂ 8+7 ਬਿਸਰਾਮ, ਅੰਤ ਗੁਰੂ -ਲਘੂ[1] :

ਸਫਲ ਜਨਮੁ ਮੋ ਕਉ ਗੁਰ ਕੀਨਾ ।।
ਦੁਖ ਬਿਸਾਰਿ ਸੁਖ ਅੰਤਰਿ ਲੀਨਾ ।।
ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ।।
ਰਾਮ ਨਾਮ ਬਿਨੁ ਜੀਵਨੁ ਮਨ ਹੀਨਾ।। ਰਹਾਉ ।।
("ਆਦਿ ਗ੍ਰੰਥ", ਬਿਲਾਵਲੁ ਬਾਣੀ ਭਗਤ ਨਾਮਦੇਉ ਜੀ ਕੀ, ਪੰਨਾ 857)

ਗੋਪਾਲ ਛੰਦ: 15 ਮਾਤ੍ਰਾਂ ਦਾ ਛੰਦ, ਅੰਤ ਵਿਚ ਜਗਣ[2]

ਮੈ ਬਉਰੀ ਮੇਰਾ ਰਾਮੁ ਭਤਾਰੁ ।।
ਰਚਿ ਰਚਿ ਤਾ ਕਉ ਕਰਉ ਸਿੰਗਾਰੁ ।।
ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ।।
ਤਨੁ ਮਨੁ ਰਾਮ ਪਿਆਰੇ ਜੋਗੁ ।।
("ਆਦਿ ਗ੍ਰੰਥ", ਭੈਰਉ ਬਾਣੀ,ਨਾਮਦੇਉ ਜੀ ਕੀ,ਪੰ:1164)

---

1. "ਮਹਾਨ ਕੋਸ਼", ਪੰ:358.
2. ਉਹੀ, ਪੰ:358.

ਪੱਧਰੀ: 16 ਮਾਤ੍ਰਾ ਦਾ ਛੰਦ 8-8 ਬਿਸਰਾਮ, ਅੰਤ ਜਗਣ[1]

ਜਉ ਗੁਰਦੇਉ ਤ ਮਿਲੈ ਮੁਰਾਰਿ ।।
ਜਉ ਗੁਰਦੇਉ ਤ ਉਤਰੈ ਪਾਰਿ ।।
ਜਉ ਗੁਰਦੇਉ ਤ ਬੈਕੁੰਠ ਤਰੈ ।।
ਜਉ ਗੁਰਦੇਉ ਤ ਜੀਵਤ ਮਰੈ ।।

("ਆਦਿ ਗ੍ਰੰਥ", ਭੈਰਉ ਨਾਮਦੇਉ ਜੀ, ਪੰ:1166)

ਹਾਕਲ-ਹਾਕਲਾ: 14 ਮਾਤ੍ਰਾ, 9+5 ਉਤੇ ਬਿਸਰਾਮ ਅੰਤ ਦੋ ਗੁਰੂ[2]

ਅਣਮੜਿਆ ਮੰਦਲੁ ਬਾਜੈ।। ਬਿਨੁ ਸਾਵਣ ਘਨਹਰੁ ਗਾਜੈ ।।
ਬਾਦਲ ਬਿਨੁ ਬਰਖਾ ਹੋਈ।। ਜਉ ਤਤੁ ਬਿਚਾਰੈ ਕੋਈ।।

("ਆਦਿ ਗ੍ਰੰਥ", ਸੋਰਠਿ ਨਾਮਦੇਵ ਜੀ, ਪੰ: 657)

ਅੜਿੱਲ: 16 ਮਾਤ੍ਰਾ, ਅੰਤ ਦੋ ਲਘੂ[3]

ਰੇ ਜਿਹਬਾ ਕਰਉ ਸਤ ਖੰਡ ।।
ਜਾਮਿ ਨ ਉਚਰਸਿ ਸ੍ਰੀ ਗੋਬਿੰਦ ।।
ਰੰਗੀਲੇ ਜਿਹਬਾ ਹਰਿ ਕੈ ਨਾਇ ।।
ਸੁਰੰਗ ਰੰਗੀਲੇ ਹਰਿ ਹਰਿ ਧਿਆਏ ।।

("ਆਦਿ ਗ੍ਰੰਥ", ਭੈਰਉ ਨਾਮਦੇਵ ਜੀ, ਪੰ:1163)

ਹੰਸ ਗਤਿ: 20 ਮਾਤ੍ਰਾ, 11+9 ਉਤੇ ਬਿਸਰਾਮ, ਅੰਤ ਗੁਰੂ[4]

ਮਨ ਮੇਰੋ ਗਜੁ ਜਿਹਬਾ ਮੇਰੀ ਕਾਤੀ ।।
ਮਪਿ ਮਪਿ ਕਾਟਉ ਜਮ ਕੀ ਫਾਸੀ ।।

---

1. "ਮਹਾਨ ਕੋਸ਼", ਪੰ:463.
2. "ਗੁਰਛੰਦ ਦਿਵਾਕਰ", ਪੰ: 84.
3. ਉਹੀ, ਪੰ:53.
4. "ਮਹਾਨ ਕੋਸ਼", ਪੰ:212.

ਕਹਾ ਕਰਉ ਜਾਤੀ ਕਹਾ ਕਰਉ ਪਾਤੀ ।।
ਰਾਮ ਕੋ ਨਾਮੁ ਜਪਉ ਦਿਨ ਰਾਤੀ ।।
("ਆਦਿ ਗ੍ਰੰਥ", ਆਸਾ ਨਾਮਦੇਵ ਜੀ, ਪੰ: 485)

ਸਾਰ ਛੰਦ: 28 ਮਾਤ੍ਰਾ, 16+12 ਉਤੇ ਬਿਸਰਾਮ, ਅੰਤ ਦੋ ਗੁਰੂ[1]

ਕਬਹੂ ਖੀਰਿ ਖਾਡ ਘੀਉ ਨ ਭਾਵੈ ।।
ਕਬਹੂ ਘਰ ਘਰ ਟੂਕ ਮੰਗਾਵੈ ।।
("ਆਦਿ ਗ੍ਰੰਥ", ਭੈਰਉ ਨਾਮਦੇਵ ਜੀ, ਪੰ: 1164)

ਲਾਵਨੀ ਛੰਦ : 30 ਮਾਤ੍ਰਾ, 16+14 ਉਤੇ ਵਿਸ਼ਰਾਮ[2]

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ।।
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ।।
("ਆਦਿ ਗ੍ਰੰਥ", ਆਸਾ ਨਾਮਦੇਉ ਜੀ, ਪੰ: 485)

ਤਾਟੰਕ : 30 ਮਾਤ੍ਰਾ, 16+14 ਅੰਤ ਤਿੰਨ ਗੁਰੂ[3]

ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ ।।
ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ ।।
ਬਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ ।।
ਦੇਵਲ ਮਧੇ ਲੀਂਗੁ ਆਛੈ ਲੀਗੁ ਸੀਗੁ ਹੀਗੁ ਗੋ ।।
("ਆਦਿ ਗ੍ਰੰਥ", ਰਾਗ ਟੋਡੀ ਨਾਮਦੇਉ ਜੀ, ਪੰ: 718)

---

1. "ਮਹਾਨ ਕੋਸ਼", ਪੰ: 139.
2. "ਉਹੀ", ਪੰ: 798.
3. "ਗੁਰਛੰਦ ਦਿਵਾਕਰ", ਪੰ: 124.

ਇਸ ਤਰ੍ਹਾਂ ਨਾਮਦੇਵ-ਕਾਵਿ ਵਿਚ ਸਮ ਮਾਤ੍ਰਿਕ ਛੰਦ ਉਪਲਬਧ ਹਨ ।

<u>ਕਾਵਿ ਰੂਪ</u> :

ਜਿਥੋਂ ਤਕ 'ਆਦਿ ਗ੍ਰੰਥ' ਦਾ ਸੰਬੰਧ ਹੈ, ਇਸ ਪਾਵਨ ਗ੍ਰੰਥ ਵਿਚ ਅਨੇਕਾਂ ਕਾਵਿ-ਰੂਪਾਂ ਦੀ ਵਰਤੋਂ ਹੋਈ ਹੈ ਜੋ ਗਿਣਤੀ ਵਿਚ 55 ਹਨ[1], ਪਰ ਭਗਤ ਨਾਮਦੇਵ ਨੇ ਇਨ੍ਹਾਂ 55 ਕਾਵਿ-ਰੂਪਾਂ ਵਿਚੋਂ ਪਦੇ ਹੀ ਲਿਖੇ ਹਨ ।

ਪਦ ਜਾਂ ਇਸ ਲਈ "ਆਦਿ ਗ੍ਰੰਥ" ਵਿਚ ਵਰਤਿਆ ਗਿਆ ਨਾਂ 'ਸ਼ਬਦ' ਆਪਣੇ ਪਿਛੇ ਇਕ ਦੀਰਘ ਪਰੰਪਰਾ ਰੱਖਦਾ ਹੈ । ਅਸਲ ਵਿਚ ਸ਼ਬਦ ਜਾਂ ਪਦ ਵਿਚ ਗੀਤ ਅਤੇ ਸੰਗੀਤ ਦੋਹਾਂ ਦਾ ਮੇਲ ਹੁੰਦਾ ਹੈ । ਇਹ ਸ਼ਬਦ ਆਕਾਰ ਦੀ ਦ੍ਰਿਸ਼ਟੀ ਤੋਂ ਸਮ ਨਹੀਂ ਹਨ ।

ਭਗਤ ਨਾਮਦੇਵ ਦੇ ਸ਼ਬਦਾਂ ਦਾ ਵਿਸ਼ੇਸ਼ ਗੁਣ ਇਸ ਦੀ ਨਾਟਕੀਅਤਾ ਜਾਂ ਵਾਰਤਾਲਾਪੀ ਹੋਣਾ ਹੈ ਜੋ ਕਿ ਪਹਿਲੀ ਵਾਰ ਕਿਸੇ ਨਿਰਗੁਣ ਕਵੀ ਵਿਚ ਪਾਇਆ ਗਿਆ । ਰਾਮਕਲੀ ਰਾਗ ਵਿਚ ਭਗਤ ਤ੍ਰਿਲੋਚਨ ਨਾਲ ਹੋਈ ਸੰਬਾਦ ਆਪਣੇ ਸ਼ਬਦਾਂ ਦੇ ਵਾਰਤਾਲਾਪੀ ਗੁਣ ਨੂੰ ਨਿਰੂਪਤ ਕਰਦੇ ਹਨ । ਸੁਲਤਾਨ ਨਾਲ ਹੋਏ

ਚਲਦਾ...

---

1. ਡਾ. ਤਾਰਨ ਸਿੰਘ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ", ਪੰਨਾ 89-91.

ਵਾਰਤਾਲਾਪ[1] ਅਤੇ ਆਪਣੀਆਂ ਹੀ ਜੀਵਨ-ਘਟਨਾਵਾਂ ਨੂੰ ਆਪ ਨੇ ਨਿਰਾਲੇ ਢੰਗ ਨਾਲ ਪੇਸ਼ ਕੀਤਾ ਹੈ ।

---

1. ਸੁਲਤਾਨ ਪੂਛੈ ਸੁਨੁ ਬੇ ਨਾਮਾ।। ਦੇਖਉ ਰਾਮ ਤੁਮਾਰੇ ਕਾਮਾ।।
ਨਾਮਾ ਸੁਲਤਾਨੇ ਬਾਧਿਲਾ।। ਦੇਖਉ ਤੇਰਾ ਹਰਿ ਬੀਠਲਾ।। ਰਹਾਉ ।।
ਬਿਸਮਿਲ ਗਊ ਦੇਹੁ ਜੀਵਾਇ।। ਨ ਤਰੁ ਗਰਦਨਿ ਮਾਰਊ ਠਾਇ।।
ਬਾਦਸ਼ਾਹ ਐਸੀ ਕਿਉ ਹੋਇ।। ਬਿਸਮਿਲ ਕੀਆ ਨ ਜੀਵੈ ਕੋਇ ।।
ਮੇਰਾ ਕੀਆ ਕਛੂ ਨ ਹੋਇ।। ਕਰਿਹ ਰਾਮੁ ਹੋਇ ਹੈ ਸੋਇ ।।
ਬਾਦਸਾਹੁ ਚੜਿਓ ਅਹੰਕਾਰਿ।। ਗਜ ਹਸਤੀ ਦੀਨੋ ਚਮਕਾਰਿ ।।
ਰੁਦਨ ਕਰੇ ਨਾਮੇ ਕੀ ਮਾਇ।। ਛੋਡਿ ਰਾਮ ਕੀ ਨ ਭਜਹਿ ਖੁਦਾਇ।।
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ।। ਪਿੰਡ ਪੜੈ ਤਉ ਹਰਿ ਗੁਨ ਗਾਇ।।
ਕਰੇ ਗਜਿੰਦ ਸੁੰਡ ਕੀ ਚੋਟ ਨਾਮਾ ਉਚਰੈ ਹਰਿ ਕੀ ਓਟ।।
ਕਾਜੀ ਮੁਲਾਂ ਕਰਹਿ ਸਲਾਮ।। ਇਨਿ ਹਿੰਦੂ ਮੇਰਾ ਮਲਿਆ ਮਾਨ।।
ਬਾਦਿਸਾਹ ਬੇਨਤੀ ਸਨੇਹੁ।। ਸਰ ਭਰ ਸੋਨਾ ਲੇਹੁ।।
ਮਾਲੁ ਲੇਉ ਤਉ ਦੋਜਕਿ ਪਰਉ।। ਦੀਨ ਛੋਡਿ ਦੁਨੀਆ ਕਉ ਭਰਉ ।।
ਪਾਵਹੁ ਬੇੜੀ ਹਾਥਹੁ ਤਾਲੁ।। ਨਾਮਾ ਰਹਾਵੈ ਗੁਨ ਗੋਪਾਲ।।
ਗੰਗ ਜਮੁਨ ਕਉ ਉਲਟੀ ਬਹੈ।। ਤਉ ਨਾਮਾ ਹਰਿ ਕਰਤਾ ਰਹੈ।।
ਸਾਤ ਘੜੀ ਜਬ ਬੀਤੀ ਸੁਣੀ।। ਅਜਹੁ ਨ ਆਇਓ ਤ੍ਰਿਭਵਣ ਧਣੀ।।
ਪਾਖੰਤਣ ਬਾਜ ਬਜਾਇਲਾ।। ਗਰੁੜ ਚੜੇ ਗੋਬਿੰਦ ਆਇਲਾ।।
ਅਪਨੇ ਭਗਤਿ ਪਰ ਕੀ ਪ੍ਰਤਿਪਾਲ।। ਗਰੜੁ ਚੜੇ ਆਇ ਰਹੋ ਪਾਲ।।
ਕਹਹਿ ਤ ਸਰਣਿ ਇਕੌਡੀ ਕਰਉ।। ਕਹਹਿ ਤਲੇ ਕਰਿ ਊਪਰਿ ਧਰਉ।।
ਕਹਹਿ ਤ ਮੂਈ ਗਊ ਦੇਈ ਜੀਆਇ।। ਸਭ ਕੋਈ ਦੇਖੈ ਪਤੀਆਇ।।
ਨਾਮਾ ਪ੍ਰਣਵੈ ਸੇਲ ਮਸੇਲਾ।। ਗਊ ਦੁਹਾਈ ਬਛਰਾ ਮੇਲਿ।।

("ਆਦਿ ਗ੍ਰੰਥ", ਰਾਗ ਭੈਰਉ ਨਾਮਦੇਵ, ਪੰ: 1165)

ਰਾਗ ਸੰਗੀਤ :

ਦੋਰਨਾਂ ਭਗਤ ਕਵੀਆਂ ਦੀ ਤਰ੍ਹਾਂ ਭਗਤ ਨਾਮਦੇਵ ਦੀ ਬਾਣੀ ਵਿਚ ਰਾਗ- ਸੰਗੀਤ ਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੈ । ਭਗਤ ਜੀ ਵਿਭਿੰਨ ਰਾਗਾਂ ਦਾ ਗਿਆਨ ਰੱਖਦੇ ਸਨ, ਜਿਨ੍ਹਾਂ ਵਿਚ ਆਪ ਨੇ ਆਪਣਾ ਕਾਵਿ ਉਚਾਰਿਆ ਤੇ ਗਾਵਿਆ ਵੀ । ਆਦਿ ਗ੍ਰੰਥ ਵਿਚਲੇ ਆਪ ਦੇ ਪਦੇ 17 ਰਾਗਾਂ ਵਿਚ ਉਪਲਬਧ ਹਨ ਜਿਨ੍ਹਾਂ ਦਾ ਵੇਰਵਾ ਨਿਮਨ ਲਿਖਿਤ ਹੈ :

1. ਗਉੜੀ 2. ਗੂਜਰੀ 3. ਸੋਰਠਿ 4. ਧਨਾਸਰੀ
5. ਟੋਡੀ 6. ਤਿਲੰਗ 7. ਬਿਲਾਵਲੁ 8. ਗੋਂਡ
9. ਰਾਮਕਲੀ 10. ਮਾਲੀ ਗਉੜਾ 11. ਮਾਰੂ 12. ਭੈਰਉ
13. ਬਸੰਤ 14. ਸਾਰੰਗ 15. ਮਲਾਰ 16. ਕਾਨੜਾ 17. ਪ੍ਰਭਾਤੀ

ਭਾਸ਼ਾ-ਸ਼ਿਲਪ :

ਕਲਾ-ਵਿਵੇਚਨ ਦਾ ਪ੍ਰਸੰਗ ਤਦ ਤਕ ਅਧੂਰਾ ਸਮਝਿਆ ਜਾਵੇਗਾ ਜਦ ਤਕ ਭਾਸ਼ਾ-ਸ਼ਿਲਪ ਨੂੰ ਘੋਖਿਆ ਨਾ ਜਾਵੇ । ਨਾਮਦੇਵ-ਕਾਵਿ ਦਾ ਭਾਸ਼ਾ-ਸ਼ਿਲਪ ਕਈਆਂ ਕਾਰਨਾਂ ਕਰਕੇ ਹੋਰ ਵੀ ਦਿਲਚਸਪ ਬਣ ਜਾਂਦਾ ਹੈ, ਜਦੋਂ ਇਸ ਦੀ ਅਮੀਰੀ ਤੇ ਵਿਸਤ੍ਰਿਤ ਪੱਧਰ ਤੇ ਇਸ ਦਾ ਪਾਸਾਰ ਵੇਖਿਆ ਜਾਂਦਾ ਹੈ ।

ਬਾਣੀ ਦੇ ਪੱਖੋਂ 'ਆਦਿ ਗ੍ਰੰਥ' ਵਿਚਲੇ ਆਪਣੇ ਪੂਰਵਜ਼ ਕਵੀਆਂ ਨਾਲੋਂ ਭਗਤ ਨਾਮਦੇਵ ਨੇ ਹੀ ਸਭ ਤੋਂ ਵੱਧ ਬਾਣੀ ਰਚੀ ਅਤੇ ਇਸ ਭਾਸ਼ਾ ਦੇ ਵਿਕਸਤ ਹੋਣ ਵਿਚ ਆਪਣੇ ਇਕ ਪ੍ਰੋੜ ਯੋਗਦਾਨ ਪਾਇਆ ।

ਨਾਮਦੇਵ ਦੀ ਕਾਵਿ-ਭਾਸ਼ਾ :

ਭਗਤ ਨਾਮਦੇਵ ਦਾ ਸੰਬੰਧ ਮਹਾਂਰਾਸ਼ਟਰ ਤੇ ਪੰਜਾਬ ਸੂਬਿਆਂ ਨਾਲ ਵਿਸ਼ੇਸ਼ ਕਰਕੇ ਰਿਹਾ। ਆਪ ਨੇ ਆਪਣੇ ਜੀਵਨ ਦਾ ਵੱਡਾ ਭਾਗ ਇਨ੍ਹਾਂ ਦੋਹਾਂ ਸੂਬਿਆਂ ਵਿਚ ਹੀ ਗੁਜਾਰਿਆ । ਇਸ ਤੋਂ ਅਤਿਰਿਕਤ ਆਪ ਮਾਰਵਾੜ ਤੇ ਹੋਰ ਇਲਾਕਿਆਂ ਵਿਚ ਵੀ ਯਾਤਰਾ ਤੇ ਗਏ ਅਤੇ ਉਥੋਂ ਦੇ ਲੋਕਾਂ ਖ਼ਾਸ ਕਰਕੇ ਸਾਧੂ ਮਹਾਤਮਾ ਨਾਲ ਆਪ ਦਾ

ਮੇਲ-ਮਿਲਾਪ ਹੋਇਆ । ਭਾਸ਼ਾਈ ਆਦਾਨ-ਪ੍ਰਦਾਨ ਨਾਲ ਉਨ੍ਹਾਂ ਨੂੰ ਸਾਧੂ ਭਾਖਾ ਦਾ ਇਕ ਵਿਸ਼ੇਸ਼ ਮੁਹਾਵਰਾ ਮਿਲਿਆ । ਇਹ ਭਾਸ਼ਾ ਸਮਕਾਲੀ ਭਾਸ਼ਾਵਾਂ ਦੇ ਸ਼ਬਦਾਂ ਦਾ ਰਲਾ ਪੈ ਕੇ ਅਜਿਹੀ ਵਿਲੱਖਣਤਾ ਪ੍ਰਾਪਤ ਕਰ ਗਈ ਕਿ ਹਰ ਪ੍ਰਾਂਤ ਦੇ ਵਸਨੀਕ ਨੂੰ ਇਹ ਭਾਖਾ ਆਪਣੀ ਆਪਣੀ ਲੱਗਣ ਲੱਗ ਪਈ । ਅੰਗ੍ਰੇਜ਼ੀ ਵਿਦਵਾਨ ਟੀ.ਐਸ. ਈਲੀਅਟ ਦਾ ਇਹ ਕਥਨ ਕਿ ਚੰਗੇ ਕਵੀ ਆਪਣੀ ਭਾਸ਼ਾ ਦੇ ਸਰੂਪ ਦੀ ਪ੍ਰਤਿਪਾਲਣਾ ਕਰਦਿਆਂ ਇਸ ਦੇ ਖੇਤਰ ਨੂੰ ਵਿਸਤ੍ਰਿਤ ਕਰਕੇ ਉੱਨਤ ਕਰਨ ਲਈ ਯਤਨਸ਼ੀਲ ਰਹਿੰਦੇ ਹਨ[1], ਕਾਫ਼ੀ ਹੱਦ ਤਕ ਨਾਮਦੇਵ ਦੀ ਭਾਸ਼ਾ ਸਮਰੱਥਾ ਤੇ ਪੂਰਾ ਢੁੱਕਦਾ ਹੈ ।

ਕਾਵਿ-ਭਾਸ਼ਾ ਵਿਸਮਾਦ ਦੀ ਅਵਸਥਾ ਵਿਚੋਂ ਨਿਕਲੇ ਸਹਿਜ-ਬੋਲ ਹੁੰਦੇ ਹਨ, ਜੋ ਕਿ ਆਮ ਬੋਲ-ਚਾਲ ਨਾਲੋਂ ਕੁਝ ਕੁ ਭਿੰਨ ਵੀ ਹੁੰਦੇ ਹਨ ।[2] ਭਗਤ ਨਾਮਦੇਵ ਨੇ ਆਪਣੀਆਂ ਸਮਕਾਲੀ ਭਾਸ਼ਾਵਾਂ ਦੇ ਬੋਲਚਾਲ ਦੇ ਰੂਪ ਨੂੰ ਅਪਨਾਉਣ ਦੀ ਥਾਂ ਇਨ੍ਹਾਂ ਭਾਸ਼ਾਵਾਂ ਦੇ ਸਾਹਿਤਕ ਸਰੂਪ ਨੂੰ ਹੀ ਇਕ ਖ਼ਾਸ ਹੱਦ ਤਕ ਅਪਣਾਇਆ ਹੈ । ਵੱਖ ਵੱਖ ਭਾਸ਼ਾਵਾਂ ਦੇ ਸ਼ਾਬਦਿਕ ਪ੍ਰਭਾਵ ਇਸ ਤਰ੍ਹਾਂ ਹਨ :

<u>ਮਰਾਠੀ ਪ੍ਰਭਾਵ</u> :

ਭਗਤ ਨਾਮਦੇਵ ਮਹਾਂਰਾਸ਼ਟਰ ਵਿਚ ਜੰਮੇ-ਪਲੇ ਹੋਣ ਕਰਕੇ ਉਨ੍ਹਾਂ ਦੀ ਮਾਤ੍ਰ ਭਾਸ਼ਾ ਮਰਾਠੀ ਹੀ ਸੀ ਅਤੇ ਇਹ ਗੱਲ 'ਆਦਿ ਗ੍ਰੰਥ' ਵਿਚ ਸੰਕਲਿਤ ਆਪ ਦੀ ਬਾਣੀ ਵਿਚੋਂ

---

1. "We may say that the duty of the poet as a poet is only indirect to his people, his direct duty is to his language, first to preserve it and second to extend and improve it."

   "On Poetry and Poets", Page 20.

2. "The language of poetry differs from the language of everyday speech, because it is the language of hightened state of sensibility and above all, because it is the language of creative state of being."

   Herbert Reed, "Phases of English Poetry", Page 138.

ਪ੍ਰਮਾਣਿਤ ਵੀ ਹੁੰਦੀ ਹੈ । ਮਰਾਠੀ ਭਾਸ਼ਾ ਦਾ ਵਿਭਿੰਨ ਪ੍ਰਭਾਵ ਉਥੇ ਮਿਲਦਾ ਹੈ ਜਿਥੇ ਮਰਾਠੀ ਦੇ ਕਾਰਕ-ਚਿੰਨ੍ਹ ਪੰਜਾਬੀ ਬੋਲੀ ਦੀਆਂ ਕ੍ਰਿਆਵਾਂ ਨਾਲ ਜੋੜ ਦਿੱਤੇ ਗਏ ਹਨ :

ਸੰਪ੍ਰਦਾਨ ਕਾਰਕ :

| | |
|---|---|
| ਆਨੀਲੇ | ਲਿਆਂਦਾ |
| ਤਾਰੀਲੇ | ਤਾਰ ਦਿਤੀ ("ਆਦਿ ਗ੍ਰੰਥ", ਪੰ: 354) |
| ਪਰੋਈਲੇ | ਪਰੋ ਦਿੱਤੀ ("ਉਹੀ", ਪੰ: 485) |
| ਰੀਧਾਈਲੇ | ਰਿੰਨ ਦਿਤੀ("ਉਹੀ", ਪੰ: 485) |
| ਲਾਹਿਲੇ | ਲਾਹ ਦਿਤਾ ("ਉਹੀ", ਪੰ: 485) |
| ਪੀਉਰੇ | ਪਾ ਲਿਆ ("ਉਹੀ", ਪੰ: 485) |
| ਚੇਤੀਅਲੇ | ਚੇਤੇ ਕਰ ਲਿਆ("ਉਹੀ", ਪੰ: 486) |
| ਪੂਛਿਲੇ | ਪੁਛਦੇ ਹਨ ("ਉਹੀ", ਪੰ: 657) |
| ਭਰਾਈਲੇ | ਭਰਾਇਆ ("ਉਹੀ", ਪੰ: 485) |

ਸੰਬੰਧ ਕਾਰਕ :

| | |
|---|---|
| ਨਾਮੇ ਚੇ | ("ਉਹੀ", ਪੰ: 727) |
| ਏਰਾਇਚਾ | ("ਉਹੀ", ਪੰ: 1292) |
| ਤਾਚੇ | ("ਉਹੀ", ਪੰ: 693) |

ਕ੍ਰਿਆ-ਰੂਪ :

ਮਰਾਠੀ ਭਾਸ਼ਾ ਦੀ ਭੂਤ-ਕਾਲੀਨ ਕ੍ਰਿਆ ਦਾ 'ਲਾ' ਪੰਜਾਬੀ ਭਾਸ਼ਾ ਦੀ ਕ੍ਰਿਆ ਨਾਲ ਜੋੜ ਕੇ ਕ੍ਰਿਆਵਾਂ ਦਾ ਮੁਹਾਵਰਾ ਮਰਾਠੀ ਬਣਾ ਦਿੱਤਾ ਗਿਆ ਹੈ :

ਨਾਮਾ ਸੁਲਤਾਨੇ <u>ਬਾਧਿਲਾ</u>

... ...

... ...

ਪਾਖੰਤਣ ਬਾਜ <u>ਬਜਾਇਲਾ</u>

ਗੁੜ ਚੜੇ ਗੋਬਿੰਦ ਆਇਲਾ ।।("ਆਦਿ ਗ੍ਰੰਥ", ਪੰ:1165)

... ...

ਸੇਵੀਲੇ ਗੋਪਾਲ ਰਾਇ ਅਕਲ ਨਿਰੰਜਨ

... ...

ਸਪਤ ਲੋਕ ਸਮਾਨ ਪੂਰੀਅਲੇ

... ...

ਜਿਨ ਬਿਸ੍ਵ ਸੰਸਾਰ ਰਚਾਲੇ

... ...

ਤਤ ਸਾਰਖਾ ਗਿਆਨ ਭਾਖੀਲੇ ("ਉਹੀ", ਪੰ:1292)

ਇਸ ਤੋਂ ਉਪਰੰਤ ਮਰਾਠੀ ਭਾਸ਼ਾ ਦੇ ਅਨੇਕ ਸ਼ਬਦ ਤਦਭਵ ਰੂਪ ਵਿਚ ਨਾਮਦੇਵ ਕਾਵਿ ਵਿਚ ਉਪਲਬਧ ਹਨ :

ਬੀਠਲੁ, ਛੀਪਾ, ਕਾਤੀ, ਜਾਦਮਰਾਇਆ, ਛਵਾਈ, ਪਾਗਮਲੋ, ਬੇਢੀ, ਮਾਛਲੋ, ਪੰਖੀਅਲੋ, ਦੇਵਾ, ਪਾਹਨ, ਬਿਟਾਰਿਓ, ਈਭੈ-ਉਭੈ, ਉਦਕ, ਦਰਾਰਾ, ਦੈਲਾ, ਭੈਲਾ, ਮਲੈ, ਘੜੂਅਲੋ, ਬਾਈ, ਬਾਲਹਾ, ਕਰਹਲਾ, ਤਰੁਣੀ, ਪੁਰਸਾਬਿਰਾ, ਅਥੋਨ, ਅਸਗਾ, ਬਾਗਰਾ, ਪਿੰਧੀ, ਕੁਨੁ, ਆਛੈ, ਤਾਲਾਬੇਲੀ, ਛੂਟਲਾ, ਘੂਟਲਾ, ਮਾਂਡਲੀਏ, ਪੁਰੰਦਰੀਏ, ਪਉਡੀਅਲੇ, ਕਾਪੜ, ਚਟੀਆ, ਪਨਕਤ ।

ਗੁਜਰਾਤੀ ਪ੍ਰਭਾਵ :

ਨਾਮਦੇਵ-ਬਾਣੀ ਵਿਚ ਗੁਜਰਾਤੀ ਭਾਸ਼ਾ ਦੇ ਕਾਰਕ, ਕ੍ਰਿਆਵਾਂ, ਸਰਵਨਾਮ ਅਤੇ ਪਰਸਰਗ ਵੀ ਉਪਲਬਧ ਹਨ :

(1) ਅਸਗਾ ਅਸ ਉਸਗਾ ("ਆਦਿ ਗ੍ਰੰਥ", ਪੰ:693)

(2) ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ।।("ਉਹੀ", ਪੰ:ਉਹੀ)

(3) ਪਹਿਲ ਪੁਰਸਾਬਿਰ ... ("ਉਹੀ", ਪੰਨਾ ਉਹੀ)

ਅਰਬੀ ਪ੍ਰਭਾਵ :

ਨਾਮਦੇਵ ਦਾ ਯੁਗ ਉਹ ਯੁਗ ਹੈ ਜਦ ਮੁਸਲਮਾਨਾਂ ਦਾ ਹਿੰਦੁਸਤਾਨ ਉਪਰ ਰਾਜ ਦਿਨੋ-ਦਿਨ ਫੈਲ ਰਿਹਾ ਸੀ । ਹਾਕਮ ਸ਼੍ਰੇਣੀ ਹੋਣ ਕਰਕੇ ਉਨ੍ਹਾਂ ਦੀ ਭਾਸ਼ਾ, ਜੋ ਫ਼ਾਰਸੀ ਸੀ, ਦਾ ਸਥਾਨਕ ਭਾਸ਼ਾਵਾਂ ਉਪਰ ਪ੍ਰਭਾਵ ਪੈਣ ਲੱਗ ਪਿਆ ਸੀ । ਨਾਮਦੇਵ ਦੀ ਬਾਣੀ ਉਪਰ ਵੀ ਇਹ ਪ੍ਰਭਾਵ ਵਧੇਰੇ ਕਰਕੇ ਸ਼ਬਦਾਵਲੀ ਦੀ ਪੱਧਰ ਉਪਰ ਦਿਖਾਈ ਦਿੰਦਾ ਹੈ । ਤਿਲੰਗ ਰਾਗ ਵਿਚ ਦੋ ਸ਼ਬਦਾਂ ਵਿਚ ਇਸ ਸ਼ਬਦਾਵਲੀ ਦਾ ਪ੍ਰਭਾਵ ਵਧੇਰੇ ਹੈ :

(1) ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥
ਮੈ ਗ਼ਰੀਬ ਮੈ ਮਸਕੀਨ ਤੇਰਾ ਨਾਮ ਹੈ ਅਧਾਰਾ ॥ ਰਹਾਉ ॥
ਕਰੀਮਾਂ ਰਹੀਮਾਂ ਅਲਾਹ ਤੂ ਗ਼ਨੀ ॥
ਹਾਜਰਾ ਹਜ਼ੂਰਿ ਦਰਿਪੇਸਿ ਤੂ ਮਨੀ ॥
ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥
ਦੇਹਿ ਲੇਹਿ ਏਕ ਤੂ ਦਿਗਰ ਕੋ ਨਹੀ ॥
... ... ...
... ... ...

("ਆਦਿ ਗ੍ਰੰਥ", ਪੰ: 727)

(2) ਹਲੇ ਯਾਰਾ ਹਲੇ ਯਾਰਾ ਖੁਸਿ ਖਬਰੀ ॥
ਬਲਿ ਬਲਿ ਜਾਉ ਹਉ ਬਲਿ ਬਲਿ ਜਾਉ ॥
ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥ ਰਹਾਉ ॥
ਕੁਜਾ ਆਮਦ ਕੁਜਾ ਰਫਤੀ ਕੁਜਾ ਮੇਰਵੀ ॥
ਦ੍ਵਰਿਕਾ ਨਗਰੀ ਰਾਸਿ ਬੁਗੋਈ ॥
ਚੰਦੀ ਹਜਾਰ ਆਲਮ ਏਕਲ ਖਾਨਾ ॥
ਹਮਚਿਨੀ ਪਾਤਿਸਾਹ ਸਾਂਵਲੇ ਬਰਨਾ ॥

ਅਸਪਤਿ ਗਜਪਤਿ ਨਰਹ ਨਰਿੰਦ ।।
ਨਾਮੇ ਕੇ ਸੁਆਮੀ ਮੀਰ ਮੁਕੰਦ ।।
("ਆਦਿ ਗ੍ਰੰਥ", ਪੰ:727)

ਇਸਤੋਂ ਅਤਿਰਿਕਤ ਅਨੇਕਾਂ ਖਾਵਾਂ ਤੇ ਫਾਰਸੀ ਦੇ ਹੋਰ ਵੀ ਸ਼ਬਦ ਉਪਲਬਧ ਹਨ :

ਬਿਸਮਿਲ
ਖੁਦਾਇ
ਸਲਾਮ
ਦੋਜ਼ਕਿ
("ਆਦਿ ਗ੍ਰੰਥ", ਪੰ:1165)

ਕਲੰਦਰ
ਅਬਦਾਲੀ
ਕੁਲਾ
ਨਿਵਾਜ
ਅਕਲਿ
("ਉਹੀ", ਪੰ:1196)

<u>ਸੰਸਕ੍ਰਿਤ ਪ੍ਰਭਾਵ :</u>

ਨਾਮਦੇਵ ਦੇ ਭਾਸ਼ਾਈ-ਸੰਚਾਰ ਉਪਰ ਸੰਸਕ੍ਰਿਤ ਦਾ ਵੀ ਪ੍ਰਭਾਵ ਮਿਲਦਾ ਹੈ। ਨਿਮਨਲਿਖਿਤ ਸ਼ਬਦ ਸੰਸਕ੍ਰਿਤ ਦੇ ਤਦਭਵ ਰੂਪ ਹਨ :

ਭੇਦੰ
ਗੋਬਿੰਦੰ
ਸਿੰਧ
("ਆਦਿ ਗ੍ਰੰਥ", ਪੰ:873)

<u>ਪੰਜਾਬੀ ਪ੍ਰਭਾਵ :</u>

ਭਗਤ ਨਾਮਦੇਵ ਦੀ ਬਾਣੀ ਵਿਚ ਨਿਰੋਲ ਪੰਜਾਬੀ ਦੇ ਸ਼ਬਦ ਆਮ ਉਪਲਬਧ ਹਨ :

ਜਪ-ਤਪ, ਕੁਲਹੀਨ, ਕ੍ਰਮ ਹੀਨ, ਤਰੇ, ਏਕ, ਅਨੇਕ, ਪੂਰਕ, ਮਾਇਆ,

ਸੂਏ, ਸਭ, ਜਲ, ਭਿੰਨ, ਪਰਪੰਚ, ਪਾਰਬ੍ਰਹਮ, ਲੀਲਾ, ਮਿਥਿਆ, ਭਰਮ, ਮਨੋਰਥ, ਪਦਾਰਥ, ਮਨਸਾ, ਰਚਨਾ, ਕੇਵਲ, ਨਿਰੰਤਰ, ਕੁੰਭ, ਇਸਨਾਨ, ਜੀਅ, ਜਲ, ਸੰਸਾਰ, ਧਿਆਵਉ, ਆਦਿ ।

ਇਸ ਤਰ੍ਹਾਂ ਭਗਤ ਨਾਮਦੇਵ ਨੇ ਸਮਕਾਲੀਨ ਭਾਸ਼ਾਵਾਂ ਵਿਚੋਂ ਵੱਖ ਵੱਖ ਰੂਪਾਂ ਵਿਚ ਸ਼ਬਦ ਲੈ ਕੇ ਇਕ ਨਵਾਂ-ਭਾਸ਼ਾਈ ਸੰਸਾਰ ਸਿਰਜਿਆ ਜੋ ਕਿ ਸਾਧੂਕੜੀ ਭਾਖਾ ਦਾ ਮੂਲ ਆਧਾਰ ਸਾਬਤ ਹੋਈ । ਨਾਮਦੇਵ ਨੇ ਆਮ ਕਵੀਆਂ ਦੀ ਤਰ੍ਹਾਂ ਭਾਸ਼ਾ ਦੀਆਂ ਗੁੱਝੀਆਂ ਸ਼ਕਤੀਆਂ ਨੂੰ ਕਾਵਿ-ਕਲਾ ਦੇ ਉਘਾੜ ਲਈ ਬੜੇ ਹੀ ਸਾਰਥਕ ਢੰਗ ਨਾਲ ਵਰਤਿਆ ਹੈ ।[1] ਇਸ ਤਰ੍ਹਾਂ ਨਾਮਦੇਵ ਦੀ ਭਾਸ਼ਾ ਨੇ ਗੁੱਝੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ ।

<u>ਸ਼ਬਦ ਸ਼ਕਤੀਆਂ</u> :

ਇਕ ਸ੍ਰੇਸ਼ਟ ਕਵੀ ਵਾਂਗ ਭਗਤ ਨਾਮਦੇਵ ਨੇ ਇਕ ਸ਼ਬਦ ਦਾ ਪ੍ਰਯੋਗ ਕਰਕੇ ਉਸ ਤੋਂ ਅਨੇਕ ਅਰਥ ਸੁਝਾਏ ਹਨ ਤੇ ਸ਼ਬਦ ਦੀਆਂ ਵਿਭਿੰਨ ਸ਼ਕਤੀਆਂ ਨੂੰ ਸਾਕਾਰ ਕੀਤਾ ਹੈ । ਸਾਹਿੱਤ-ਸ਼ਾਸਤਰੀ ਇਨ੍ਹਾਂ ਅਰਥਾਂ ਦੇ ਪ੍ਰਯੋਜਨ ਨੂੰ ਸ਼ਬਦ-ਸ਼ਕਤੀਆਂ ਕਹਿੰਦੇ ਹਨ[2] ਜੋ ਕਿ ਨਿਮਨ ਅਨੁਸਾਰ ਹਨ :

ਅਭਿਧਾ (Expression)
ਲਕਸ਼ਣਾ (Indication)
ਵਿਅੰਜਨਾ (Suggestion)

---

1. "In making words more nobly and more intensely expressive poetry mere brings out the latent qualities of the language and completes its unfulfilled destiny."

   (Groom quoted by V.K.Gokok, "The Poetic Approach to Language", Page 131.)

2. ਭੋਲਾ ਸ਼ੰਕਰ ਵਯਾਸ, "ਧ੍ਵਨਿ ਸੰਪ੍ਰਦਾਯ ਔਰ ਉਸ ਕੇ ਸਿਧਾਂਤ", ਪੰ:49.

ਅਭਿਧਾ :

ਨਾਮਦੇਵ ਦੀ ਬਾਣੀ ਵਿਚ ਅਭਿਧਾ ਦਾ ਗੁਣ ਉਥੇ ਹੈ ਜਿਥੇ ਅਰਥ ਦਾ ਸ਼ਬਦ ਵਿਚ ਅਤੇ ਸ਼ਬਦ ਦਾ ਅਰਥ ਵਿਚ ਪ੍ਰਤੱਖ ਸੰਬੰਧ ਕਾਇਮ ਹੈ। ਇਹ ਵਿਸ਼ੈ-ਵਰਣਨ ਜਾਂ ਤੱਥ ਨਿਰੂਪਣ ਮਾਤ੍ਰ ਹੀ ਨਹੀਂ ਹੈ, ਇਥੇ ਸ਼ਬਦਾਂ ਦੇ ਅਰਥਾਂ ਦੁਆਲੇ ਇਕ ਭਾਵੁਕ ਵਾਯੂਮੰਡਲ ਉਸਰਿਆ ਹੋਇਆ ਹੈ।[1] ਉਦਾਹਰਣ ਵੇਖੋ :

ਜੌ ਰਾਜੁ ਦੇਹਿ ਤ ਕਵਨ ਬਡਾਈ ।।
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ।।
ਤੂੰ ਹਰਿ ਭਜੁ ਮਨ ਮੇਰੇ ਪਦ ਨਿਰਬਾਨੁ ।।
ਬਹੁਰਿ ਨ ਹੋਇ ਤੇਰਾ ਆਵਨ ਜਾਨੁ ।। ਰਹਾਉ ।।

("ਆਦਿ ਗ੍ਰੰਥ", ਪੰ:525)

ਲਕਸ਼ਣਾ :

ਜਦੋਂ ਕਿਸੇ ਸ਼ਬਦ ਦੇ ਮੁੱਖ ਅਰਥ ਰੁਕਣ ਦੇ ਉਪਰੰਤ ਕਿਸੇ ਮਨੋਰਥ ਦੀ ਸਿਧੀ ਲਈ ਜਿਸ ਸ਼ਕਤੀ ਦੇ ਦੁਆਰਾ ਮੁੱਖ-ਅਰਥ ਨਾਲ ਸੰਬੰਧ ਰੱਖਣ ਵਾਲਾ ਹੋਰ ਅਰਥ ਗਿਆਤ ਹੁੰਦਾ ਹੋਵੇ, ਉਥੇ ਲਕਸ਼ਣਾ ਸ਼ਕਤੀ ਹੁੰਦੀ ਹੈ। ਭਗਤ ਨਾਮਦੇਵ ਨੇ ਲਕਸ਼ਣਾ ਦਾ ਵੀ ਸਹਾਰਾ ਲਿਆ ਹੈ :

ਜਿਉ ਆਕਾਸੈ ਪੰਖੀਅਲੋ ਖੋਜ ਨਿਰਖਿਓ ਨ ਜਾਈ ।।
ਜਿਉ ਜਲ ਮਾਝੈ ਮਾਛੂਲੋ ਮਾਰਗ ਪੇਖਣੋ ਨ ਜਾਈ ।।
ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ।।
ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ।।

("ਆਦਿ ਗ੍ਰੰਥ, ਪੰ:525)

---

1. "Around the logical meaning of each word there floats an emotional atmosphere which develops and penetrates it."

V.K.Gokak, "The Poetic Approach to Language", Page 19.

ਇਸੇ ਤਰ੍ਹਾਂ ਸਾਹਿੱਤ ਸ਼ਾਸਤਰੀਆਂ ਨੇ ਰੂੜ੍ਹੀ ਲਕਸ਼ਣਾ, ਪ੍ਰਯੋਜਨਵਤੀ ਲਕਸ਼ਣਾ, ਉਪਾਦਾਨ ਲਕਸ਼ਣਾ, ਲਕਸ਼ਣ-ਲਕਸ਼ਣਾ ਤੇ ਸਾਧਵਸਾਨਾ ਲਕਸ਼ਣਾ ਆਦਿ ਲਕਸ਼ਣਾ-ਸ਼ਕਤੀ ਦੇ ਕਈ ਉਪ-ਭੇਦ ਮੰਨੇ ਹਨ ।

ਵਿਅੰਜਨਾ :

ਜਿਥੇ ਸ਼ਬਦਾਂ ਦੀ ਪਹਿਲੀ ਸ਼ਕਤੀ ਅਭਿਧਾ ਤੇ ਦੂਜੀ ਸ਼ਕਤੀ ਲਕਸ਼ਣਾ ਜ਼ੋਰ ਲਾ ਕੇ ਮੁਕ ਜਾਵੇ ਅਤੇ ਫਿਰ ਵੀ ਇਕ ਹੋਰ ਅਰਥ ਦਾ ਝਾਵਲਾ ਪੈਂਦਾ ਦਿਸੇ, ਉਸ ਦਿਸਦੇ ਅਰਥ ਨੂੰ ਇਕ ਸਹੀ ਢਾਂਚੇ ਵਿਚ ਦਰਸਾਉਣ ਲਈ ਜਿਸ ਸ਼ਕਤੀ ਦਾ ਆਸਰਾ ਲਿਆ ਜਾਂਦਾ ਹੈ, ਉਹੋ ਹੀ ਵਿਅੰਜਨਾ ਹੈ ।[1] ਵਿਅੰਜਨਾ ਸ਼ਕਤੀ ਸ਼ਬਦਾਂ ਵਿਚ ਲੁਕੇ ਛੁਪੇ ਅਰਥਾਂ ਨੂੰ ਇਕ ਚਮਤਕਾਰੀ ਰੂਪ ਵਿਚ ਪ੍ਰਕਾਸ਼ਿਤ ਕਰਨ ਦੀ ਸਮਰੱਥਾ ਰੱਖਦੀ ਹੈ :[2]

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ।।
ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾ ਤੇ ਆਇਆ ।
ਰਾਮ ਕੋਇ ਨ ਕਿਸਹੀ ਕੇਰਾ ।।
ਜੈਸੇ ਤਰਵਰਿ ਪੰਖਿ ਬਸੇਰਾ ।।

("ਆਦਿ ਗ੍ਰੰਥ", ਰਾਗ ਰਾਮਕਲੀ ਨਾਮਦੇਵ, ਪੰ: 973)

ਇਸਤੋਂ ਉਪਰੰਤ ਅਭਿਧਾ ਮੂਲ ਸ਼ਾਬਦਿਕ ਵਿਅੰਜਨਾ, ਲਕਸ਼ਣਾ ਮੂਲ ਸ਼ਬਦੀ ਵਿਅੰਜਨਾ, ਆਰਥੀ ਵਿਅੰਜਨਾ ਤੇ ਪ੍ਰਸੰਗਗਤ ਵਿਅੰਜਨਾ ਆਦਿ ਦਾ ਵੀ ਸਾਹਿੱਤ ਸ਼ਾਸਤਰੀ ਜ਼ਿਕਰ ਕਰਦੇ ਹਨ ।

---

1. ਪ੍ਰੇਮ ਪ੍ਰਕਾਸ਼ ਸਿੰਘ, "ਭਾਰਤੀ ਕਾਵਿ ਸ਼ਾਸਤ੍ਰ", ਪੰ: 67.

2. "One of the distinguishing characteristic of poetry is its use of the connotative power of words... these connotations are so important within the words that they tend to monopolise their meaning and erase their objective or denotative qualities."

   Jacob Korg, "An Introduction to Poetry", 'The Lanauguage of Poetry', Page 36.

ਕਾਵਿ ਸ਼ੈਲੀ ਅਤੇ ਸ਼ੈਲੀਗਤ ਗੁਣ :

ਭਗਤ ਨਾਮਦੇਵ ਦੇ ਕਾਵਿ ਗੁਣ ਦੇ ਸੰਬੰਧ ਵਿਚ ਰੀਤੀ ਜਾਂ ਸ਼ੈਲੀ ਨੂੰ ਬਚਣਾ ਵੀ ਅਨਿਵਾਰੀ ਹੋ ਜਾਂਦਾ ਹੈ । ਡਾ.ਨਗੇਂਦ੍ਰ ਨੇ ਰੀਤੀ ਦੇ ਸੰਬੰਧ ਵਿਚ ਕਿਹਾ ਹੈ :"ਸੁੰਦਰ ਪਦ ਰਚਨਾ ਦਾ ਨਾਂ ਰੀਤੀ ਹੈ, ਇਹ ਸੌਂਦਰਯ ਸ਼ਬਦਗਤ ਤਥਾ ਅਰਥਗਤ ਹੁੰਦਾ ਹੈ ।"[1] ਸ਼ੈਲੀ ਦੇ ਅਨੇਕਾਂ ਪ੍ਰਕਾਰ ਦੱਸੇ ਗਏ ਹਨ । ਵਾਮਨ ਨੇ ਵੈਦਰਭੀ, ਗੌੜੀ ਤੇ ਪਾਂਚਾਲੀ ਰੀਤੀ ਦੇ ਤਿੰਨ ਪ੍ਰਕਾਰ ਮੰਨੇ ਹਨ । ਮੰਮਟ ਅਨੁਸਾਰ ਉਪਨਾਗਿਰਕਾ, ਪਰੁਸ਼ਾ ਅਤੇ ਕੋਮਲਾ ਇਸ ਦੇ ਨਾਮ ਹਨ । ਮੋਟੇ ਤੌਰ ਤੇ ਸ਼ੈਲੀ ਦੇ ਸਵੀਕ੍ਰਿਤ ਕੀਤੇ ਗਏ ਗੁਣ ਹਨ :

ਮਾਧੁਰਯ (sweatness)
ਓਜ (force)
ਪ੍ਰਸਾਦਿ (lucidity)

ਮਾਧੁਰਯ :

ਮਨ ਨੂੰ ਦ੍ਰਵੀਭੂਤ ਕਰਨ ਵਾਲਾ ਗੁਣ ਮਾਧੁਰਯ ਅਖਵਾਉਂਦਾ ਹੈ । ਮਾਧੁਰਯ ਗੁਣ ਭਰਪੂਰ ਰਚਨਾ ਵਿਚ ਟ-ਵਰਗ (ਟ ਠ ਡ ਢ ਣ) ਨੂੰ ਛੱਡ ਕੇ ਬਾਕੀ ਮਿੱਠਸੁਰੇ ਵਰਣਾਂ ਦਾ ਪ੍ਰਯੋਗ ਹੁੰਦਾ ਹੈ । ਰਸਾਂ ਵਿਚ ਸ਼ਿੰਗਾਰ, ਸ਼ਾਂਤ ਅਤੇ ਕਰੁਣਾ ਹੀ ਮਾਧੁਰਯ ਦੇ ਅਨੁਕੂਲ ਹਨ । ਇਸ ਦੁਆਰਾ ਸ਼ਬਦਾਵਲੀ ਤੇ ਸ਼ੈਲੀ ਵਿਚ ਕੋਮਲਤਾ ਤੇ ਦਿਲ ਪਘਲਾਊ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ । ਭਗਤ ਨਾਮਦੇਵ ਦੇ ਕਾਵਿ ਵਿਚੋਂ ਉਦਾਹਰਣ ਵੇਖੋ :

ਮੈ ਬਉਰੀ ਮੇਰਾ ਰਾਮੁ ਭਤਾਰੁ ।।
ਰਚਿ ਰਚਿ ਤਾ ਕਉ ਕਰਉ ਸਿੰਗਾਰੁ ।।
ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ।।
ਤਨੁ ਮਨੁ ਰਾਮ ਪਿਆਰੇ ਜੋਗੁ ।। ਰਹਾਉ ।।

("ਆਦਿ ਗ੍ਰੰਥ", ਰਾਗ ਭੈਰਉ ਨਾਮਦੇਵ,ਪੰ:1164)

---

1. ਮੰਮਟ, "ਕਾਵਯ ਪ੍ਰਕਾਸ਼", ਪੰ:474.

ਇਥੇ ਭਗਤ ਨਾਮਦੇਵ ਕੋਮਲ ਸ਼ਬਦਾਂ ਰਾਹੀਂ ਇਕ ਵਿਲੱਖਣ ਮਧੁਰਤਾ ਨੂੰ ਉਜਾਗਰ ਕਰਦੇ ਹਨ ।

**ਓਜ :**

ਮੰਮਟ ਅਨੁਸਾਰ ਓਜ ਉਹ ਗੁਣ ਹੈ ਜਿਸ ਦੁਆਰਾ ਦਿਲ ਉਤੇਜਿਤ ਹੁੰਦਾ ਹੈ । ਵੀਰ ਰਸ ਵਾਲੀ ਕਵਿਤਾ ਵਿਚ ਇਹ ਸੁਤੇ ਹੀ ਆ ਜਾਂਦਾ ਹੈ । ਬੀਭਤਸ ਤੇ ਰੌਦ੍ਰ ਰਸ ਵਿਚ ਇਸ ਦੀ ਅਧਿਕਤਾ ਹੁੰਦੀ ਹੈ ।[1] ਸਾਰੀ ਰਚਨਾ ਵਿਚ ਭੜਕਾਊ ਜਿਹਾ ਮਾਹੌਲ ਬਣਿਆ ਰਹਿੰਦਾ ਹੈ । ਭਗਤ ਨਾਮਦੇਵ ਜਿਥੇ ਕੱਟੜ ਧਰਮੀਆਂ ਉਤੇ ਕਟਾਖ਼ਸ਼ ਕਰਦੇ ਹਨ, ਇਹ ਗੁਣ ਉਨ੍ਹਾਂ ਦੇ ਕਾਵਿ ਵਿਚ ਉਥੇ ਚਮਕਦਾ ਹੈ। ਮਿਸਾਲ ਵਜੋਂ :

ਆਜ ਨਾਮੇ ਬੀਠਲ ਦੇਖਿਆ ਮੂਰਖ ਕੋ ਸਮਝਾਊਰੇ ।। ਰਹਾਉ ।।
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ।।
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ।।
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤ ਦੇਖਿਆ ਥਾ ।।
ਮੋਦੀ ਕੇ ਘਰਿ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ।।
ਪਾਂਡੇ ਤੁਮਰਾ ਰਾਮਚੰਦ ਸੋ ਭੀ ਆਵਤੁ ਦੇਖਿਆ ਥਾ ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ।।

("ਆਦਿ ਗ੍ਰੰਥ", ਪੰ:874)

**ਪ੍ਰਸਾਦ :**

ਪ੍ਰਸਾਦ ਗੁਣ ਉਥੇ ਹੁੰਦਾ ਹੈ ਜਿਥੇ ਕਾਵਿ-ਭਾਸ਼ਾ ਵਿਚ ਇਸ ਤਰ੍ਹਾਂ ਸ਼ਬਦਾਂ ਦੀ ਚੋਣ ਤੇ ਜੜਤ ਹੁੰਦੀ ਹੈ ਕਿ ਉਨ੍ਹਾਂ ਨੂੰ ਪੜ੍ਹਣ ਜਾਂ ਸੁਣਨ ਸਾਰ ਅਰਥਾਂ ਦਾ ਬੋਧ ਹੁੰਦਾ ਜਾਂਦਾ ਹੈ ।[2] ਉਦਾਹਰਣ ਹਿਤ :

---

1. ਮੰਮਟ, "ਕਾਵਯ ਪ੍ਰਕਾਸ਼", ਪੰ: 475.
2. ਉਹੀ, ਪੰ: 477.

ਸਫਲ ਜਨਮ ਮੋ ਕਉ ਗੁਰ ਕੀਨਾ ।।
ਦੁਖ ਬਿਸਾਰਿ ਸੁਖ ਅੰਤਰਿ ਲੀਨਾ ।।
ਗਿਆਨ ਅੰਜਨ ਮੋ ਕਉ ਗੁਰਿ ਦੀਨਾ ।।
ਰਾਮ ਨਾਮ ਬਿਨ ਜੀਵਨ ਮਨ ਹੀਨਾ।। ਰਹਾਉ ।।

("ਆਦਿ ਗ੍ਰੰਥ", ਰਾਗ ਬਿਲਾਵਲੁ ਨਾਮਦੇਵ, ਪੰ: 857)

ਇਸ ਤਰ੍ਹਾਂ ਕੁਲ ਮਿਲਾ ਕੇ ਭਗਤ ਨਾਮਦੇਵ ਦੀ ਕਾਵਿ-ਚੇਤਨਾ, ਕਲਾ-ਛੁਹ ਤੇ ਭਾਸ਼ਾ ਸ਼ਿਲਪ ਨੇ ਆਪ ਦੇ ਕਾਵਿ ਦੇ ਸੌਂਦਰਯ ਨੂੰ ਨਿਖਾਰਿਆ ਹੈ। ਭਗਤ ਨਾਮਦੇਵ ਦੀ ਪ੍ਰਤਿਭਾ ਦਾ ਇਹ ਕਮਾਲ ਹੈ ਕਿ ਆਪ ਨੇ ਆਪਣੇ ਵਿਸ਼ੇ ਦੇਅਨੁਕੂਲ ਭਾਸ਼ਾ-ਸਮੱਗਰੀ ਚੁਣੀ ਹੈ। ਆਪਦੀਆਂ ਸ਼ਬਦ-ਸ਼ਕਤੀਆਂ ਕਾਵਿਕ ਚੇਤਨਾ, ਭਾਸ਼ਾ-ਸ਼ਿਲਪ ਨੇ ਕੁਲ ਮਿਲਾ ਕੇ ਸਾਧੂ ਭਾਖਾ ਨੂੰ ਪ੍ਰਮਾਣਿਕ ਪਦਵੀ ਦਾ ਅਧਿਕਾਰੀ ਬਣਾ ਦਿੱਤਾ। ਪਿਛਲੇਰੇ ਭਗਤ ਕਵੀਆਂ ਨੇ ਭਾਸ਼ਾ ਦੇ ਇਸ ਮੁਹਾਵਰੇ ਨੂੰ ਅਪਨਾ ਕੇ ਇਸ ਨੂੰ ਵਧੇਰੇ ਮਕਬੂਲ ਬਣਾਇਆ।

= = =

ਅਧਿਆਇ ਪੰਜਵਾਂ

## ਨਾਮਦੇਵ ਦਾ ਪ੍ਰਭਾਵ

## ਨਾਮਦੇਵ ਦਾ ਪ੍ਰਭਾਵ

ਨਾਮਦੇਵ ਕੋਲ ਕਲਿਆਣਕਾਰੀ ਚਿੰਤਨ ਅਤੇ ਸਮਾਜ ਨੂੰ ਘੋਖਣ ਵਾਲੀ ਦ੍ਰਿਸ਼ਟੀ ਹੋਣ ਦੇ ਨਾਲ ਨਾਲ ਇਕ ਮਹਾਨ ਕਵੀ ਦੇ ਗੁਣ ਵੀ ਸਨ । ਆਪਦਾ ਦ੍ਰਿਸ਼ਟੀਕੋਣ ਵਿਸ਼ਾਲ ਅਤੇ ਮਾਨਵਵਾਦੀ ਸੀ । ਆਪਣੇ ਸੱਚ ਨੂੰ ਪਛਾਣਿਆ ਅਤੇ ਲੋਕ-ਕਲਿਆਣ ਹਿਤ ਭਰਮਣ ਵੀ ਕੀਤਾ । ਫਲਸਰੂਪ ਉਹ ਸਾਡੇ ਲੋਕ-ਵਿਰਸੇ ਨਾਲ ਜੁੜੇ ਅਤੇ ਇਸ ਦਾ ਇਕ ਅੰਗ ਹੀ ਬਣ ਗਏ ।

ਆਮ ਵਿਦਵਾਨਾਂ ਲਈ ਇਹ ਗੱਲ ਇਕ ਚਰਚਾ ਦਾ ਵਿਸ਼ਾ ਬਣੀ ਰਹੀ ਕਿ ਨਾਮਦੇਵ ਮਹਾਂਰਾਸ਼ਟਰ ਛੱਡ ਕੇ ਪੰਜਾਬ ਵਾਲੇ ਪਾਸੇ ਕਿਉਂ ਆਏ ? ਜਦੋਂ ਅਸੀਂ ਨਾਮਦੇਵ ਦੇ ਸਮਕਾਲੀ ਸਮਾਜ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਮੱਧ-ਯੁੱਗ ਵਿਚ ਉੱਤਰੀ ਭਾਰਤ ਵਿਚ ਅਨੇਕਾਂ ਕਾਰਨਾਂ ਕਰਕੇ ਸਮਾਜਕ,ਧਾਰਮਿਕ ਤੇ ਰਾਜਨੀਤਕ ਜੀਵਨ ਅਸਤ-ਵਿਅਸਤ ਹੋ ਚੁੱਕਾ ਸੀ । ਰਾਜਨੀਤਕ ਉਥਲ-ਪੁਥਲ ਦੇ ਕਾਰਨ ਸਮੁੱਚਾ ਦੇਸ਼ ਅਨੇਕਾਂ ਭਾਗਾਂ ਵਿਚ ਵੰਡਿਆ ਜਾ ਰਿਹਾ ਸੀ । 12ਵੀਂ ਸਦੀ ਦੇ ਅੰਤ ਵਿਚ ਪ੍ਰਿਥਵੀ ਰਾਜ ਅਤੇ ਜੈ ਚੰਦ ਦੇ ਆਪਸੀ ਵਿਰੋਧ ਦੇ ਕਾਰਨ ਪੰਜਾਬ ਵਿਚ ਜਨ-ਜੀਵਨ ਨੂੰ ਇਕ ਢਾਹ ਜਹੀ ਲਗ ਰਹੀ ਸੀ । ਇਹ ਗੱਲ ਵੀ ਆਪਣੇ ਥਾਂ ਸਹੀ ਹੈ ਕਿ ਜਦੋਂ ਧਰਮ ਅਤੇ ਸਮਾਜ ਨਿੱਘਰ ਰਹੇ ਹੋਣ ਤਾਂ ਕਲਿਆਣਕਾਰੀ ਚਿੰਤਨ ਦੇ ਮਾਲਕ ਸੰਤਾਂ ਦੀਆਂ ਜ਼ਿੰਮੇਵਾਰੀਆਂ ਵਧ ਜਾਂਦੀਆਂ ਹਨ । ਅਜਿਹੀ ਹੀ ਸਥਿਤੀ ਨੂੰ ਵੇਖਕੇ ਭਗਤ ਨਾਮਦੇਵ ਨੇ ਉੱਤਰ ਵਾਲੇ ਪਾਸੇ ਭ੍ਰਮਣ ਕਰਨ ਦਾ ਇਰਾਦਾ ਕੀਤਾ। ਡਾ. ਛੈ:ਕੇ:ਆਡਗਰ ਅਨੁਸਾਰ, "ਉਨ੍ਹਾਂ ਨੂੰ ਇਸ ਗੱਲ ਦਾ ਅਨੁਭਵ ਹੋ ਗਿਆ ਸੀ ਕਿ ਉੱਤਰ ਵਿਚ ਧਰਮ ਅਤੇ ਸੰਸਕ੍ਰਿਤੀ ਨੂੰ ਢਾਹ ਲੱਗ ਰਹੀ ਹੈ ਤਾਂ ਉਨ੍ਹਾਂ ਨੇ ਉੱਤਰ ਵੱਲ ਜਾ ਕੇ ਉਥੋਂ ਦੀ ਜਨਤਾ ਨੂੰ ਜਾਗ੍ਰਿਤ ਕਰਨ ਦਾ ਨਿਸ਼ਚਾ ਕੀਤਾ।"[1]

### ਨਾਮਦੇਵ ਨਵੀਨ ਚੇਤਨਾ ਦੇ ਪ੍ਰੇਰਨਾ-ਸ੍ਰੋਤ :

ਨਿਰਸੰਦੇਹ,ਗੰਗਾ ਘਾਟੀ ਵਿਚ ਹਿੰਦੂ-ਸ਼ਕਤੀ ਦੀ ਹਾਰ ਭਾਰਤੀ ਸੰਸਕ੍ਰਿਤੀ ਲਈ ਇਕ ਦੁਰਘਟਨਾ ਸੀ ਜਿਸਨੇ ਹਿੰਦੂ ਧਰਮ-ਚੇਤਨਾ ਨੂੰ ਡੂੰਘੀ ਸੱਟ ਮਾਰੀ ।

---

1. "ਹਿੰਦੀ ਨਿਰਗੁਣ-ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਕਵਿਤਾ",ਪੰ:293

ਖੁਸ਼ਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਦੱਖਣੀ ਭਾਰਤ ਇਸ ਵਿਸ਼ਾਦ ਗ੍ਰਸਤ ਅਵਸਥਾ ਤੋਂ ਬਚਿਆ ਹੋਇਆ ਸੀ । ਅਸਲ ਵਿਚ ਦੱਖਣ ਵਿਚ ਸੁਧਾਰਵਾਦੀ ਲਹਿਰ ਜਿਸਨੂੰ ਕਿ ਪਿਛੋਂ ਜਾ ਕੇ ਭਗਤੀ ਲਹਿਰ ਦਾ ਨਾਂ ਦਿਤਾ ਗਿਆ, ਜ਼ੋਰ ਫੜ ਰਹੀ ਸੀ । ਮਹਾਂਰਾਸ਼ਟਰ ਵਿਚ ਇਸ ਲਹਿਰ ਦੇ ਪ੍ਰਵਰਤਕ ਸੰਤ ਗਿਆਨੇਸ਼ਵਰ ਅਤੇ ਨਾਮਦੇਵ ਸਨ । ਇਨ੍ਹਾਂ ਦੋਹਾਂ ਸੰਤਾਂ ਨੇ ਇਕੱਠਿਆਂ ਉੱਤਰੀ ਭਾਰਤ ਦੀ ਯਾਤਰਾ ਕੀਤੀ ਅਤੇ ਮੁਸਲਮਾਨਾਂ ਦੁਆਰਾ ਮਹਾਂ-ਨਾਸ਼ ਦਾ ਤਾਂਡਵ-ਨਾਚ ਆਪਣੀ ਅੱਖੀਂ ਵੇਖਿਆ। ਗਿਆਨੇਸ਼ਵਰ ਹਰਦੁਆਰ ਤਕ ਹੀ ਆਏ, ਜਦੋਂ ਕਿ ਨਾਮਦੇਵ ਆਪਣੀ ਅਗਲੀ ਫੇਰੀ ਵਿਚ ਪੰਜਾਬ ਆਏ ਅਤੇ ਜੀਵਨ ਦਾ ਅੰਤਿਮ ਸਮਾਂ ਇਥੇ ਹੀ ਗੁਜ਼ਾਰਿਆ। ਮੁਸਲਮਾਨਾਂ ਦੁਆਰਾ ਪੈਦਾ ਕੀਤੀ ਤ੍ਰਾਸਦੀ-ਪੂਰਵਕ ਸਥਿਤੀ ਨੇ ਨਾਮਦੇਵ ਦੇ ਹਿਰਦੇ ਨੂੰ ਕੰਬਾ ਦਿੱਤਾ ਅਤੇ ਉਹ ਕਹਿ ਉਠੇ "ਪੱਥਰ ਦੇ ਦੇਵਤਿਆਂ ਨੂੰ ਮੁਸਲਮਾਨਾਂ ਨੇ ਤੋੜਿਆ-ਫੋੜਿਆ ਅਤੇ ਪਾਣੀ ਵਿਚ ਡੋਬ ਦਿੱਤਾ, ਪਰ ਉਹ ਫਿਰ ਵੀ ਕ੍ਰੋਧ ਵਿਚ ਨ ਆਏ । ਹੇ ਈਸ਼ਵਰ! ਮੈਂ ਅਜਿਹੇ ਦੇਵਤਿਆਂ ਦੇ ਦਰਸ਼ਨ ਨਹੀਂ ਚਾਹੁੰਦਾ ।"[1]

ਨਾਮਦੇਵ ਨੂੰ ਇਸ ਤ੍ਰਾਸਦ ਭਰੀ ਸਥਿਤੀ ਦਾ ਸ਼ਿਕਾਰ ਵੀ ਹੋਣਾ ਪਿਆ ।[2] ਜਾਤੀ ਭੇਦ-ਭਾਵ, ਤੀਰਥਾਂ ਤੇ ਕੀਤੀ ਜਾਂਦੀ ਲੁੱਟ-ਖਸੁੱਟ ਅਤੇ ਸ਼ਾਸਤਰ-ਗਿਆਨ ਨੇ

---

1. ਐਸੇ ਦੇਵ ਹੋਹਿ ਫੋੜਿਲੇ ਤੁਰਕੀ ।
ਘਾਤਲੇ ਉਦਕੀ ਬੋਭਾਤਿਨਾ ।।
ਐਸੀ ਹੀ ਦੈਵਤੇਂ ਨਕੋ ਦਾਵੂੰ ਦੇਵਾ ।।
ਨਾਮਾ ਕੇਸ਼ਵਾ ਵਿਨਵਿਤਸੇ ।।

ਸਕਲ ਸੰਤ ਗਾਥਾ, ਅਭੰਗ 1667, ਡਾ. ਛੰ:ਕੇ:ਆਡਗਰ "ਹਿੰਦੀ ਨਿਰਗੁਣ-ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਪਦਾਵਲੀ", ਪੰ:268 ਤੋਂ ਉਦ੍ਰਿਤ ।

2. ਸੁਲਤਾਨ ਪੂਛੈ ਸੁਨੁ ਬੇਨਾਮਾ।। ਦੇਖਉ ਰਾਮ ਤੁਮਾਰੇ ਕਾਮਾ ।।
ਨਾਮਾ ਸੁਲਤਾਨੇ ਬਾਧਿਲਾ।। ਦੇਖਉ ਤੇਰਾ ਹਰਿ ਬੀਠੁਲਾ।। ਰਹਾਉ ।।
ਬਿਸਮਿਲ ਗਊ ਦੇਹੁ ਜੀਵਾਇ।। ਨ ਤਰੁ ਗਰਦਨ ਮਾਰਉ ਠਾਇ।।
ਬਾਦਸਾਹਿ ਐਸੀ ਕਿਉਂ ਹੋਇ।। ਬਿਸਮਿਲ ਕੀਆ ਨ ਜੀਵੈ ਕੋਇ ।।
ਮੇਰਾ ਕੀਆ ਕਛੂ ਨ ਹੋਇ।। ਕਰਿਹੈ ਰਾਮ ਹੋਇ ਹੈ ਸੋਇ ।।
ਬਾਦਸ਼ਾਹ ਚੜ੍ਹਿਓ ਅਹੰਕਾਰਿ।। ਗਜ ਹਸਤੀ ਦੀਨੋ ਚਮਕਾਰਿ।।
ਰੁਦਨੁ ਕਰੈ ਨਾਮੇ ਕੀ ਮਾਇ।। ਛੋਡਿ ਮਨ ਕੀ ਨ ਭਜਹਿ ਖੁਦਾਇ।।

("ਆਦਿ ਗ੍ਰੰਥ", ਪੰ:1165)

ਮਾਨਵ ਧਰਮ ਨੂੰ ਮਿੱਟੀ ਵਿਚ ਰਲਾ ਦਿੱਤਾ । ਮਹਾਰਾਸ਼ਟਰ ਦੇ ਸੁਤੰਤਰ ਵਾਤਾਵਰਣ ਵਿਚ ਅਤੇ ਗਿਆਨੇਸ਼ਵਰ ਤੇ ਵਿਸ਼ੋਬਾਖੇਚਰ ਦੇ ਵਿਚਾਰਾਂ ਦਾ ਪ੍ਰਭਾਵ ਲੈ ਕੇ ਨਾਮਦੇਵ ਨੇ ਉੱਤਰੀ ਭਾਰਤ ਵਿਚ ਮਾਨਵ ਧਰਮ ਦਾ ਪ੍ਰਚਾਰ ਕੀਤਾ; ਉਹ ਧਰਮ ਜਿਸਦੀ ਆਧਾਰਸ਼ਿਲਾ ਸੱਚਾ ਆਚਾਰ ਸੀ ਅਤੇ ਜਿਸਦਾ ਸਾਧੱਯ ਭਗਵਾਨ ਸੀ। ਨਾਮਦੇਵ ਨੇ ਇਸ ਨਵੀਂ ਸੋਚ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਆਪਣੇ ਵਿਚਾਰਾਂ ਨੂੰ ਸ਼ਬਦੀ ਜਾਮਾ ਪਹਿਨਾਇਆ। ਲੋਕ-ਸਮੂਹ ਵਿਚ ਆਪ ਸ਼ਾਮਿਲ ਹੋਏ ਅਤੇ ਉੱਤਰੀ ਭਾਰਤ ਦੀ ਸਾਂਸਕ੍ਰਿਤੀ ਦੇ ਨਵ-ਜਾਗਰਣ ਦੇ ਸਰੋਤ ਵਜੋਂ ਪ੍ਰਵਾਣਿਤ ਹੋਏ । ਡਾ. ਰਾਮਰਤਨ ਭਟਨਾਗਰ ਅਨੁਸਾਰ "ਇਸ ਪ੍ਰਕਾਰ 1300ਈ: ਤੋਂ 1600ਈ: ਤਕ ਮੱਧ-ਯੁਗੀਨ ਨਵ ਜਾਗਰਣ ਦਾ ਚੱਕਰ ਬੜੀ ਤੀਬਰ ਗਤੀ ਨਾਲ ਉਪਰ ਵੱਲ ਚੜ੍ਹਿਆ । ਰਾਮਾਨੰਦ ਤੋਂ ਪਹਿਲਾਂ ਨਾਮਦੇਵ ਨੂੰ ਛੱਡ ਕੇ ਕੋਈ ਐਸਾ ਸੰਤ ਨਹੀਂ ਮਿਲਦਾ ਜੋ ਇਸ ਪਰਿਵਰਤਨ ਲਈ ਉੱਤਰਦਾਈ ਹੋ ਸਕੇ ।"[1]

ਪ੍ਰਭਾਵ :

ਭਗਤ ਨਾਮਦੇਵ ਬਾਰੇ ਇਹ ਗੱਲ ਵਿਸ਼ੇਸ਼ ਮਹੱਤਵਪੂਰਣ ਹੈ ਕਿ ਪੰਜਾਬ ਵਾਲੇ ਪਾਸੇ ਆਏ ਤਾਂ ਪੰਜਾਬੀਅਤ ਦਾ ਇਕ ਅੰਗ ਬਣ ਗਏ । ਸੰਭਵ ਹੈ ਹੋਰ ਵੀ ਅਨੇਕਾਂ ਸਾਧੂ-ਸੰਤ ਇਸ ਧਰਤੀ ਤੇ ਆਏ ਹੋਣ,ਪਰ ਨਾਮਦੇਵ ਨੇ ਆਪਣੇ ਵਿਅਕਤਿਤਵ ਨਾਲ ਪੰਜਾਬੀ ਸਭਿਆਚਾਰ, ਇਥੋਂ ਦੀ ਸਾਂਸਕ੍ਰਿਤੀ ਨੂੰ ਤੇ ਜਨਜੀਵਨ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਕਿ ਨਾਮਦੇਵ ਇਕੱਲੇ ਮਹਾਰਾਸ਼ਟਰ ਦੇ ਨਾਮਦੇਵ ਹੀ ਨ ਰਹਿਕੇ ਪੰਜਾਬ ਦੇ ਨਾਮਦੇਵ ਵੀ ਮੰਨੇ ਜਾਣ ਲੱਗੇ । ਨਾਮਦੇਵ ਦਾ ਪ੍ਰਭਾਵ ਮੁੱਖ ਰੂਪ ਵਿਚ ਦੋ ਦ੍ਰਿਸ਼ਟੀਕੋਣਾਂ ਤੋਂ ਸਾਡੇ ਸਾਹਮਣੇ ਉੱਭਰਦਾ ਹੈ :

(ੳ) ਸ਼ਖ਼ਸੀ ਪ੍ਰਭਾਵ

(ਅ) ਬਾਣੀ ਦਾ ਪ੍ਰਭਾਵ

ਸ਼ਖ਼ਸੀ ਪ੍ਰਭਾਵ :

ਭਗਤ ਨਾਮਦੇਵ ਨੇ ਪੰਜਾਬ ਦੀ ਧਰਤੀ ਤੇ ਜੀਵਨ ਦੇ ਆਖ਼ਰੀ ਅਠਾਰਾਂ ਸਾਲ ਬਤੀਤ ਕੀਤੇ। ਇਨ੍ਹਾਂ ਅਠਾਰਾਂ ਸਾਲਾਂ ਵਿਚ ਆਪ ਨੇ ਪੰਜਾਬੀ ਸਭਿਆਚਾਰ ਵਿਚ ਉਹ ਬੀਜ ਰਲਾ ਦਿੱਤੇ ਜਿਹੜੇ ਗੁਰੂ-ਕਾਲ ਸਮੇਂ ਵਧੇ-ਫੁੱਲੇ ਤੇ ਪ੍ਰਵਾਨ ਚੜ੍ਹੇ। ਡਾ. ਛੈ:ਕੇ:

1. "ਮੱਧ ਯੁਗੀਨ ਵੈਸ਼ਣਵ ਸੰਸਕ੍ਰਿਤੀ ਔਰ ਤੁਲਸੀਦਾਸ", ਪੰ:4.

ਆਡਗਰ ਦਾ ਇਹ ਕਥਨ ਬੜਾ ਭਾਵ-ਪੂਰਤ ਹੈ ਕਿ ਜੇਕਰ ਨਾਮਦੇਵ ਅਤੇ ...ਗੁਰੂ ਨਾਨਕ ਆਦਿ ਕਵੀ ਪੰਜਾਬ ਨੂੰ ਆਪਣਾ ਕਾਰਜ ਖੇਤ੍ਰ ਨ ਬਣਾਉਂਦੇ ਤਾਂ ਦੇਸ਼ ਦੇ ਬਟਵਾਰੇ ਸਮੇਂ ਪੰਜਾਬ ਦਾ ਜੋ ਹਿੱਸਾ ਅੱਜ ਭਾਰਤ ਵਿਚ ਹੈ ਉਸਤੋਂ ਵੀ ਸਾਨੂੰ ਹੱਥ ਧੋਣੇ ਪੈਂਦੇ ।"[1]

ਨਾਮਦੇਵ ਨੇ ਇਸ ਧਰਤੀ ਦੇ ਪਾਂਡਿਆਂ ਤੇ ਪ੍ਰੋਹਤਾਂ 'ਤੇ ਕਟਾਖਸ਼ ਕੀਤਾ।[2] ਆਪ ਪਾਂਡਿਆਂ ਦੀਆਂ ਫੋਕੀਆਂ ਡੀਂਗਾਂ ਦਾ ਮਜ਼ਾਕ ਉਡਾਉਂਦੇ ਤੇ ਕੇਵਲ ਰਾਮਨਾਮ ਜਪਣ ਦਾ ਉਪਦੇਸ਼ ਕਰਦੇ।[3] ਮੂਰਤੀ ਪੂਜਾ ਤੋਂ ਉੱਪਰ ਹਰੀ ਸਿਮਰਨ ਦਾ ਪ੍ਰਚਾਰ ਕੀਤਾ ।[4] ਪੰਡਤਾਊ ਜਮਾਤ ਨੇ ਜਨ-ਸਾਧਾਰਣ ਨੂੰ ਮੁਕਤੀ ਦਾ ਇਕੋ-ਇਕ

---

1. "ਹਿੰਦੀ ਨਿਰਗੁਣ-ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਦੀ ਹਿੰਦੀ ਕਵਿਤਾ", ਪੰ:293.

2. ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕੇ ਖੇਤੁ ਖਾਤੀ ਥੀ ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥
ਪਾਂਡੇ ਤੁਮਰਾ ਮਹਾਂਦੇਉ ਧਉਲੇ ਬਲਦ ਚੜਿਆ ਆਵਤ ਦੇਖਿਆ ਥਾ ॥
ਮੋਦੀ ਕੇ ਘਰਿ ਖਾਣਾ ਪਾਕਾ ਵਾਕਾ ਲੜਕਾ ਮਰਿਆ ਥਾ ॥
ਪਾਂਡੇ ਤੁਮਰਾ ਰਾਮਚੰਦ ਸੋ ਭੀ ਆਵਤ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੇ ਜੋਇ ਗਵਾਈ ਥੀ ॥
("ਆਦਿ ਗ੍ਰੰਥ", ਰਾਗ ਗੋਂਡ ਨਾਮਦੇਵ, ਪੰ:874)

3. ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥ ਜਲ ਕੀ ਮਾਛੁਲੀ ਚਰੈ ਖਜੂਰਿ ॥
ਕਾਏ ਰੇ ਬਕਬਾਦ ਲਇਓ॥ ਜਿਨਿ ਹਰਿ ਪਾਇਓ ਤਿਨਹਿ ਛਪਾਇਓ॥
ਪੰਡਿਤੁ ਹੋਇ ਕੈ ਬੇਦੁ ਬਖਾਨੈ॥ ਮੂਰਖ ਨਾਮਦੇਉ ਰਾਮਹਿ ਜਾਨੈ॥
("ਆਦਿ ਗ੍ਰੰਥ", ਰਾਗ ਟੋਡੀ ਨਾਮਦੇਵ, ਪੰ:718)

4. ਏਕੈ ਪਾਥਰ ਕੀਜੇ ਭਾਉ॥ ਦੂਜੇ ਪਾਥਰ ਧਰੀਐ ਪਾਉ ॥
ਜੇ ਓਹੁ ਦੇਉ ਤ ਓਹੁ ਭੀ ਦੇਵਾ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ॥
("ਉਹੀ", ਰਾਗ ਗੂਜਰੀ ਨਾਮਦੇਵ, ਪੰ:525)

ਸਾਧਨ ਤੀਰਥ-ਇਸ਼ਨਾਨ[1] ਅਤੇ ਵਰਤ ਆਦਿ ਰੱਖਣੇ ਹੀ ਸਮਝਾ ਰੱਖਿਆ ਸੀ।[2] ਨਾਮਦੇਵ ਦੀ ਤੀਬਰ ਨਜ਼ਰ ਇਨ੍ਹਾਂ ਆਮ ਫੈਲੇ ਮੁਕਤੀ ਦੇ ਭਰਮ-ਜਾਲਾਂ ਵੱਲ ਗਈ ਤਾਂ ਆਪਣੇ ਪਿੰਡ ਪਿੰਡ ਫਿਰਕੇ ਇਨ੍ਹਾਂ ਫੋਕੇ ਭਰਮਾਂ ਦਾ ਖੰਡਨ ਕਰਨਾ ਸ਼ੁਰੂ ਕਰ ਦਿੱਤਾ ।

ਮੁਸਲਮਾਨ ਸਾਸ਼ਕ ਵਰਗ ਸੀ । ਹਿੰਦੂ ਸਮਾਜ ਪ੍ਰਤੀ ਉਨ੍ਹਾਂ ਦਾ ਰਵੱਈਆ ਸ਼ਲਾਘਾਯੋਗ ਨਹੀਂ ਸੀ । ਧਰਮਾਂ ਦੇ ਠੇਕੇਦਾਰ ਚਾਹੇ ਕਾਜੀ ਹੋਣ, ਚਾਹੇ ਪੰਡਿਤ ਨਾਮਦੇਵ ਨੇ ਸਭ ਦੇ ਵਿਰੁੱਧ ਅਵਾਜ਼ ਉੱਠੀ ਕੀਤੀ[3] ਤਾਂ ਜੋ ਜਨ-ਸਮੂਹ ਵਿਚ ਇਨ੍ਹਾਂ ਦੇ ਜਬਰ ਦੇ ਵਿਰੁੱਧ ਇਕ ਜਾਗ੍ਰਿਤੀ ਉਤਪੰਨ ਹੋ ਸਕੇ ।

ਨਾਮਦੇਵ ਨੇ ਲੋਕ-ਬੋਲੀ ਵਿਚ ਆਪਣੇ ਕਾਵਿ ਨੂੰ ਗਾ ਕੇ ਜਨ-ਸਮੂਹ ਨੂੰ ਉੱਚੀਆਂ ਤੇ ਸੁੱਚੀਆਂ ਸਦਾਚਾਰਕ ਕੀਮਤਾਂ ਅਪਨਾਉਣ ਲਈ ਪ੍ਰੇਰਿਤ ਕੀਤਾ ।[4]

ਆਪ ਨੇ ਪੰਜਾਬ ਵੱਲ ਆਉਂਦਿਆਂ ਆਪਣੇ 'ਸੱਚ ਦੇ ਮਾਰਗ' ਦਾ ਉਪਦੇਸ਼ ਸ਼ੁਰੂ ਕਰ ਦਿੱਤਾ । ਜਿਵੇਂ ਕਿ ਆਪ ਦੇ ਸੰਬੰਧ ਵਿਚ ਲਿਖਿਆ ਹੈ :"ਆਪਣੇ ਇਸ ਖਿੱਤੇ ਦੇ ਲੋਕਾਂ ਨਾਲ ਸਭਿਆਚਾਰਕ ਸਾਂਝ ਜੋੜੀ ।"[5]

---

1. ਅਸੁਮੇਧ ਜਗਨੇ।। ਤੁਲਾ ਪੁਰਖ ਦਾਨੇ।। ਪ੍ਰਾਗ ਇਸਨਾਨੇ।।
ਤਉ ਨ ਪੂਜਹਿ ਹਰਿ ਕੀਰਤਿ ਨਾਮਾ।। ਅਪੁਨੇ ਰਾਮਹਿ ਭਜ ਰੇ ਮਨ ਆਲਸੀਆ।।
("ਆਦਿ ਗ੍ਰੰਥ", ਰਾਗ ਗੋਂਡ ਨਾਮਦੇਵ, ਪੰ:873)

2. ਏਕਾਦਸ਼ੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ।। ("ਉਹੀ", ਰਾਗ ਟੋਡੀ ਨਾਮਦੇਵ, ਪੰ:718)

3. ਹਿੰਦੂ ਅੰਨਾ ਤੁਰਕੂ ਕਾਣਾ।। ਦੁਹਾਂ ਤੇ ਬ੍ਰਹਮ ਗਿਆਨੀ ਸਿਆਣਾ।।
ਹਿੰਦੂ ਪੂਜੇ ਦੇਹੁਰਾ ਮੁਸਲਮਾਨ ਮਸੀਤਿ।।ਨਾਮੇ ਸੋਈ ਸੇਵਿਆ ਜ ਦੇਹੁਰਾ ਨ ਮਸੀਤਿ।।
("ਆਦਿ ਗ੍ਰੰਥ", ਰਾਗ ਗੋਂਡ ਨਾਮਦੇਵ, ਪੰ:874)

4. ਘਰ ਕੀ ਨਾਰ ਤਿਆਗੈ ਅੰਧਾ।। ਪਰ ਨਾਰੀ ਸਿਉਂ ਘਾਲੈ ਧੰਧਾ ।।
("ਉਹੀ", ਰਾਗ ਭੈਰਉ ਨਾਮਦੇਵ, ਪੰ:1165)

5. ਡਾ. ਦਵਿੰਦਰ ਸਿੰਘ, "ਆਦਿ ਕਾਲੀਨ ਪੰਜਾਬੀ ਸਾਹਿਤ", ਪੰ:216.

## ਨਾਮਦੇਵ ਸਿਮ੍ਰਿਤੀਆਂ :

ਭਗਤ ਨਾਮਦੇਵ ਦੇ ਪੰਜਾਬ ਵਾਲੇ ਪਾਸੇ ਆਉਣ ਦਾ ਵਿਸਤ੍ਰਿਤ ਵੇਰਵਾ ਤਾਂ ਉਪਲਬਧ ਨਹੀਂ ਹੁੰਦਾ, ਕੇਵਲ ਏਨਾ ਪਤਾ ਲਗਦਾ ਹੈ ਕਿ ਆਪ ਹਰਦੁਆਰ ਦੇ ਰਸਤੇ ਪੰਜਾਬ ਵੱਲ ਆਏ ਤੇ ਸਭ ਤੋਂ ਪਹਿਲਾ ਪੜਾਅ ਭੂਤ ਵਿੰਡ ਕੀਤਾ ।

## ਭੂਤ-ਵਿੰਡ ਵਿਚ ਬੋਹਰ ਦਾਸ ਨੂੰ ਜੀਵਤ ਕਰਨਾ :

ਭੂਤ ਵਿੰਡ ਪਿੰਡ ਵਿਚ ਭਗਤ ਨਾਮਦੇਵ ਨੇ ਡੇਰਾ ਲਾਇਆ । ਆਪ ਸੁਬਾਹ-ਸ਼ਾਮ ਈਸ਼ਵਰ ਦੇ ਭਜਨ ਗਾਇਨ ਕਰਿਆ ਕਰਦੇ ਸਨ । ਆਪ ਦੀ ਸਿਫ਼ਤ-ਸਲਾਹ ਦਿਨਾਂ ਵਿਚ ਹੀ ਹੋਣ ਲਗ ਪਈ ਤੇ ਅਨੇਕਾਂ ਸ਼ਰਧਾਲੂ ਲੋਕ ਆਪ ਪਾਸ ਆਉਣੇ ਸ਼ੁਰੂ ਹੋ ਗਏ । ਸੰਗਤ ਵਿਚ ਇਕ ਬਜ਼ੁਰਗ ਔਰਤ 'ਅਕੇਲੀ' ਆਪਣੇ ਪੁੱਤਰ ਨਾਲ ਆਉਣ ਲਗ ਪਈ । ਇਸ ਬਾਲਕ ਉੱਤੇ ਨਾਮਦੇਵ ਦੇ ਉਪਦੇਸ਼ ਦਾ ਅਤਿਅੰਤ ਅਸਰ ਹੋਇਆ । ਉਹ ਆਪਦਾ ਪ੍ਰੇਮੀ-ਭਗਤ ਬਣ ਗਿਆ । ਅਚਾਨਕ ਇਕ ਦਿਨ ਬੋਹਰਦਾਸ ਪੇਟ ਦੀ ਦਰਦ ਨਾਲ ਚੱਲ ਵੱਸਿਆ । ਨਾਮਦੇਵ ਜੀ ਨੂੰ ਪਤਾ ਲੱਗਣ ਤੇ ਉਸ ਬਾਲਕ ਦੇ ਘਰ ਗਏ ਤੇ ਪ੍ਰੇਮ-ਤਣਾਵਾਂ ਨਾਲ ਬੱਚੇ ਨੂੰ ਠੀਕ ਕਰ ਲਿਆ ਤੇ ਉਸਦਾ ਨਾਮ ਬੋਹੜਦਾਸ ਰੱਖਿਆ।[1]

## ਪਿੰਡ ਮਰੜ ਨਾਲ ਜੁੜੀਆਂ ਨਾਮਦੇਵ ਸਿਮ੍ਰਿਤੀਆਂ :

ਇਹ ਪਿੰਡ ਜ਼ਿਲ੍ਹਾ ਗੁਰਦਾਸਪੁਰ ਵਿਚ ਹੈ । ਜਦੋਂ ਨਾਮਦੇਵ ਭੂਤ ਵਿੰਡ ਤੋਂ ਚਲਕੇ ਮਰੜ ਆਏ ਤਾਂ ਸਤਿ-ਉਪਦੇਸ਼ ਦਾ ਪ੍ਰਵਾਹ ਇਥੇ ਜਾਰੀ ਹੋ ਗਿਆ। ਇਥੇ ਨਾਮਦੇਵ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਹੈ,ਸਰੋਵਰ ਹੈ ਅਤੇ ਹੁਣ ਇਕ ਸਰਾਂ ਸੰਗਤਾਂ ਦੇ ਠਹਿਰਣ ਲਈ ਉਸਾਰੀ ਜਾ ਰਹੀ ਹੈ । ਇਸ ਗੁਰਦੁਆਰੇ ਦੀ ਕਾਰ-ਸੇਵਾ ਬਾਬਾ ਮੇਜਰ ਸਿੰਘ ਪਟਿਆਲੇ ਵਾਲੇ ਕਰਵਾ ਰਹੇ ਹਨ ।

ਇਸ ਗੁਰਦੁਆਰੇ ਵਿਚ ਹਰ ਮਾਂਹ ਮੱਸਿਆ ਨੂੰ ਇਕ ਮੇਲਾ ਲੱਗਦਾ ਹੈ ਅਤੇ ਲੋਕ-ਰਵਾਇਤ ਹੈ ਕਿ ਮੱਸਿਆ ਦੇ ਦਿਨ ਜੋ ਔਰਤ ਇਸ ਸਰੋਵਰ ਵਿਚ ਇਸ਼ਨਾਨ ਕਰੇਗੀ ਉਸਦੀ ਝੋਲੀ ਭਰ ਜਾਵੇਗੀ ਅਰਥਾਤ ਉਹ ਬਾਂਝ ਨਹੀਂ ਰਹੇਗੀ।[2]

---

1. ਗਿਆਨੀ ਖਜਾਨ ਸਿੰਘ, "ਜਨਮਸਾਖੀ ਭਗਤ ਨਾਮਦੇਵ ਜੀ",ਪੰ:121.
2. ਇਹ ਕਥਨ ਬਾਬਾ ਮੇਜਰ ਸਿੰਘ ਜੀ ਦੇ ਹਨ ਤੇ ਹੋਰ ਪ੍ਰੇਮੀ-ਜਨ ਵੀ ਇਸ ਕਥਨ ਦੀ ਪ੍ਰੋੜ੍ਹਤਾ ਕਰਦੇ ਹਨ ।

ਪਿੰਡ ਭੱਟੀਵਾਲ ਅਤੇ ਨਾਮਦੇਵ :

ਮਰੂੜ ਤੋਂ ਚੱਲ ਕੇ ਭਗਤ ਨਾਮਦੇਵ ਪਿੰਡ ਭੱਟੀਵਾਲ ਆਏ ਤੇ ਪਿੰਡ ਤੋਂ ਬਾਹਰ ਡੇਰਾ ਲਗਾ ਦਿੱਤਾ । ਸੰਗਤ ਉਥੇ ਵੀ ਆਉਣ ਲੱਗੀ ।

ਇਥੋਂ ਦੀ ਰਵਾਇਤ ਅਨੁਸਾਰ ਨਾਮਦੇਵ ਜੀ ਨੇ ਲੋਕਾਂ ਦੀ ਪਾਣੀ ਦੀ ਤਕਲੀਫ਼ ਨੂੰ ਦੂਰ ਕਰਨ ਲਈ ਇਥੇ ਖੂਹ ਲਗਵਾਇਆ ਜੋ ਕਿ ਨਾਮੇਆਣਾ ਕਰਕੇ ਮਸ਼ਹੂਰ ਹੈ । ਇਥੇ ਬਾਬਾ ਨਾਰਾਇਣ ਦਾਸ ਜੋ ਕਿ ਮਰਾਠੀ ਹਨ 1973ਈ:ਤੋਂ ਇਥੇ ਰਹਿ ਕੇ ਗੁਰਦੁਆਰੇ ਦੀ ਸੇਵਾ ਕਰ ਰਹੇ ਹਨ । ਬਾਬਾ ਨਾਰਾਇਣ ਦਾਸ ਦੇ ਕਥਨ ਅਨੁਸਾਰ ਨਾਮਦੇਵ ਭੱਟੀਵਾਲ ਹੀ ਸਮਾਏ ਸਨ,ਪਰ ਇਹ ਤੱਥ ਸਹੀ ਨਹੀਂ, ਕਿਉਂ ਜੋ ਉਸ ਨਗਰ ਵਿਚ ਅਜਿਹੀ ਕੋਈ ਗਵਾਹੀ ਉਪਲਬਧ ਨਹੀਂ ਹੈ । ਭਾਈ ਲੱਧੇ ਵਾਲੀ ਘਟਨਾ ਇਥੇ ਹੀ ਵਾਪਰੀ ।[1]

ਪਿੰਡ ਭੱਟੀਵਾਲ ਵਿਚ ਤਿੰਨ ਯਾਦਗਾਰਾਂ ਹਨ ਜੋ ਨਾਮਦੇਵ ਜੀ ਦੀ ਭੱਟੀਵਾਲ ਦੀ ਫੇਰੀ ਨਾਲ ਸੰਬੰਧਿਤ ਹਨ :

1. ਨਾਮੇਆਣਾ : ਮੁੱਖ ਗੁਰਦੁਆਰਾ
2. ਖੂੰਡੀ ਸਾਹਿਬ : ਇਥੇ ਨਾਮਦੇਵ ਜੀ ਦੇ ਸਮੇਂ ਦੀ ਬੇਰੀ ਹੈ । ਇਕ ਰਵਾਇਤ ਮੁਜਬ ਆਪਣੇ ਬੇਰੀ ਦੀ ਖੂੰਡੀ ਇਥੇ ਦਬਾ ਦਿੱਤੀ ਜੋ ਕਿ ਬੇਰੀ ਦਾ ਰੁੱਖ ਬਣੀ ਹੋਈ ਹੈ।
3. ਖੂਹ ਸਾਹਿਬ: ਜਿਥੇ ਨਾਮਦੇਵ ਨੇ ਖੂਹ ਲਗਵਾਇਆ ।

ਪਿੰਡ ਘੁਮਾਣ ਅਤੇ ਨਾਮਦੇਵ :

ਇਹ ਪਿੰਡ ਵੀ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ । ਇਸ ਪਿੰਡ ਵਿਚ ਨਾਮਦੇਵ ਨਾਲ ਸੰਬੰਧਿਤ ਦੋ ਯਾਦਗਾਰਾਂ ਹਨ :

(ੳ) ਮੰਦਿਰ ਸ੍ਰੀ ਸੁਵਾਮੀ ਨਾਮਦੇਵ ਜੀ :

ਇਸ ਯਾਦਗਾਰ ਦੇ ਮੁੱਖ ਦਵਾਰ ਤੇ ਦੇਵ-ਨਾਗਰੀ ਲਿੱਪੀ ਵਿਚ ਮੰਦਿਰ ਸ੍ਰੀ ਸੁਵਾਮੀ ਨਾਮਦੇਵ ਜੀ ਉਕਰੇ ਹਨ। ਇਹ ਸਥਾਨ ਹਿੰਦੂ-ਮਤ ਤੇ ਗੁਰਮਤਿ ਤੋਂ ਪ੍ਰਭਾਵਿਤ ਹੈ। ਇਕ ਪਾਸੇ ਸ਼ਿਵ-ਲਿੰਗ ਹੈ ਤੇ ਦੂਸਰੇ ਪਾਸੇ "ਆਦਿ ਗ੍ਰੰਥ" ਦਾ ਪ੍ਰਕਾਸ਼ । ਨਗਰ

---

1. ਗਿਆਨੀ ਖਜਾਨ ਸਿੰਘ, "ਜਨਮਸਾਖੀ ਭਗਤ ਨਾਮਦੇਵ ਜੀ", ਪੰ:125.

ਤੇ ਆਮ ਲੋਕਾਂ ਵਿਚ ਇਹ ਸਥਾਨ ਮੰਦਿਰ ਨਾਮਦੇਵ ਜੀ ਕਰਕੇ ਹੀ ਪ੍ਰਸਿੱਧ ਹੈ। ਇਸ ਮੰਦਿਰ ਦੇ ਨਾਮ ਤੇ 'ਰਣਜੀਤ ਸਿੰਘ ਕਾਲਾ' ਵਿਚ ਜ਼ਮੀਨ ਵੀ ਲੱਗੀ ਸੀ। ਪਰ ਹੁਣ ਪ੍ਰਬੰਧਕੀ ਕਮੇਟੀ ਅਨੁਸਾਰ ਉਸ ਉਪਰ ਪਿੰਡ ਦੇ ਤਕੜੇ ਜ਼ਿਮੀਂਦਾਰਾਂ ਦਾ ਕਬਜ਼ਾ ਹੈ।

ਇਥੇ ਮੱਸਿਆ ਤੋਂ ਅਤਿਰਿਕਤ ਹਰ ਸਾਲ ਮਾਘੀ ਦੇ ਦਿਨ ਵਿਸ਼ਾਲ ਮੇਲਾ ਲੱਗਦਾ ਹੈ। ਸ: ਸ਼ਿਵ ਸਿੰਘ, ਪ੍ਰਧਾਨ, ਪ੍ਰਬੰਧਕੀ ਕਮੇਟੀ ਅਨੁਸਾਰ ਇਸ ਸਥਾਨ ਤੇ ਹਰ ਇਕ ਦੇ ਮਨ ਦੀ ਮੁਰਾਦ ਪੂਰੀ ਹੁੰਦੀ ਹੈ ਤੇ ਵਿਸ਼ੇਸ਼ ਕਰਕੇ ਮਾਘੀ ਦੇ ਦਿਨ ਲੋਕ ਨਵ-ਜਨਮੇ ਬੱਚੇ ਨੂੰ ਬੜੀ ਸ਼ਰਧਾ ਨਾਲ ਮੱਥਾ ਟਿਕਾਉਣ ਆਉਂਦੇ ਹਨ।

(ਅ) ਤਪਿਆਣਾ ਸਾਹਿਬ :

ਇਸ ਸਥਾਨ ਤੇ ਇਕ ਭੋਰਾ ਹੈ ਜਿਥੇ ਕਿ ਪਿੱਤਲ ਦੇ ਪੱਤਰੇ ਨਾਲ ਜੜੀ ਨਾਮਦੇਵ ਦੀ ਮੂਰਤੀ ਹੈ। ਇਕ ਰਵਾਇਤ ਅਨੁਸਾਰ ਭਗਤ ਨਾਮਦੇਵ ਇਸ ਸਥਾਨ ਤੇ ਬੈਠ ਕੇ ਤਪ ਕਰਿਆ ਕਰਦੇ ਸਨ ਤੇ ਸੰਗਤਾਂ ਨੂੰ ਉਪਦੇਸ਼ ਦਿਆ ਕਰਦੇ ਸਨ। ਇਥੇ ਇਕ ਸਰੋਵਰ ਵੀ ਹੈ।

(ੲ) ਅੰਗੀਠਾ ਸਾਹਿਬ :

ਇਥੇ ਇਕ ਸਥਾਨ ਅੰਗੀਠਾ ਸਾਹਿਬ ਹੈ। ਜਿਥੇ ਨਾਮਦੇਵ ਜੀ ਦਾ ਅੰਤਿਮ-ਸੰਸਕਾਰ ਕੀਤਾ ਗਿਆ। ਇਸ ਸਥਾਨ ਲਈ 'ਦੇਹੁਰਾ ਭਗਤ ਨਾਮਦੇਵ' ਸ਼ਬਦ ਵੀ ਵਰਤੇ ਜਾਂਦੇ ਹਨ।

ਇਸ ਤਰ੍ਹਾਂ ਭਗਤ ਨਾਮਦੇਵ ਪੰਜਾਬ ਦੇ ਸਭਿਆਚਾਰਕ ਵਿਰਸੇ ਨਾਲ ਉਝ ਵੀ ਜੁੜੇ ਪਏ ਹਨ ਜਿਵੇਂ ਕਿ ਗੁਰੂ ਸਾਹਿਬਾਨ।

## ਨਾਮਦੇਵ ਪੰਥ :

ਪੰਜਾਬੀਅਤ ਨੂੰ ਨਾਮਦੇਵ ਦੇ ਜੀਵਨ ਨਾਲ ਜੁੜੀ ਵੇਖਕੇ ਕੁਝ ਵਿਦਵਾਨਾਂ ਨੇ ਨਾਮਦੇਵ ਦੇ ਨਾਮ ਉਪਰ ਚੱਲੇ ਇਕ ਪੰਥ ਦੀ ਵੀ ਗੱਲ ਕੀਤੀ ਹੈ। ਭਗਤ ਨਾਮਦੇਵ (ਛੀਪਾ) ਛੀਂਬਾ ਜਾਤੀ ਦੇ ਸਨ ਅਤੇ ਵਿਲੀਅਮ ਕਰੁਕ, "ਇਸ ਜਾਤੀ ਦੀ ਇਕ ਸ਼ਾਖਾ ਨੂੰ ਨਾਮਦੇਵ ਪੰਥ ਦੱਸਦੇ ਹਨ"। ਇਸ ਪੰਥ ਬਾਰੇ ਚਰਚਾ ਕਰਦਿਆਂ ਉਨ੍ਹਾਂ ਲਿਖਿਆ ਹੈ, "ਇਹ ਲੋਕ ਇਕ ਈਸ਼ਵਰਵਾਦੀ ਅਤੇ ਕਰਮ-ਕਾਂਡਾਂ ਦੇ ਵਿਰੋਧੀ ਹੁੰਦੇ ਹਨ। ਇਹ ਛੀਪਾ ਜਾਤੀ ਦੇ ਬਾਕੀ ਲੋਕਾਂ ਨਾਲੋਂ ਆਪਣੇ ਸ਼ੁੱਧ ਧਾਰਮਿਕ ਵਿਚਾਰਾਂ ਕਰਕੇ ਆਪਣੇ

ਆਪ ਨੂੰ ਸ੍ਰੇਸ਼ਟ ਸਮਝਦੇ ਹਨ ਅਤੇ ਆਪਣੇ ਆਪ ਨੂੰ ਨਾਮਦੇਵ-ਵੰਸ਼ੀ ਵੀ ਕਹਿੰਦੇ ਹਨ ।[1] ਪਰ ਅਜਿਹਾ ਫ਼ਰਕ ਬਿਲਕੁਲ ਨਹੀਂ ਹੈ । ਇਸ ਜਾਤੀ ਦੇ ਲੋਕਾਂ ਨੇ ਨ ਤਾਂ ਕਦੇ 'ਨਾਮਦੇਵ-ਵੰਸ਼ੀ' ਸ਼ਬਦ ਆਪਣੇ ਆਪ ਲਈ ਵਰਤਿਆ ਹੈ ਜਿਵੇਂ ਕਿ ਕਬੀਰ ਦੇ ਵੰਸ਼ ਵਾਲੇ ਲੋਕ ਵਰਤਦੇ ਹਨ । ਇਹ ਲੋਕ ਪ੍ਰਮੁੱਖ ਤੌਰ ਤੇ ਹਿੰਦੂ ਜਾਂ ਸਿੱਖ ਧਰਮ ਵਿਚ ਹੀ ਵਿਸ਼ਵਾਸ ਰੱਖਦੇ ਹਨ ।

ਬਾਣੀ ਦਾ ਪ੍ਰਭਾਵ :

ਨਾਮਦੇਵ ਦੇ ਵਿਅਕਤਿਤਵ ਤੋਂ ਅਤਿਰਿਕਤ ਉਸਦੇ ਕ੍ਰਿਤਿਤਵ ਨੇ ਸਮਕਾਲੀ ਤੇ ਪਛਲੇਰੇ ਕਵੀਆਂ ਨੂੰ ਪ੍ਰਭਾਵਿਤ ਕੀਤਾ । ਜਿਥੋਂ ਤਕ ਆਪ ਦੇ ਸਮਕਾਲੀ ਸੰਤ-ਕਵੀਆਂ ਦਾ ਸੰਬੰਧ ਹੈ, ਉਨ੍ਹਾਂ ਵਿਚੋਂ ਬਹੁਤੇ ਮਹਾਂਰਾਸ਼ਟਰ ਦੀ ਧਰਤੀ ਨਾਲ ਸੰਬੰਧਿਤ ਸਨ ਜਿਵੇਂ ਸੰਤ ਤੁੱਕਾ ਰਾਮ ਦੀ ਸ਼ਿਸ਼ ਗਹਿਣਾਬਾਈ, ਗਿਆਨੇਸ਼ਵਰ, ਜਨਾਬਾਈ ਅਤੇ ਨਿਲੋਬਾ ਰਾਏ । ਇਹਨਾਂ ਸਭਨਾਂ ਸੰਤ ਕਵੀਆਂ ਨੇ ਮਰਾਠੀ ਭਾਸ਼ਾ ਵਿਚ ਕਾਵਿ ਰਚਨਾ ਕੀਤੀ ਅਤੇ ਸੰਤ ਨਾਮਦੇਵ ਤੋਂ ਪ੍ਰਾਪਤ ਕਾਵਿ-ਪ੍ਰੇਰਨਾ ਲਈ ਆਭਾਰ ਹੀ ਵਿਅਕਤ ਕੀਤਾ ।[2]

ਭਗਤ ਨਾਮਦੇਵ ਦੇ ਕਾਵਿ (ਬਾਣੀ) ਨੇ ਨਿਰਗੁਣ-ਕਾਵਿ ਨੂੰ ਵਿਚਾਰਧਾਰਕ, ਕਾਵਿ-ਜੁਗਤਾਂ ਅਤੇ ਕਾਵਿਕ-ਸ਼ਬਦਾਂ ਨਾਲ ਪ੍ਰਭਾਵਿਤ ਕੀਤਾ :

---

1. ਵਿਲੀਅਮ ਕਰੁਕ,"ਟ੍ਰਾਈਬਜ਼ ਐਂਡ ਕਾਸਟ" , ਵਾਲੀਅਮ-II,
ਆਚਾਰੀਆ ਪਰਸ਼ੂਰਾਮ ਚਤੁਰਵੇਦੀ, "ਉਤਰੀ ਭਾਰਤ ਕੀ ਸੰਤ ਪਰੰਪਰਾ",
ਪੰਨਾ 214 ਤੋਂ ਉਦ੍ਰਿਤ ।

2. "ਭਗਵਤ ਸੰਪ੍ਰਦਾਯ", ਪੰ:572.

ਨਾਮਦੇਵ-ਕਾਵਿ ਦਾ ਵਿਚਾਰਧਾਰਕ ਪ੍ਰਭਾਵ :

ਵਿਦਵਾਨਾਂ ਨਾਲ ਨਾਮਦੇਵ ਗੁਰੂ ਤੇ ਭਗਤ ਕਵੀਆਂ ਨੂੰ ਨਿਮਨਲਿਖਿਤ ਤਰੀਕੇ ਨਾਲ ਪ੍ਰਭਾਵਿਤ ਕਰਦੇ ਹਨ :

(ੳ) ਈਸ਼ਵਰ ਦੀ ਸਰਵ-ਵਿਆਪਕਤਾ :

ਨਾਮਦੇਵ ਈਸ਼ਵਰ ਦੀ ਏਕਤਾ ਅਤੇ ਸਰਵ- ਵਿਆਪਕਤਾ ਉਤੇ ਜ਼ੋਰ ਦਿੰਦੇ ਹਨ। ਉਹ ਈਸ਼ਵਰ ਘਟ ਘਟ ਵਿਚ ਰਮ ਰਿਹਾ ਹੈ। ਆਪ ਕਹਿੰਦੇ ਹਨ ਕਿ ਈਸ਼ਵਰ ਮਹਾਂ-ਨਿਰਮਲ ਹੈ, ਉਸ ਨਿਰਮਲ ਪਰ-ਬ੍ਰਹਮ ਨੂੰ ਮੈਲ ਨਹੀਂ ਲਗਦੀ । ਜਿਸ ਤਰ੍ਹਾਂ ਆਕਾਸ਼ ਵਿਚ ਉੱਡ ਰਹੇ ਪੰਛੀ ਦਾ ਕੋਈ ਮਾਰਗ ਵਿਖਾਈ ਨਹੀਂ ਦਿੰਦਾ, ਜਲ ਵਿਚ ਤਰ ਰਹੀ ਮੱਛੀ ਦਾ ਰਸਤਾ ਦਿਸਦਾ ਨਹੀਂ, ਇਸ ਤਰ੍ਹਾਂ ਉਹ ਪ੍ਰਭੂ ਹਰ ਥਾਂ ਹੁੰਦਾ ਹੋਇਆ ਵੀ ਕਿਸੇ ਨੂੰ ਨਜ਼ਰ ਨਹੀਂ ਆਉਂਦਾ ।[1]

ਨਾਮਦੇਵ ਦੀ ਇਸ ਧਾਰਨਾ ਨੂੰ ਅਸੀਂ ਹਰ ਨਿਰਗੁਣ-ਕਵੀ ਵਿਚੋਂ ਵੇਖ ਸਕਦੇ ਹਾਂ, ਉਦਾਹਰਣ ਹਿਤ ਇਕ-ਅਧ ਉਦਾਹਰਣ ਹੀ ਦੇ ਰਹੇ ਹਾਂ — ਗੁਰੂ ਨਾਨਕ ਅਨੁਸਾਰ 'ਉਹ ਪ੍ਰਭੂ ਦਾ ਵਾਸਾ ਘਟ ਘਟ ਵਿਚ ਹੈ, ਉਸਦੀ ਜੋਤਿ ਹਰ ਇਕ ਵਿਚ ਰਮੀ ਹੋਈ ਹੈ ।[2]

---

1. ਮਲੈ ਨ ਲਾਛੈ ਪਾਰਮਲੋ ਪਰਮ ਲੀਓ ਬੈਠੋ ਰੀ ਆਈ ।।
   ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ।।
   ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ।। ਰਹਾਉ ।।
   ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ।।
   ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ।।
   ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ।।
   ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ।।
   ("ਆਦਿ ਗ੍ਰੰਥ", ਰਾਗ ਗੂਜਰੀ ਨਾਮਦੇਵ, ਪੰ: 525)
2. ਘਟ ਘਟ ਅੰਤਰਿ ਬ੍ਰਹਮ ਲੁਕਾਇਆ ਘਟ ਘਟ ਜੋਤਿ ਸਬਾਈ ।।
   ("ਆਦਿ ਗ੍ਰੰਥ", ਰਾਗ ਸੋਰਠਿ ਮਹਲਾ ੧, ਪੰ: 597)

ਸਤਿਗੁਰੂ-ਮਹੱਤਵ ਪ੍ਰਤਿਪਾਦਨ :

ਨਿਰਗੁਣ-ਵਿਚਾਰਧਾਰਾ ਨੂੰ ਨਾਮਦੇਵ ਦੀ ਸਤਿਗੁਰੂ ਪ੍ਰਤੀ ਧਾਰਨਾ ਨੇ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਕੀਤਾ । ਲਗਭਗ ਸਾਰੇ ਨਿਰਗੁਣ ਕਵੀਆਂ ਨੇ ਇਸ ਪ੍ਰਭਾਵ ਨੂੰ ਕਬੂਲਿਆ । ਗੁਰੂ, ਜੀਵ ਅਤੇ ਪਾਰਬ੍ਰਹਮ ਦੇ ਵਿਚਕਾਰ ਇਕ ਕੜੀ ਹੈ ਜਿਸ ਦੇ ਬਿਨਾਂ ਈਸ਼ਵਰ ਦਾ ਮਰਮ ਪਾਉਣਾ ਕਠਿਨ ਹੀ ਨਹੀਂ, ਸਗੋਂ ਅਸੰਭਵ ਵੀ ਹੈ । ਨਾਮਦੇਵ ਸਪਸ਼ਟ ਕਹਿੰਦੇ ਹਨ "ਸਤਿਗੁਰੂ ਦੀ ਦਇਆ-ਮਿਹਰ ਨਾਲ ਮੇਰਾ ਪਰਮਾਤਮਾ ਨਾਲ ਮਿਲਾਪ ਹੋ ਗਿਆ ਅਤੇ ਸਭ ਦੁੱਖ ਕਲੇਸ਼ ਅੰਦਰਲੀ ਸੱਚੀ-ਸ਼ਾਂਤੀ, ਸੱਚੇ ਆਨੰਦ ਵਿਚ ਬਦਲ ਗਏ ।[1] ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ਕਿ ਗੁਰੂ ਤੋਂ ਬਿਨਾਂ ਕੋਈ ਸਾਰ-ਵਸਤੂ ਦਾ ਭੇਦ ਜਾਣ ਹੀ ਨਹੀਂ ਸਕਦਾ[2] ਅਤੇ 'ਮੁਕਤੀ ਦਾ ਦਾਤਾ ਕੇਵਲ ਸਤਿਗੁਰੂ ਹੈ ।[3] ਇਸ ਤੋਂ ਬਿਨਾਂ ਸਤਿਗੁਰੂ ਦਾ ਸੰਕਲਪ, ਇਸਦਾ ਮਹੱਤਵ ਏਨਾ ਜ਼ਿਆਦਾ ਹੈ ਕਿ ਕਿਸੇ ਵੀ ਗੁਰੂ-ਕਵੀ ਜਾਂ ਭਗਤ-ਕਵੀ ਨੇ ਇਸਦੀ ਮਹੱਤਤਾ ਤੋਂ ਅੱਖਾਂ ਮੁੰਦ ਨਹੀਂ ਕੀਤੀਆਂ ।

---

1. ਸਫਲ ਜਨਮੁ ਮੋ ਕਉ ਗੁਰ ਕੀਨਾ।। ਦੁਖ ਬਿਸਾਰਿ ਸੁਖ ਅੰਤਰਿ ਲੀਨਾ ।।
   ਗਿਆਨ ਅੰਜਨੁ ਮੋ ਕਉ ਗੁਰਿ ਦੀਨਾ।। ਰਾਮ ਨਾਮ ਬਿਨੁ ਜੀਵਨੁ ਮਨ ਹੀਨਾ।।
   ਰਹਾਉ ।।
   ਨਾਮਦੇਇ ਸਿਮਰਨੁ ਕਰਿ ਜਾਨਾਂ।। ਜਗ ਜੀਵਨ ਸਿਉ ਜੀਉ ਸਮਾਨਾ ।।
   ("ਆਦਿ ਗ੍ਰੰਥ", ਰਾਗ ਬਿਲਾਵਲ ਨਾਮਦੇਵ, ਪੰ:857)
2. ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ।।
   ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ।।
   ("ਉਹੀ", ਸਲੋਕ ਮਹਲਾ 3, ਪੰ:1420)
3. ਇਹ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ।।
   ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ।।
   ("ਉਹੀ", ਪੰ:603)

## ਸਿਮਰਨ ਦਾ ਮਹੱਤਵ :

ਭਗਤ ਨਾਮਦੇਵ ਪ੍ਰਭੂ ਦੇ ਨਾਮ ਸਿਮਰਨ ਉਤੇ ਵਿਸ਼ੇਸ਼ ਬਲ ਦਿੰਦੇ ਹਨ । ਉਹ ਪ੍ਰਭੂ ਦੇ ਨਾਮ ਨੂੰ ਅੰਨ੍ਹੇ ਦੀ ਡੰਗੋਰੀ ਨਾਲ ਉਪਮਾ ਦਿੰਦੇ ਹਨ ।[1] ਉਨ੍ਹਾਂ ਅਨੁਸਾਰ ਤਾਂ ਨਾਮ ਨਾਲ ਤਾਂ ਪੱਥਰ ਵੀ ਤਰ ਜਾਂਦੇ ਹਨ ਫਿਰ ਮਨੁੱਖ ਕਿਉਂ ਨਹੀਂ ਭਵ-ਸਾਗਰ ਤੋਂ ਪਾਰ ਹੋ ਸਕਦਾ ।[2]

ਨਿਰਗੁਣ-ਕਵੀ ਨਾਮਦੇਵ ਦੇ ਸਿਮਰਨ ਸਿੱਧਾਂਤ ਨੂੰ ਭਲੀ-ਭਾਂਤ ਅਪਣਾਉਂਦੇ, ਪ੍ਰਚਾਰਦੇ ਅਤੇ ਪ੍ਰਸਾਰਦੇ ਹਨ । ਗੁਰੂ ਅਰਜਨ ਦੇਵ ਜੀ 'ਸੁਖਮਨੀ' ਦੀ ਪਹਿਲੀ ਅਸ਼ਟਪਦੀ ਵਿਚ ਕਿ ਜੀਵ ਦੇ ਸਭ ਰੋਗਾਂ, ਵਹਿਮਾਂ ਤੇ ਭਰਮਾਂ ਅਤੇ ਜਮਕਾਲ ਤੋਂ ਬਚਣ ਦਾ ਇਕੋ ਇਕ ਰਸਤਾ 'ਸਿਮਰਨ' ਨੂੰ ਦੱਸਦੇ ਹਨ । ਆਪ ਦੇ ਅਨੁਸਾਰ ਤਾਂ 'ਸੱਚਾ ਸੁੱਖ ਪ੍ਰਭੂ ਦੇ ਨਾਮ ਸਿਮਰਨ ਵਿਚ ਹੀ ਹੈ' ।[3]

---

1. ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥
ਮੈ ਗਰੀਬ ਮੈ ਮਸਕੀਨ ਤੇਰਾ ਨਾਮ ਹੈ ਅਧਾਰਾ ॥ ਰਹਾਉ ॥
ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥
ਹਾਜਰਾ ਹਜੂਰਿ ਦਰਿ ਪੇਸਿ ਤੂ ਮਨੀ ॥
ਦਰੀਆਉ ਤੂ ਫਿਹੰਦ ਤੂ ਬਿਸੀਆਰ ਤੂ ਧਨੀ ॥
ਦੇਹਿਲੇਹਿ ਏਕਿ ਤੂ ਦਿਗਰ ਕੋ ਨਹੀ ॥
ਤੂੰ ਦਾਨਾ ਤੂੰ ਬੀਨਾ ਮੈ ਬੀਚਾਰੁ ਕਿਆ ਕਰੀ ॥
ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥

("ਆਦਿ ਗ੍ਰੰਥ", ਰਾਗ ਤਿਲੰਗ ਨਾਮਦੇਵ, ਪੰ:727)

2. ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥ ਰਹਾਉ ॥
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਸਿ ਅਜਾਮਲੁ ਤਾਰੀਅਲੇ ॥
ਚਰਨ ਬਧਿਕ ਜਨ ਤੇਊ ਮੁਕਤਿ ਭਏ ॥ ਹਉ ਬਲਿ ਬਲਿ ਜਿਨ ਰਾਮ ਕਹੇ ॥
ਦਾਸ ਸੁਤ ਜਨ ਬਿਪਰ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥
ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮਹੀਨ ਨਾਮੇ ਕੇ ਸੁਆਮੀ ਤੇਊ ਤਰੇ ॥

("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ:354)

3. ਸਿਮਰਉ ਸਿਮਰਿ ਸਿਮਰਿ ਸੁਖ ਪਾਵਉ,ਕਲਿ ਕਲੇਸ ਤਨ ਮਾਹਿ ਮਿਟਾਵਉ ॥
("ਉਹੀ", ਪੰ: 262)

4. ਅਤੇ; ਪ੍ਰਭ ਕੈ ਸਿਮਰਨ ਗਰਭਿ ਨ ਬਸੈ ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
("ਉਹੀ", ਪੰ:262)

## ਕਰਮ-ਕਾਂਡਾਂ ਦੀ ਵਿਅਰਥਤਾ :

ਨਾਮਦੇਵ ਕਰਮ-ਕਾਂਡਾਂ ਦੀ ਵਿਅਰਥਤਾ ਦੀ ਭਰਪੂਰ ਚਰਚਾ ਕਰਦੇ ਹਨ । ਇਨ੍ਹਾਂ ਨੂੰ ਅਪਨਾ ਕੇ ਜੀਵਨ ਨਿਸ਼ਾਨੇ ਦੀ ਪੂਰਤੀ ਤਾਂ ਕਿਧਰੇ ਰਹੀ, ਸਾਰਾ ਜੀਵਨ-ਕਾਲ ਵਿਅਰਥ ਹੋ ਜਾਂਦਾ ਹੈ । ਕਰਮ-ਕਾਂਡ ਜਿਵੇਂ ਮੂਰਤੀ-ਪੂਜਾ ਜਾਂ ਹੋਰ ਬਾਹਰਮੁਖੀ ਸਾਧਨਾਂ ਤੋਂ ਮੂੰਹ ਮੋੜਕੇ ਜੀਵ ਨੂੰ ਇਕ ਪ੍ਰਭੂ ਦੀ ਸੱਚੀ ਭਗਤੀ ਕਰਨੀ ਚਾਹੀਦੀ ਹੈ।[1] ਨਾਮਦੇਵ ਪਾਖੰਡੀ ਵਿਅਕਤੀਆਂ ਦੀ ਬਗਲਿਆਂ ਵਰਗੀ ਭਗਤੀ ਦਾ ਪਾਜ ਉਘਾੜਦੇ ਹਨ । ਉਹ ਅਨੇਕਾਂ ਉਦਾਹਰਣਾਂ ਦੇ ਕੇ ਸਪਸ਼ਟ ਕਰਦੇ ਹਨ ਕਿ ਪਾਖੰਡੀ ਜੀਵ ਦੀ ਕਰਨੀ ਅਤੇ ਕਥਨੀ ਵਿਚ ਅਤਿਅੰਤ ਅੰਤਰ ਹੁੰਦਾ ਹੈ ।[2] ਵਰਤ ਆਦਿ ਰੱਖਣੇ ਦੇਹੀ ਨੂੰ ਗਾਲਣ ਦੇ ਸਮਾਨ ਹਨ। ਨਾਮਦੇਵ ਪ੍ਰਸ਼ਨ ਕਰਦੇ ਹਨ ਕਿ ਜਦ ਇਨ੍ਹਾਂ ਸਾਧਨਾਂ ਨਾਲ ਕੁਝ ਮਿਲਣਾ ਹੀ ਨਹੀਂ ਤਾਂ ਇਨ੍ਹਾਂ ਵਿਚ ਉਲਝਣ ਦਾ ਕੀ ਫਾਇਦਾ ?[3]

---

1. ਸਾਪ ਕੁੰਚ ਛੋਡੈ ਬਿਖੁ ਨਹੀ ਛਾਡੈ ।।
ਉਦਕ ਮਾਹਿ ਜੈਸੇ ਬਗੁ ਧਿਆਨ ਗਾਡੈ ।।
ਕਾਹੇ ਕਉ ਕੀਜੈ ਧਿਆਨੁ ਜਪੰਨਾ ।।
ਜਬ ਤੇ ਸੁਧੁ ਨਾਹੀ ਮਨੁ ਅਪਨਾ ।।
ਸਿੰਘਚ ਭੋਜਨ ਜੋ ਨਰੁ ਜਾਨੈ ।।
ਐਸੇ ਹੀ ਠਗ ਦੇਉ ਬਖਾਨੈ ।।
ਨਾਮੇ ਕੇ ਸੁਆਮੀ ਲਾਹਿਲੇ ਝਗਰਾ ।।
ਰਾਮ ਰਸਾਇਨ ਪੀਉ ਰੇ ਦਗਰਾ ।।
("ਆਦਿ ਗ੍ਰੰਥ", ਰਾਗ ਗਉੜੀ ਨਾਮਦੇਵ, ਪੰ: 485)

2. ਕੋਈ ਬੋਲੈ ਨਿਰਲ ਕੋਈ ਬੋਲੈ ਦੂਰਿ।। ਜਲ ਕੀ ਮਾਛੁਲੀ ਚਰੈ ਖਜੂਰਿ ।।
ਕਾਂਇ ਰੇ ਬਕਬਾਦੁ ਲਾਇਓ।। ਜਿਨਿ ਹਰਿ ਪਾਇਓ ਤਿਨਹਿ ਛਪਾਇਓ।।
("ਉਹੀ", ਰਾਗ ਟੋਡੀ ਨਾਮਦੇਵ, ਪੰ: 718)

3. ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ।।
ਪਤਿਤ ਪਵਿਤ ਭਏ ਰਾਮੁ ਕਹਤ ਹੀ।। ਰਹਾਉ ।।
ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ।।
ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ ।।
("ਉਹੀ", ਪੰ: 718)

ਭਗਤ ਨਾਮਦੇਵ ਦੀ ਅਜਿਹੀ ਧਾਰਨਾ ਵੀ ਬਾਕੀ ਦੇ ਨਿਰਗੁਣ ਕਵੀਆਂ ਵਿਚੋਂ ਵੇਖੀ ਜਾ ਸਕਦੀ ਹੈ। ਗੁਰੂ ਅਰਜਨ ਦੇਵ ਜੀ ਸੱਚੇ ਸ਼ਬਦ ਦੀ ਕਮਾਈ ਨੂੰ ਅਠਾਹਠਾਂ ਤੀਰਥਾਂ ਤੋਂ ਵੀ ਵੱਡਾ ਕਹਿੰਦੇ ਹਨ।[1] ਗੁਰੂ ਸਾਹਿਬ ਤਾਂ ਜ਼ੋਰਦਾਰ ਸ਼ਬਦਾਂ ਵਿਚ ਪਾਠਾਂ ਅਤੇ ਹੋਰ ਕਰਮ-ਕਾਂਡਾਂ ਦੀ ਵਿਅਰਥਤਾ ਬਾਰੇ ਲਿਖਦੇ ਹਨ।[2]

ਅਸਲ ਵਿਚ ਨਿਰਗੁਣ ਕਵੀ ਸੱਚ ਦੇ ਉਪਾਸ਼ਕ ਸਨ ਤੇ ਸੱਚ ਦੀ ਭਗਤੀ ਤੇ ਜ਼ੋਰ ਦਿੰਦੇ ਰਹੇ। 'ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਵਿਖਾਵੇ ਅਰੁ (ਅਰ) ਪਾਖੰਡ ਨਾਲ ਕੀਤੇ ਕਰਮ ਅਥਵਾ ਚੋਰਾਂ ਦੇ ਠੱਗਣ ਲਈ ਕਰਮ ਜਾਲ ਦਾ ਫੈਲਾਉਣਾ ਉਚਿਤ ਨਹੀਂ।[3]

ਹਰ ਪ੍ਰਕਾਰ ਦਾ ਜਪ-ਤਪ ਫਜ਼ੂਲ ਹੈ ਜੇਕਰ ਇਨਸਾਨ ਸੱਚੀ ਭਗਤੀ ਨਹੀਂ ਕਰਦਾ।[4]

---

1. ਅਠਸਠਿ ਤੀਰਥ ਪੁੰਨ ਕਿਰਿਆ ਮਨ ਨਿਰਮਲ ਚਾਰਾ ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥
("ਆਦਿ ਗ੍ਰੰਥ", ਰਾਗ ਸੂਹੀ ਮਹਲਾ 5, ਪੰ:784)

2. ਪਾਠ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥
("ਉਹੀ", ਰਾਗ ਸੋਰਠਿ ਮਹਲਾ 5, ਪੰ:641)

3. ਗੁਰੁਮਤ ਮਾਰਤੰਡ, (ਭਾਗ ਪਹਿਲਾ), ਪੰ:284.

4. ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥
ਪੂਜਾ ਤਿਲਕੁ ਤੀਰਥ ਇਸਨਾਨਾ ॥
ਨਿਵਲੀ ਤਿਲਕੁ ਤੀਰਥ ਇਸਨਾਨਾ ॥
ਨਿਵਲੀ ਕਰਮ ਆਸਨ ਚਉਰਾਸੀ ਇਨ ਮਹਿ ਸਾਂਤਿ ਨ ਆਵੈ ਜੀਉ ॥
ਅਨਿਕ ਬਰਖ ਕੀਏ ਜਪ ਤਾਪਾ ॥
ਗਵਨ ਕੀਆ ਧਰਤੀ ਭਰਮਾਤਾ ॥
ਇਕ ਖਿਨ ਹਿਰਦੇ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥
("ਉਹੀ", ਰਾਗ ਮਾਝ ਮਹਲਾ 5, ਪੰ:98)

ਪ੍ਰੇਮ-ਭਾਵਨਾ :

ਪ੍ਰਭੂ ਨੂੰ ਕੇਵਲ ਪ੍ਰੇਮ ਨਾਲ ਹੀ ਪਾਇਆ ਜਾ ਸਕਦਾ ਹੈ। ਇਹ ਧਾਰਨਾ ਵੀ ਆਪਣੇ ਖਾਂ ਬਿਲਕੁਲ ਠੀਕ ਹੈ ਕਿ ਪ੍ਰਭੂ ਸਰਵੋਤਮ ਹੈ, ਸਰਵ-ਸ਼ਕਤੀਮਾਨ, ਸਰਵ-ਵਿਆਪਕ ਅਤੇ 'ਸੈਭੰ' ਹੈ, ਪਰੰਤੂ ਭਗਤ-ਜਨ ਪ੍ਰੇਮ ਨਾਲ ਐਸੇ ਪ੍ਰਭੂ ਨੂੰ ਵੀ ਵੱਸ ਕਰਨ ਦੀ ਤਾਕਤ ਰੱਖਦੇ ਹਨ। ਭਗਤ ਨਾਮਦੇਵ ਅਨੁਸਾਰ 'ਭਗਤ-ਜਨ ਉਸਦੇ ਪਿਆਰੇ-ਪੁੱਤਰ ਹਨ ਅਤੇ ਉਹ ਉਸ ਪਿਤਾ-ਪਰਮੇਸ਼ਵਰ ਤੋਂ ਜੋ ਚਾਹੁਣ ਕਰਵਾ ਸਕਦੇ ਹਨ'।[1]

ਨਾਮਦੇਵ ਦਾ 'ਪ੍ਰਭੂ-ਪਿਆਰ ਸੂਫੀਆਂ ਦੀ ਬਿਰਹੋਂ ਦੀ ਤੜਪ ਵਾਲਾ ਹੈ ਅਤੇ ਮਿਲਾਪ ਸੂਫੀਆਂ ਦੇ ਵਸਲ ਦੀ ਅਵਸਥਾ ਵਾਲੀ'।[2]

ਉਹ ਪਰਮੇਸ਼ਵਰ ਨੂੰ ਆਪਣਾ ਪਤੀ ਸਵੀਕਾਰ ਕਰਦੇ ਹਨ ਅਤੇ ਕਹਿੰਦੇ ਹਨ, "ਮੈਂ ਆਪਣੇ ਪ੍ਰੀਤਮ ਦੇ ਪ੍ਰੇਮ ਵਿਚ ਇਤਨਾ ਮਗਨ ਹਾਂ ਕਿ ਮੈਨੂੰ ਨਿੰਦਕਾਂ ਦੀ ਨਿੰਦਿਆ-ਚੁਗਲੀ ਆਦਿ ਦੀ ਕੋਈ ਪਰਵਾਹ ਨਹੀ"।[3]

---

1. ਦਾਸਿ ਅਨਿੰਨ ਮੇਰੋ ਨਿਜ ਰੂਪ ।।
ਦਰਸਨ ਨਿਮਖ ਤਾਪ ਤ੍ਰਈ ਮੋਚਨ।। ਪਰਸਤ ਮੁਕਤਿ ਕਰਤ ਗ੍ਰਿਹ ਕੂਪ ।।
ਮੇਰੀ ਬਾਂਧੀ ਭਗਤ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ।।
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ।।
ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ।।
ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾਕੈ ਪ੍ਰੇਮ ਪ੍ਰਗਾਸ ।।
("ਆਦਿ ਗ੍ਰੰਥ", ਰਾਗ ਸਾਰੰਗ ਨਾਮਦੇਵ, ਪੰ:1252)

2. ਮੋਹਿ ਲਾਗਤੀ ਤਾਲਾਬੇਲੀ।। ਬਛਰੇ ਬਿਨੁ ਗਾਇ ਅਕੇਲੀ।।
ਪਾਨੀਆ ਬਿਨੁ ਮੀਨੁ ਤਲਫੈ।। ਐਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ।।
ਜੈਸੇ ਗਾਇ ਕਾ ਬਾਛਾ ਛੂਟਲਾ।। ਥਨ ਚੋਖਤਾ ਮਾਖਨੁ ਘੂਟਲਾ ।।
ਨਾਮਦੇਉ ਨਾਰਾਇਨ ਪਾਇਆ।। ਗੁਰ ਭੇਟਤ ਅਲਖੁ ਲਖਾਇਆ।।
("ਉਹੀ", ਰਾਗ ਗੋਂਡ ਨਾਮਦੇਵ, ਪੰ:874)

3. ਮੈ ਬਉਰੀ ਮੇਰਾ ਰਾਮੁ ਭਤਾਰੁ।। ਰਚਿ ਰਚਿਤਾ ਕਉ ਕਰਉ ਸ਼ਿੰਗਾਰਾ।।
ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗ।। ਤਨੁ ਮਨੁ ਰਾਮ ਪਿਆਰੇ ਜੋਗ।।
("ਉਹੀ", ਰਾਗ ਭੈਰਉ ਨਾਮਦੇਵ, ਪੰ:1164)

ਭਗਤ ਨਾਮਦੇਵ ਦੀ ਪ੍ਰੇਮ-ਭਾਵਨਾ ਨੇ ਭਗਤ ਤੇ ਗੁਰੂ-ਕਵੀਆਂ ਨੂੰ ਵੀ ਪ੍ਰਭਾਵਿਤ ਕੀਤਾ। ਭਗਤ ਕਬੀਰ ਜੀ ਪ੍ਰੇਮ-ਭਾਵਨਾ ਨਾਲ ਦਿਲਗੀਰ ਹੋਏ ਪ੍ਰਭੂ ਤੋਂ ਇਕ ਪਲ ਵੀ ਵਿਛੜ ਨਹੀਂ ਸਕਦੇ। ਉਹ ਪਰਮਾਤਮਾ ਤੋਂ ਮੂੰਹ ਮੋੜਣਾ 'ਕਰਵਤ' ਤੇ ਸਿਰ ਚਰਾਵਣ ਦੇ ਸਮਾਨ ਸਮਝਦੇ ਹਨ।[1]

ਭਗਤ ਰਵਿਦਾਸ ਵੀ ਨਾਮਦੇਵ ਵਰਗੀ ਹੀ ਪ੍ਰੇਮ-ਭਾਵਨਾ ਵਿਅਕਤ ਕਰਦੇ ਹਨ।[2]

ਗੁਰੂ ਨਾਨਕ ਦੇਵ ਜੀ ਤਾਂ ਵੱਖ ਵੱਖ ਦ੍ਰਿਸ਼ਟਾਂਤ ਦੇ ਕੇ 'ਪ੍ਰੀਤਮ' ਪ੍ਰਤੀ ਪਿਆਰ ਦਾ ਪ੍ਰਗਟਾਵ ਕਰਦੇ ਹਨ।[3] ਨਿਰਗੁਣ ਕਵੀਆਂ ਦੀ ਪ੍ਰੇਮ-ਭਾਵਨਾ ਨਾਮਦੇਵ ਵਾਂਗ ਸੂਫੀ ਰੰਗਤ ਨਾਲ ਭਰਪੂਰ ਹੈ।[4]

---

1. ਕਰਵਤੁ ਭਲਾ ਨ ਕਰਵਟ ਤੇਰੀ।। ਲਾਗੁ ਗਲੈ ਸੁਨੁ ਬਿਨਤੀ ਮੇਰੀ।।
   ਹਉ ਵਾਰੀ ਮੁਖੁ ਫੇਰਿ ਪਿਆਰੇ।। ਕਰਵਟੁ ਦੇ ਮੋਕਉ ਕਾਹੇ ਕਉ ਮਾਰੇ।।
   ("ਆਦਿ ਗ੍ਰੰਥ", ਰਾਗ ਆਸਾ ਕਬੀਰ, ਪੰ:484)
2. ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਿਨ ਤੁਮ ਬਾਧੇ।।
   ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਅਰਾਧੇ।।
   ਮਾਧਵੇ ਜਾਨਤ ਹਹੁ ਜੈਸੀ ਤੈਸੀ।। ਅਬ ਕਹਾ ਕਰਹੁਗੇ ਐਸੀ।।
   ("ਉਹੀ", ਰਾਗ ਸੋਰਠਿ ਰਵਿਦਾਸ, ਪੰ:658)
3. ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ।।
   ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ।।
   ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ।।
   ਮਨ ਰੇ ਕਿਉ ਛੂਟਹਿ ਬਿਨੁ ਪਿਆਰ।।
   ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ।।
   ("ਉਹੀ", ਸਿਰੀਰਾਗੁ ਮਹਲਾ ੧, ਪੰ: 59)
4. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।। ਬਿਲਪ ਕਰੇ ਚਾਤ੍ਰਿਕ ਕੀ ਨਿਆਈ।।
   ਤ੍ਰਿਖਾ ਨ ਉਤਰੈ ਸਾਂਤਿ ਨ ਆਵੈ।। ਬਿਨੁ ਦਰਸਨ ਸੰਤ ਪਿਆਰੇ ਜੀਉ।।
   ("ਉਹੀ", ਮਾਝ ਮਹਲਾ 5, ਪੰ:96)

ਭਗਤ ਨਾਮਦੇਵ ਨੇ ਜੋ ਸ਼ਬਦ ਰਚੇ, ਥੋੜ੍ਹੇ ਬਹੁਤੇ ਅੰਤਰ ਨਾਲ ਗੁਰੂ ਸਾਹਿਬਾਂ ਵਿਚੋਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਵੀ ਸ਼ਬਦ ਕਹੇ । ਭਗਤ ਨਾਮਦੇਵ ਤੇ ਗੁਰੂ-ਸਾਹਿਬਾਨ ਦੁਆਰਾ ਉਚਾਰੇ ਇਨ੍ਹਾਂ ਸ਼ਬਦਾਂ ਵਿਚ ਵਿਚਾਰਧਾਰਕ ਹੀ ਨਹੀਂ ਸਗੋਂ ਸ਼ਬਦਾਵਲੀ, ਰਾਗਾਂ ਅਤੇ ਹੋਰ ਕਈ ਦਿਲਚਸਪ ਸਾਂਝਾਂ ਹਨ :

| | | |
|---|---|---|
| | | ਸੋਰਠਿ ਮਹਲਾ ੧ |
| 1. | ਜਬ ਦੇਖਾ ਤਬ ਗਾਵਾ ॥ | ਜਾ ਤਿਸੁ ਭਾਵਾ ਤਦ ਹੀ ਗਾਵਾ ॥ |
| | ਤਉ ਜਨ ਧੀਰਜੁ ਪਾਵਾ ॥ | ਤਾ ਗਾਵੇ ਕਾ ਫਲੁ ਪਾਵਾ । |
| | ਨਾਦਿ ਸਮਾਇਲੋ ਰੇ ਸਤਿਗੁਰ | ਗਾਵੇ ਕਾ ਫਲੁ ਹੋਈ ॥ |
| | ਭੇਟਿਲੇ ਦੇਵਾ ॥ ਰਹਾਉ ॥ | ਜਾ ਆਪੇ ਦੇਵੈ ਸੋਈ ॥ |
| | ਜਹ ਝਿਲਮਿਲ ਕਾਰੁ ਦਿਸੰਤਾ ॥ | ਮਨ ਮੇਰੇ ਗੁਰਬਚਨੀ ਨਿਸ ਪਾਈ ॥ |
| | ਤਹ ਅਨਹਦ ਸਬਦ ਬਜੰਤਾ ॥ | ਤਾ ਤੇ ਸਚਿ ਮਹਿ ਰਹਿਆ ਸਮਾਈ ॥ ਰਹਾਉ ॥ |
| | ਜੋਤੀ ਜੋਤਿ ਸਮਾਨੀ ॥ | ਗੁਰ ਸਾਖੀ ਅੰਤਰਿ ਜਾਗੀ ॥ |
| | ਮੈ ਗੁਰਪਰਸਾਦੀ ਜਾਨੀ ॥ | ਤਾ ਚੰਚਲ ਮਤਿ ਤਿਆਗੀ ॥ |
| | ਰਤਨ ਕਮਲ ਕੋਠਰੀ ॥ | ਗੁਰ ਸਾਖੀ ਕਾ ਉਜੀਆਰਾ ॥ |
| | ਚਮਕਾਰ ਬੀਜਲੁ ਤਹੀ ॥ | ਤਾ ਮਿਟਿਆ ਸਗਲ ਅੰਧਾਰਾ ॥ |
| | ਨੇਰੈ ਨਾਹੀ ਦੂਰਿ ॥ | ਗੁਰ ਚਰਨੀ ਮਨ ਲਾਗਾ ॥ |
| | ਨਿਜ ਆਤਮੈ ਰਹਿਆ ਭਰਪੂਰਿ ॥ | ਤਾ ਜਮ ਕਾ ਮਾਰਗ ਭਾਗਾ ॥ |
| | ਜਹ ਅਨਹਤ ਸੂਰ ਉਜਾਰਾ ॥ | ਭੈ ਵਿਚਿ ਨਿਰਭਉ ਪਾਇਆ ॥ |
| | ਤਹ ਦੀਪਕ ਜਲੈ ਛੰਛਾਰਾ ॥ | ਤਾ ਸਾਚੈ ਕੈ ਘਰਿ ਆਇਆ ॥ |
| | ਗੁਰ ਪਰਸਾਦੀ ਜਾਨਿਆ ॥ | ਭਣਤ ਨਾਨਕ ਬੂਝੈ ਕੋ ਬੀਚਾਰੀ ॥ |
| | ਜਨੁ ਨਾਮਾ ਸਹਜ ਸਮਾਨਿਆ ॥ | ਇਸ ਜਗ ਮਹਿ ਕਰਣੀ ਸਾਰੀ ॥ |
| | ("ਆਦਿ ਗ੍ਰੰਥ", ਰਾਗ ਸੋਰਠਿ ਨਾਮਦੇਵ, ਪੰ:656) | ("ਆਦਿ ਗ੍ਰੰਥ", ਪੰ:599) |

2\. ਮੈ ਬਉਰੀ ਮੇਰਾ ਰਾਮੁ ਭਤਾਰੁ।।
ਰਚਿ ਰਚਿ ਤਾ ਕਉ ਕਰਉ ਸਿੰਗਾਰੁ।।
ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ।।
ਤਨੁ ਮਨੁ ਰਾਮ ਪਿਆਰੇ ਜੋਗੁ।।ਰਹਾਉ।।
ਬਾਦ ਬਿਬਾਦ ਕਾਹੂ ਸਿਉ ਨ ਕੀਜੈ।।
ਰਸਨਾ ਰਾਮ ਰਸਾਇਨ ਪੀਜੈ ।।
ਅਬ ਜੀਅ ਐਸੀ ਬਨਿ ਆਈ ।।
ਮਿਲਉ ਗੁਪਾਲ ਨੀਸਾਨੁ ਬਜਾਈ ।।
ਉਸਤਤਿ ਨਿੰਦਾ ਕਰੈ ਨਰੁ ਕੋਈ ।।
ਨਾਮੇ ਸ੍ਰੀ ਰੰਗ ਭੇਟਲ ਸੋਈ ।।
("ਆਦਿ ਗ੍ਰੰਥ";ਪੰ:1164)

ਭੈਰਉ ਮਹਲਾ 3

ਮੈ ਕਾਮਣਿ ਮੇਰਾ ਕੰਤੁ ਕਰਤਾਰੁ ।।
ਜੇਹਾ ਕਰਾਏ ਤੇਹਾ ਕਰੀ ਸੀਗਾਰੁ ।।
ਜਾ ਤਿਸ ਭਾਵੇ ਤਾ ਕਰੇ ਭੋਗੁ ।।
ਤਨ ਮਨ ਸਾਚੈ ਸਾਹਿਬ ਜੋਗੁ।।ਰਹਾਉ।।
ਉਸਤਤਿ ਨਿੰਦਾ ਕਰੇ ਕਿਆ ਕੋਈ ।।
ਜਾ ਆਪੇ ਵਰਤੇ ਏਕੋ ਸੋਈ ।।
ਗੁਰਪਰਸਾਦੀ ਪਿਰਮ ਕਸਾਈ ।।
ਮਿਲਉਗੀ ਦਇਆਲ ਪੰਚ ਸਬਦ ਵਜਾਈ।।
ਭਨਤਿ ਨਾਨਕ ਕਰੇ ਕਿਆ ਕੋਈ ।।
ਜਿਸਨੋ ਆਪਿ ਮਿਲਾਵੈ ਸੋਈ ।।
("ਆਦਿ ਗ੍ਰੰਥ", ਪੰ:1128)

3\. ਸੰਡਾ ਮਾਰਕੇ ਜਾਇ ਪੁਕਾਰੇ ।।
ਪੜੈ ਨਹੀ ਹਮ ਹੀ ਪਚਿਹਾਰੇ ।।
ਰਾਮ ਕਹੈ ਕਰ ਤਾਲ ਬਜਾਵੈ ।।
ਚਟੀਆ ਸਭੈ ਬਿਗਾਰੇ ।।
ਰਾਮ ਨਾਮਾ ਜਪਿ ਲੋ ਕਰੈ ।।
ਹਿਰਦੈ ਹਰਿ ਜੀ ਕੋ ਸਿਮਰਨ ਧਰੈ।।
ਰਹਾਉ।।
("ਆਦਿ ਗ੍ਰੰਥ", ਪੰ: 1165)

ਭੈਰਉ ਮਹਲਾ 3

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ।।
ਦੂਜੇ ਭਾਇ ਫਾਥੈ ਜਮ ਜਾਲਾ ।।
ਸਤਿਗੁਰ ਕਰੇ ਮੇਰੀ ਪ੍ਰਤਿਪਾਲਾ ।।
ਹਰਿ ਸੁਖੁ ਮੇਰੈ ਨਾਲਾ ।।
ਗੁਰ ਉਪਦੇਸਿ ਪ੍ਰਹਿਲਾਦ ਹਰਿ ਉਚਰੈ ।।
ਸਾਧਨਾ ਤੇ ਬਾਲਕ ਰਾਮ ਨ ਕਰੈ।।ਰਹਾਉ।।
("ਆਦਿ ਗ੍ਰੰਥ", ਪੰ:1154)

ਕਾਵਿ-ਜੁਗਤਾਂ ਦਾ ਪ੍ਰਭਾਵ :

ਭਗਤ ਨਾਮਦੇਵ ਨੇ ਅਜੇਹੀਆਂ ਕਾਵਿਕ-ਜੁਗਤਾਂ ਦਾ ਪ੍ਰਤਿਪਾਦਨ ਕੀਤਾ ਜੋ ਬਾਅਦ ਦੇ ਨਿਰਗੁਣ ਕਵੀਆਂ ਲਈ ਪ੍ਰੇਰਕ ਸ਼ਕਤੀ ਬਣੀਆਂ । ਇਹ ਜੁਗਤਾਂ ਪੰਜਾਬੀ ਲੋਕਧਾਰਾ ਵਾਸਤੇ ਬਿਲਕੁਲ ਨਵੀਆਂ ਸਨ ਅਤੇ ਇਨ੍ਹਾਂ ਵਿਚੋਂ ਕਈ ਜੁਗਤਾਂ ਤਾਂ ਪ੍ਰਭੂ ਦੇ ਸਮਰੂਪ ਹੋ ਨਿਬੜੀਆਂ :

ਬੀਠਲੁ :

ਬੀਠਲੁ ਪਦ ਮਰਾਠੀ ਭਾਸ਼ਾ ਦੇ 'ਵਿਠੁਲਾ' ਦਾ ਤਤਭਵ ਰੂਪ ਹੈ । ਇਸ ਪਦ ਦਾ ਨਿਰਸੰਦੇਹ, ਇਕ ਉਸ ਸੰਪ੍ਰਦਾਇ ਵਲੋਂ ਭਗਵਾਨ ਕ੍ਰਿਸ਼ਨ ਦੇ ਬਚਪਨ ਦੇ ਸਰੂਪ ਲਈ ਵਰਤਿਆ ਗਿਆ ਪਦ ਹੈ, ਜੋ ਕਿਸ਼ਨ-ਉਪਾਸ਼ਕ ਸੰਪ੍ਰਦਾਇ ਸੀ ਅਤੇ ਜਿਸਦਾ ਪ੍ਰਚਾਰ ਅਤੇ ਪ੍ਰਸਾਰ ਪੰਡਰਪੁਰ ਵਿਚ ਹੋਇਆ । ਇਹ ਸੰਪ੍ਰਦਾਇ ਵੈਸ਼ਣਵ ਅਤੇ ਸ਼ੈਵ ਸੰਪ੍ਰਾਦਾਇ ਦਾ ਸੁਮਿਸ਼ਣ ਹੈ । ਡਾ. ਆਰ. ਡੀ. ਰਾਨਾਡੇ ਅਨੁਸਾਰ "ਪ੍ਰਭੂ ਜਿਹੜਾ ਕਿ ਸ਼ਿਵ ਦਾ ਸਮਰੂਪ ਹੈ ਇਥੇ ਵਿਠੁਲ ਹੋ ਨਿਬੜਿਆ।"[1]

ਪ੍ਰੋ. ਸਾਹਿਬ ਸਿੰਘ ਅਨੁਸਾਰ "ਬੀਠਲੁ ਸ਼ਬਦ 'ਵਿਸ਼ਠਲ' ਜਾਂ 'ਵਿ-ਸਥਲ' ਤੋਂ ਬਣਿਆ ਜਿਸ ਦਾ ਅਰਥ ਹੈ, ਵਿ-ਪਰੇ ਅਰਥਾਤ ਮਾਇਆ ਦੇ ਪ੍ਰਭਾਵ ਤੋਂ ਪਰੇ।"[2]

ਭਗਤ ਨਾਮਦੇਵ 'ਬੀਠਲੁ' ਸ਼ਬਦ ਪਰਮਾਤਮਾ ਲਈ ਵਰਤਦੇ ਹਨ । ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਨਾਮਦੇਵ-ਕਾਵਿ ਵਿਚ ਵੀਹ ਵਾਰੀ ਉਪਯੁਕਤ ਹੋਇਆ ਹੈ । ਹਰ ਵਾਰ ਨਾਮਦੇਵ ਨੇ ਇਸ ਪਦ ਦੇ 'ਪ੍ਰਭੂ' ਅਰਥ ਹੀ ਪ੍ਰਤਿਪਾਦਨ ਕੀਤੇ ਹਨ ।

'ਬੀਠਲੁ' ਪਦ ਜੋ ਕਿ ਸਰਵ-ਪ੍ਰਥਮ ਨਾਮਦੇਵ-ਕਾਵਿ ਵਿਚ ਹੀ ਵਰਤਿਆ ਗਿਆ ਨੇ ਪਿਛਲੇਰੇ ਕਵੀਆਂ ਨੂੰ ਪ੍ਰਭਾਵਿਤ ਕੀਤਾ । ਭਗਤ ਤ੍ਰਿਲੋਚਨ, ਭਗਤ ਕਬੀਰ ਅਤੇ ਗੁਰੂ ਅਰਜਨ ਦੇਵ ਜੀ ਨੇ ਵੀ ਪਰਮਾਤਮਾ ਲਈ ਹੀ ਇਸ ਪਦ ਦੀ ਵਰਤੋਂ ਕੀਤੀ:

---

1. "God, which is really the name of Siva, is here transferred to Vithala."

   MYSTICISM IN MAHARASHTRA, Page 183.

2. ਭਗਤ ਬਾਣੀ ਸਟੀਕ (ਹਿੱਸਾ ਤੀਜਾ), ਪੰ:25.

1. ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਈ ।।
ਆਦਿ ਗ੍ਰੰਥ, ਸਿਰੀਰਾਗ ਤ੍ਰਿਲੋਚਨ, ਪੰ:92.

2. ਰਾਖ ਰਾਖ ਮੇਰੇ ਬੀਠੁਲਾ ਸਰਨਿ ਤੁਮਾਰੀ ।।
"ਉਹੀ", ਬਿਲਾਵਲੁ ਕਬੀਰ, ਪੰ:855.

3. ਨਾਮੁ ਨਰਹਰ ਨਿਧਾਨੁ ਜਿਨ ਕੈ, ਰਸ ਭੋਗ ਏਕ ਨਰਾਇਣਾ ।।
ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ ।।
"ਉਹੀ", ਰਾਮਕਲੀ ਮਹਲਾ 5, ਪੰ:925.

4. ਸਭ ਦਿਨ ਕੇ ਸਮਰਥ ਪੰਥ ਬਿਠੁਲੇ ਹਉ ਬਲਿ ਬਲਿ ਜਾਉ ।।
ਗਾਵਨ ਭਾਵਨ ਸੰਤਨ ਤੋਰੈ ਚਰਨ ਉਵਾ ਕੈ ਪਾਉ ।। ਰਹਾਉ ।।
"ਉਹੀ", ਦੇਵਗੰਧਾਰੀ ਮਹਲਾ 5, ਪੰ:536.

5. ਕਹੁ ਨਾਨਕ ਹਉਮੈ ਭੀਤ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਆ ।।
"ਉਹੀ", ਸੋਰਠਿ ਮਹਲਾ 5, ਪੰ:824.

6. ਐਸੋ ਪਰਚਉ ਪਾਇਓ।। ਕਰੀ ਕ੍ਰਿਪਾ ਦਇਆਲ ਬੀਠੁਲੇ ਸਤਿਗੁਰ
ਮੁਝਹਿ ਬਤਾਇਓ ।।
"ਉਹੀ", ਰਾਗ ਗਉੜੀ ਮਹਲਾ 5,ਪੰ:20 5.

7. ਜਾ ਕਉ ਭਇਓ ਕ੍ਰਿਪਾਲੁ ਬੀਠੁਲਾ ਤਿਨਿ ਹਰਿ ਹਰਿ ਅਜਰ ਜਰਨ ।।
"ਉਹੀ", ਰਾਗ ਸਾਰੰਗ ਮਹਲਾ 5,ਪੰ:1206.

8. ਜੀਵਤੁ ਰਾਮੁ ਕੇ ਗੁਣ ਗਾਇ।। ਕਰਉ ਕ੍ਰਿਪਾ ਗੋਪਾਲ ਬੀਠੁਲੇ।।
ਬਿਸਰਿ ਨ ਕਬਹੀ ਜਾਇ ।। ਰਹਾਉ ।।
"ਉਹੀ", ਉਹੀ,ਪੰ:1223.

## ਪੌਰਾਣਕ ਕਥਾਵਾਂ ਵਿਚੋਂ ਹਵਾਲੇ :

ਭਗਤ ਨਾਮਦੇਵ ਆਪਣੇ ਕਾਵਿ ਵਿਚ ਥਾਂ ਪੁਰ ਥਾਂ ਪੌਰਾਣਕ ਵੇਰਵਿਆਂ ਨੂੰ ਦੇਂਦੇ ਹਨ। ਇਹ ਵੇਰਵੇ ਪੌਰਾਣਕ ਨਾਇਕ/ਨਾਇਕਾਵਾਂ ਅਤੇ ਸਥਾਨਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਦਾ ਵੇਰਵਾ ਨਿਮਨ ਲਿਖਿਤ ਹੈ :

ਗਨਿਕਾ, ਕੁਬਜਾ, ਅਜਾਮਲ, ਸੁਦਾਮਾ, ਉਗ੍ਰਸੈਨ

("ਆਦਿ ਗ੍ਰੰਥ", ਪੰ: 354)

ਸੀਆ (ਸੀਤਾ), ਭਭੀਖਣ

("ਉਹੀ", ਪੰ: 657)

ਕੈਰਉ (ਕੌਰਵ), ਦੁਰਜੋਧਨ, ਲੰਕਾ, ਰਾਵਨ, ਦੁਰਬਾਸਾ

("ਉਹੀ", ਪੰ: 692)

ਕ੍ਰਿਸ਼ਨ, ਗੋਪੀ, ਕੇਸਵਾ (ਉਹੀ, ਪੰ: 693)

ਹਰਿਨਾਖਸ, ਅਜਾਮਲ, ਪੂਤਨਾ, ਦ੍ਰੋਪਦ (ਦ੍ਰੋਪਤੀ ਦਾ ਪਿਤਾ), ਗੌਤਮ, ਕੰਸ, ਸ਼ਿਵ, ਗਾਇਤ੍ਰੀ, ਮਹਾਦੇਵ, ਰਾਮਚੰਦ

("ਉਹੀ", ਪੰ: 874)

ਜਸਰਥ ਰਾਇ (ਦਸ਼ਰਥ), ਨੰਦ (ਉਹੀ, ਪੰ: 973)

ਦੇਵਕੀ, ਦ੍ਰੋਪਦੀ, ਅੰਬਰੀਕ, ਹਰਨਾਖਸ ("ਉਹੀ", ਪੰ: 1105)

ਧਰਮਰਾਇ (ਧਰਮਰਾਜ), ਗੰਧਰਬ ਰਿਖੀ, ਅਰਜਨ।

("ਉਹੀ", ਪੰ: 1292)

ਪਿਛਲੇਰੇ ਨਿਰਗੁਣ ਕਵੀਆਂ ਨੇ ਵੀ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਇਸ ਪ੍ਰਭਾਵ ਨੂੰ ਕਬੂਲਿਆ ਅਤੇ ਪੌਰਾਣਕ ਕਥਾਵਾਂ ਵਿਚੋਂ ਯਥਾ-ਯੁਕਤ ਹਵਾਲੇ ਲਏ। ਇਹ ਕਵੀ ਹਨ :

ਭਗਤ ਕਬੀਰ

ਧੰਨਾ

ਗੁਰੂ ਨਾਨਕ ਦੇਵ ਜੀ

ਗੁਰੂ ਅਮਰਦਾਸ ਜੀ

ਗੁਰੂ ਰਾਮਦਾਸ ਜੀ

ਗੁਰੂ ਅਰਜਨ ਦੇਵ ਜੀ

ਗੁਰੂ ਤੇਗ ਬਹਾਦਰ ਜੀ।

ਭਾਸ਼ਾਈ ਪ੍ਰਭਾਵ :

ਭਗਤ ਨਾਮਦੇਵ ਨੇ ਆਪਣੀ ਮਾਤਭਾਸ਼ਾ ਮਰਾਠੀ ਵਿਚੋਂ ਵਰਤੇ ਗਏ ਸ਼ਬਦਾਂ ਨਾਲ ਵੀ ਨਿਰਗੁਣ-ਕਵੀਆਂ ਨੂੰ ਪ੍ਰਭਾਵਿਤ ਕੀਤਾ। ਆਪ ਨੇ ਮਰਾਠੀ ਭਾਸ਼ਾ ਦੇ ਤਦਭਵ ਸ਼ਬਦ ਹੀ ਬਹੁਤਾ ਕਰਕੇ ਵਰਤੇ ਹਨ।

ਭਗਤ ਕਬੀਰ, ਭਗਤ ਰਵਿਦਾਸ, ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਮਰਾਠੀ ਭਾਸ਼ਾ ਦੇ ਇਨ੍ਹਾਂ ਸ਼ਬਦਾਂ ਨੂੰ ਹੂ-ਬ-ਹੂ ਅਪਣਾਇਆ ਹੈ। ਇਨ੍ਹਾਂ ਭਗਤ ਅਤੇ ਗੁਰੂ-ਕਵੀਆਂ ਦੀ ਬਾਣੀ ਵਿਚੋਂ ਜਿਹੜੇ ਸ਼ਬਦ ਉਪਲਬਧ ਹਨ, ਉਹ ਨਿਮਨ ਲਿਖਿਤ ਹਨ :

| | |
|---|---|
| ਦੇਵਾ (ਦੇਵ) | : ਰਵਿਦਾਸ, "ਆਦਿ ਗ੍ਰੰਥ", ਪੰ:873. |
| | ਗੁਰੂ ਨਾਨਕ ਦੇਵ ਜੀ, "ਉਹੀ", ਪੰ:1112, 1037. |
| | ਗੁਰੂ ਅਮਰਦਾਸ, "ਉਹੀ", ਪੰ:1154. |
| | ਗੁਰੂ ਅਰਜਨ ਦੇਵ, "ਉਹੀ", ਪੰ:1269, 1409. |
| ਤਾਰੀਲੈ | : ਗੁਰੂ ਅਰਜਨ ਦੇਵ, "ਉਹੀ", ਪੰ: 208. |
| ਬੈਧੀਅਲੈ | : ਕਬੀਰ, "ਉਹੀ", ਪੰ: 972. |
| ਪਾਹਨ | : ਕਬੀਰ, "ਉਹੀ", ਪੰ:1371. |
| | ਗੁਰੂ ਨਾਨਕ ਦੇਵ, "ਉਹੀ", ਪੰ:637. |
| ਨਉ | : ਕਬੀਰ, "ਉਹੀ", ਪੰ:656, 1106, 1192. |
| | ਗੁਰੂ ਅਰਜਨ ਦੇਵ, "ਉਹੀ", ਪੰ:899. |
| ਦੇਵਲ | : ਕਬੀਰ, "ਉਹੀ", ਪੰ:117. |
| | ਗੁਰੂ ਨਾਨਕ ਦੇਵ, "ਉਹੀ", ਪੰ:1191. |
| ਐਧਲੇ | : ਗੁਰੂ ਨਾਨਕ ਦੇਵ, "ਉਹੀ", ਪੰ:729, 1029, 1033, 1126. |
| ਛੈਦੇ | : ਕਬੀਰ, "ਉਹੀ", ਪੰ: |
| | ਗੁਰੂ ਰਾਮਦਾਸ, "ਉਹੀ", ਪੰ: |
| ਛਾਇ | : ਗੁਰੂ ਅਰਜਨ ਦੇਵ, "ਉਹੀ", ਪੰ: |
| ਛਾਇਲੈ | : ਕਬੀਰ, "ਉਹੀ", ਪੰ: |
| ਛੀਪਾ | : ਗੁਰੂ ਰਾਮਦਾਸ, "ਉਹੀ", ਪੰ: |
| | ਗੁਰੂ ਅਮਰਦਾਸ, "ਉਹੀ", ਪੰ: |

ਇਸ ਤਰ੍ਹਾਂ ਨਿਰਗੁਣ ਕਾਵਿ ਵਿਚ ਪ੍ਰਯੁਕਤ ਮਰਾਠੀ ਸ਼ਬਦਾਵਲੀ ਦੇ ਇਹ ਸ਼ਬਦ ਨਾਮਦੇਵ-ਕਾਵਿ ਦੇ ਪ੍ਰਭਾਵ ਦਾ ਹੀ ਸਿੱਟਾ ਹੈ ।

ਸ਼ਰਧਾਂਜਲੀਆਂ :

ਭਗਤ ਨਾਮਦੇਵ ਦੇ ਸਮੁੱਚੇ ਪ੍ਰਭਾਵ ਨੂੰ ਵਿਅਕਤ ਕਰਦੇ ਹੋਏ ਮਰਾਠੀ, ਸੰਤ, ਭਗਤ, ਗੁਰੂ-ਕਵੀ ਅਤੇ ਅਜੋਕੇ ਵਿਦਵਾਨ ਸ਼ਰਧਾਂਜਲੀ ਭਰਪੂਰ ਸ਼ਬਦ ਵਰਤਦੇ ਹਨ :

ਸੰਤ ਗਿਆਨੇਸ਼ਵਰ ਨਾਮਦੇਵ ਦੀ ਕਾਵਿ-ਕਲਾ ਦੇ ਪ੍ਰਸੰਗ ਵਿਚ ਲਿਖਦੇ ਹਨ, "ਨਾਮਦੇਵ ਵਿਚ ਕਥਨ ਇਕ ਮਾਤ੍ਰ ਨਹੀਂ, ਕੇਵਲ ਕਵਿਤਵ ਹੈ —ਉਸਦਾ ਰਸ ਅਦਭੁਤ ਅਤੇ ਅਨੁਪਮ ਹੈ।"[1] ਇਕ ਹੋਰ ਥਾਂ ਤੇ ਉਹ ਲਿਖਦੇ ਹਨ, "ਹੇ ਨਾਮਦੇਵ ! ਤੇਰੀ ਰਚਨਾ ਸਾਗਰ ਤੋਂ ਵੀ ਅਥਾਹ ਹੈ । ਇਹ ਰਸ-ਭਿੰਨੀ ਹੈ । ਇਸਨੂੰ ਸੁਨਣ ਲਈ ਮੇਰਾ ਮਨ ਅਧੀਰ ਹੋ ਰਿਹਾ ਹੈ । ਇਸ ਲਈ ਮੈਨੂੰ ਆਪਣੀ ਕੋਈ ਕਵਿਤਾ ਸੁਣਾ ।"[2]

ਸੰਤਨੀ ਜਨਾਬਾਈ ਅਨੁਸਾਰ "ਉਸਦੇ ਮਾਤਾ-ਪਿਤਾ ਨਾਮਦੇਵ ਧੰਨ ਹਨ।"[3]

ਨਾਮਦੇਵ ਦੀ ਮਧੁਰ ਬਾਣੀ ਦਾ ਵਰਣਨ ਕਰਦੇ ਹੋਏ ਉਨ੍ਹਾਂ ਦੇ ਚੇਲੇ ਪਰਿਸਾ ਭਾਗਵਤ ਕਹਿੰਦੇ ਹਨ —"ਨਾਮਦੇਵ ਦੀ ਅੰਮ੍ਰਿਤਬਾਣੀ ਦੁੱਧ ਦੀ ਮਲਾਈ ਵਰਗੀ ਹੈ । ਉਸਦਾ ਵਰਣਨ ਕਰਨ ਵਿਚ ਮੈਂ ਅਸਮਰੱਥ ਹਾਂ ।"[4]

ਇਸ ਤੋਂ ਬਿਨਾਂ ਸੰਤ ਤੁੱਕਾ ਰਾਮ ਤੇ ਸੰਤ ਨਿਲੋਬਾ ਰਾਇ ਵੀ ਨਾਮਦੇਵ ਪ੍ਰਤੀ ਆਪਣੀ ਸ਼ਰਧਾ ਵਿਅਕਤ ਕਰਦੇ ਹਨ ।

ਨਾਮਦੇਵ ਦੇ ਕਾਵਿ ਦੇ ਸੰਬੰਧ ਵਿਚ ਪ੍ਰੋ: ਵਾਸੁਦੇਵ ਬਲਵੰਤ ਪਟਵਰਧਨ ਨੇ ਕਿਹਾ ਸੀ, "ਨਾਮਦੇਵ ਦੀ ਕਵਿਤਾ ਵਿਚ ਸਾਨੂੰ ਉਸ ਤਰ੍ਹਾਂ ਦੇ ਰੋਮਾਂਸ ਦਾ ਅਨੁਭਵ ਹੁੰਦਾ ਹੈ ਜੋ ਸਮੁੰਦਰ ਜਾਂ ਧਰਤੀ ਤੇ ਕਦੇ ਨਹੀਂ ਆਇਆ, ਉਹ ਸੁਪਨਾ ਵਿਖਾਈ ਦਿੰਦਾ ਹੈ ਜੋ

---

1. "ਸਕਲ ਸੰਤ ਗਾਥਾ", ਪੰ:87.
2. ਉਹੀ, ਪੰ:37.
3. "ਉਹੀ", ਅਭੰਗ 78 (ਜਨਾਬਾਈ ਕੇ ਅਭੰਗ)
4. "ਸਕਲ ਸੰਤ ਗਾਥਾ", ਅਭੰਗ 9 (ਪਰਸਾ ਭਾਗਵਤ ਕੇ ਅਭੰਗ)

ਇਸ ਮਿੱਟੀ ਦੀ ਧਰਤੀ ਤੇ ਕਦੇ ਨਹੀਂ ਝਲਕਿਆ । ਉਸ ਪ੍ਰੇਮ ਦਾ ਵਿਸ਼ਵਾਸ ਹੁੰਦਾ ਹੈ ਜਿਸ ਨੇ ਕਦੀ ਵਾਸ਼ਨਾ ਨੂੰ ਉਤੇਜਿਤ ਨਹੀਂ ਕੀਤਾ । ਉਸ ਵਿਚ ਤਾਂ ਕਰੁਣਾ, ਵਿਸ਼ਵਾਸ ਅਤੇ ਭਗਤੀ ਦਾ 'ਰੋਮਾਂਸ' ਹੈ ਤਥਾ ਮਾਨਵ-ਆਤਮਾ ਦਾ ਪ੍ਰੇਮ ਅਤੇ ਪਰਮਾਤਮ-ਸ਼ਕਤੀ ਪ੍ਰਤੀ ਆਤਮ-ਸਮਰਪਣ ਹੈ । ਇਸ ਵਿਚੋਂ ਅਸੀਂ ਭਗਤੀ ਅਤੇ ਅਧਿਆਤਮਕ ਪ੍ਰੇਮ ਦਾ ਰੋਮਾਂਸ, ਹਿਰਦੇ ਦਾ ਹਿਰਦੇ ਪ੍ਰਤੀ ਸੰਗੀਤਮਈ ਨਿਵੇਦਨ ਅਤੇ ਭਾਵਾਤਮਕ ਹਿਰਦੇ ਦੇ ਉਦਗਾਰ ਮਿਲਦੇ ਹਨ ।[1]

ਕਬੀਰ ਤੋਂ ਇਲਾਵਾ, ਰੱਜ਼ਬ, ਸਵਾਮੀ ਸੁੰਦਰਦਾਸ, ਦਾਦੂ ਦਿਆਲ ਅਤੇ ਬਸ਼ਨਾ ਜੀ ਆਪ ਪ੍ਰਤੀ ਅਤਿ ਆਭਾਰ ਵਿਅਕਤ ਕਰਦੇ ਹਨ ।

'ਆਦਿ ਗ੍ਰੰਥ' ਵਿਚੋਂ ਵੀ ਭਗਤਾਂ ਵਿਚੋਂ ਕਬੀਰ ਸਾਹਿਬ ਅਤੇ ਭਗਤਰਵਿਦਾਸ ਜੀ ਤੋਂ ਇਲਾਵਾ ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਭਗਤ ਨਾਮਦੇਵ ਪ੍ਰਤੀ ਸ਼ਰਧਾ ਵਿਅਕਤ ਕਰਦੇ ਹਨ ।[2]

---

1. "Here we have the Romance of a light that never was on sea or land, of a dream that never settled on the world of clay, of love that never stirred thae passion of sex. Here is the Romance of the piety, of faith and devotion, of surrender of human soul in the love, the light and the life of the ultimate being. It is a Romance of Bhakti or Spiritual love that we have here. It is the heart's song to the heart. It is the outburst of the contents of the heart under excitement when the heart is tonched or stirredor thrilled or ronsed into passionate life."

2. ਗੁਰ ਪਰਸਾਦੀ ਜੈ ਦੇਉ ਨਾਮਾ।। ਭਗਤਿ ਕੈ ਪ੍ਰੇਮਿ ਇਨਿ ਹੀ ਹੈ ਜਾਨਾ।।
("ਆਦਿ ਗ੍ਰੰਥ", ਕਬੀਰ, ਪੰ:330)

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ।।
ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ ।।
ਨਾਮਦੇਵ ਕਬੀਰ ਤਿਲੋਚਨ ਸਧਨਾ ਸੈਨੁ ਤਰੈ ।।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ।।
("ਉਹੀ", ਰਾਗ ਮਾਰੂ ਰਵਿਦਾਸ, ਪੰ:1106)

ਨਾਮਾ ਛੀਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ ।।
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ।।
("ਉਹੀ", ਸਿਰੀਰਾਗ ਮਹਲਾ 3,ਪੰ:67)

(ਕੁਝ ਹਵਾਲੇ ਅਗਲੇ ਪੰਨੇ ਤੇ ਹਨ...)

ਆਚਾਰੀਆ ਪਰਸ਼ੂ ਰਾਮ ਚਤੁਰਵੇਦੀ ਅਨੁਸਾਰ, "ਆਪ ਉੱਤਰ ਭਾਰਤ ਦੇ ਸੰਤਾਂ ਦੇ ਪੱਖ-ਪ੍ਰਦਰਸ਼ਕ ਸਨ।"[1]

ਸਮੁੱਚੇ ਰੂਪ ਵਿਚ ਵੇਖਿਆਂ ਭਗਤ ਨਾਮਦੇਵ ਨਿਰਗੁਣ-ਕਾਵਿ ਦੇ ਪ੍ਰਾਰੰਭਿਕ ਧਰਾਤਲ ਤੇ ਖਲੋਤੇ ਨਜ਼ਰ ਆਉਂਦੇ ਹਨ । ਉਹ ਕੇਵਲ ਮਰਾਠੀ ਨੂੰ ਹੀ ਨਹੀਂ, ਸਗੋਂ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਸਭਿਆਚਾਰ ਨੂੰ ਆਪਣੇ ਵਿਅਕਤਿਤਵ ਅਤੇ ਕ੍ਰਿਤਿਤਵ ਨਾਲ ਨਵੀਆਂ ਸੇਧਾਂ ਪ੍ਰਦਾਨ ਕਰਦੇ ਹਨ । ਉਹ ਸਹਿਜਮਾਰਗ ਦੇ ਅਜਿਹੇ ਪੂਰਨੇ ਪਾਉਂਦੇ ਹਨ ਜੋ ਕਿ ਪਿਛਲੇਰੇ ਨਿਰਗੁਣ ਕਵੀਆਂ ਲਈ ਆਦਰਸ਼ ਬਣੇ। ਉਹ ਨਿੱਘਰ ਰਹੀਆਂ ਸਮਾਜਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਕਦਰਾਂ-ਕੀਮਤਾਂ ਨੂੰ ਨਵੇਂ ਸਿਰਿਓਂ ਨਵੇਂ ਮਾਰਗ ਤੇ ਅਗ੍ਰਸਰ ਕਰਦੇ ਹਨ । ਨਿਰਸੰਦੇਹ, ਭਗਤ ਨਾਮਦੇਵ ਨਵੀਂ ਚੇਤਨਾ; ਨਵ-ਜਾਗ੍ਰਣ ਦੇ ਪ੍ਰਵਤਕ ਸਨ ਜਿਹੜੀ ਚੇਤਨਾ ਨੇ ਅਧਿਆਤਮਕ,ਸਮਾਜਕ ਅਤੇ ਸਭਿਆਚਾਰਕ ਕ੍ਰਾਂਤੀ ਨੂੰ ਜਨਮ ਦਿੱਤਾ ।

...

---

(ਪਿਛਲੇ ਪੰਨੇ ਦੇ ਬਾਕੀ ਰਹਿੰਦੇ ਹਵਾਲੇ...)

ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕ ਛੀਪਾ ਕਹੈ ਬੁਲਾਇ ।।
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ।।
("ਆਦਿ ਗ੍ਰੰਥ", ਰਾਗ ਸੂਹੀ ਮਹਲਾ 4,ਪੰ:733)

ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨ ਆਧਾਰੋ ।।
ਨਾਮਦੇਉ ਤ੍ਰਿਲੋਚਨ ਕਬੀਰ ਦਾਸਰੋ ਮੁਕਤਿ ਭਇਓ ਚਮਿਆਰੋ ।।
("ਉਹੀ", ਰਾਗ ਗੂਜਰੀ ਮਹਲਾ 5, ਪੰ:498)

1. "ਉੱਤਰੀ ਭਾਰਤ ਕੀ ਸੰਤ ਪਰੰਪਰਾ", ਪੰ:107.

# ਉਪਸੰਹਾਰ

# ਉਪਸੰਹਾਰ

'ਨਿਰਗੁਣ' ਅਜਿਹਾ ਇਕ ਸ਼ਬਦ ਹੈ ਜੋ ਪਰਮਾਤਮ-ਸ਼ਕਤੀ ਦੇ ਸਰੂਪ ਨੂੰ ਭਲੀ-ਭਾਂਤ ਨਿਰੂਪਣ ਕਰਦਾ ਹੈ। ਇਹ ਸ਼ਬਦ ਕੋਸ਼ਗਤ ਤੇ ਪਰੰਪਰਾਗਤ ਅਰਥਾਂ ਵਿਚ ਪਰਮਾਤਮ-ਸ਼ਕਤੀ ਦੇ ਭਾਵ 'ਤ੍ਰਿਗੁਣਤੀਤ' ਮੰਨਦਾ ਹੈ।

ਪੰਜਾਬੀ ਦਾ ਨਿਰਗੁਣ-ਕਾਵਿ ਭਗਤ ਨਾਮਦੇਵ ਤੋਂ ਪ੍ਰਾਰੰਭ ਹੋ ਕੇ ਗੁਰੂ-ਕਾਵਿ ਨਾਲ ਆਪਣੀ ਚਰਮ-ਸੀਮਾ ਤਕ ਪਹੁੰਚਦਾ ਹੈ। ਇਸ ਕਾਵਿ ਦਾ ਸਰਗੁਣ-ਕਾਵਿ ਤੋਂ ਮੁੱਢਲਾ ਅੰਤਰ ਦ੍ਰਿਸ਼ਟੀਕੋਣ ਦਾ ਹੈ। ਪੰਜਾਬੀ ਦਾ ਨਿਰਗੁਣ-ਕਾਵਿ ਉਪਨਿਸ਼ਦਾਂ, ਸ਼੍ਰੀਮਦ ਭਗਵਤ ਗੀਤਾ, ਬੁੱਧ ਧਰਮ, ਨਾਥਾਂ ਤੇ ਜੋਗੀਆਂ, ਇਸਲਾਮ ਤੇ ਵਿਸ਼ੇਸ਼ ਕਰ ਸੂਫ਼ੀਮੱਤ ਤੋਂ ਪ੍ਰਭਾਵਿਤ ਹੈ। ਇਸ ਤੋਂ ਅਤਿਰਿਕਤ ਮੱਧਕਾਲੀਨ ਰਾਜਨੀਤਕ,ਧਾਰਮਿਕ ਤੇ ਸਮਾਜਕ ਪ੍ਰਸਥਿਤੀਆਂ ਵੀ ਇਸ ਕਾਵਿ ਦੀਆਂ ਪ੍ਰੇਰਨਾ-ਸਰੋਤ ਬਣੀਆਂ। ਪੰਜਾਬੀ ਦੇ ਨਿਰਗੁਣ-ਕਾਵਿ ਦਾ ਸਰਵੇਖਣ ਕਰਨ ਲਈ ਇਸਨੂੰ ਭਗਤ-ਕਾਵਿ ਤੇ ਗੁਰੂ-ਕਾਵਿ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

ਭਗਤ ਨਾਮਦੇਵ ਉਤਰੀ ਭਾਰਤ ਵਿਚ ਇਸ ਕਾਵਿ ਦੇ ਪ੍ਰਵਰਤਕ ਹਨ। ਮਹਾਂਰਾਸ਼ਟਰ ਵਿਚ ਨਾਮਦੇਵ ਨਾਮ ਦੇ ਛੇ ਸੰਤ ਹੋਏ ਹਨ। ਜਿਸ ਭਗਤ ਨਾਮਦੇਵ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਨਾਮਦੇਵ 26ਅਕਤੂਬਰ,1270 (ਸ਼ਕ ਸੰਮਤ 1192 ਕੱਤਕ ਦੀ ਸ਼ੁਕਲ ਇਕਾਦਸ਼ੀ) ਨੂੰ ਪੈਦਾ ਹੋਏ। ਉਹ ਮਹਾਂਰਾਸ਼ਟਰ ਦੇ ਜ਼ਿਲ੍ਹਾ ਸਤਾਰਾ ਦੇ ਇਕ ਪਿੰਡ ਨਰਸੀ ਬਾਹਮਣੀ ਵਿਚ ਪੈਦਾ ਹੋਏ। ਆਪ ਦੀ ਮਾਤਾ ਦਾ ਨਾਮ ਗੋਣਾਈ ਅਤੇ ਪਿਤਾ ਦਾ ਨਾਮ ਦਾਮਸ਼ੇਟ ਸੀ। ਆਪ ਛੀਪਾ ਜਾਂ ਛੀਂਬਾ ਜਾਤੀ ਦੇ ਸਨ। ਆਪ ਦੀ ਇਕ ਭੈਣ, ਇਕ ਧੀ ਤੇ ਚਾਰ ਪੁੱਤਰ ਸਨ। ਆਪ ਨੇ ਵਿਸ਼ੋਬਾ ਖੇਚਰ ਨੂੰ ਆਪਣਾ ਗੁਰੂ ਧਾਰਨ ਕੀਤਾ। ਨਾਮਦੇਵ ਨੇ ਮਹਾਂਰਾਸ਼ਟਰ ਤੋਂ ਚੱਲ ਕੇ ਉੱਤਰ ਵਾਲੇ ਪਾਸੇ ਅਨੇਕਾਂ ਸ਼ਹਿਰਾਂ ਦੀ ਯਾਤਰਾ ਕੀਤੀ। ਪਹਿਲੀ ਯਾਤਰਾ ਸੰਨ 1216ਈ: ਵਿਚ ਕੀਤੀ। ਆਪ ਕਾਂਸ਼ੀ, ਬੀਕਾਨੇਰ, ਦਿੱਲੀ, ਪ੍ਰਯਾਗ, ਅਯੁੱਧਿਆ, ਮਥੁਰਾ, ਗੋਕਲ, ਬਿੰਦਰਾਬਣ, ਜਗਨਨਾਥ ਅਤੇ ਦਵਾਰਕਾ ਵੀ ਗਏ। ਇਨ੍ਹਾਂ ਯਾਤਰਾ ਵਿਚ ਮਹਾਂਰਾਸ਼ਟਰ ਦੇ ਉੱਘੇ ਸੰਤ ਗਿਆਨੇਸ਼ਵਰ ਵੀ ਆਪਦੇ ਨਾਲ ਸਨ। ਯਾਤਰਾਵਾਂ ਤੋਂ ਵਾਪਸ ਮੁੜਣ ਸਮੇਂ ਗਿਆਨੇਸ਼ਵਰ ਸ਼ਕ ਸੰਮਤ 1218

ਅਰਥਾਤ 1236ਈ: ਨੂੰ ਆਲੰਦੀ ਵਿਖੇ ਸਮਾ ਗਏ। ਨਾਮਦੇਵ ਇਸ ਮਹਾਨ ਸੰਤ ਦੇ ਪੰਜ-ਭੂਤਕ ਸਰੀਰ ਤਿਆਗ ਜਾਣ ਤੇ ਬਹੁਤ ਉਦਾਸ ਹੋ ਗਏ ਤੇ ਆਪਣੀ ਮਾਤ-ਭੂਮੀ ਨੂੰ ਛੱਡ ਕੇ ਪੰਜਾਬ ਵਾਲੇ ਪਾਸੇ ਆ ਗਏ। ਇਥੇ ਆ ਕੇ ਆਪ ਘੁਮਾਣ ਪਿੰਡ (ਜ਼ਿਲ੍ਹਾ ਗੁਰਦਾਸਪੁਰ) ਵਿਚ ਰਹੇ ਅਤੇ ਇਥੇ ਹੀ ਆਪਦੀ ਮ੍ਰਿਤੂ ਹੋ ਗਈ।

ਨਾਮਦੇਵ ਇਕ ਅਤਿ ਦੇ ਨਿਮਰ ਅਤੇ ਗਿਆਨਸ਼ੀਲ ਵਿਅਕਤੀ ਸਨ। ਆਪ ਨੇ ਭਾਵੇਂ ਸਾਧੂਕੜੀ ਬੋਲੀ ਵਿਚ ਘੱਟ ਰਚਨਾ ਕੀਤੀ, ਪਰੰਤੂ ਆਪਦਾ ਮਰਾਠੀ ਸਾਹਿਤ ਵੱਡ-ਆਕਾਰੀ ਹੈ। ਹਿੰਦੀ ਵਿਚ ਵੀ ਆਪ ਦੀ ਕਾਫ਼ੀ ਰਚਨਾ ਉਪਲਬਧ ਹੈ। ਸੁਵਿਧਾ ਹਿਤ ਆਪ ਦੇ ਕਾਵਿ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ: (ੳ) ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ, ਜਿਸ ਵਿਚ ਆਪ ਦੇ 18 ਰਾਗਾਂ ਵਿਚ 61 ਸ਼ਬਦ ਹਨ। (ਅ) ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ, ਜਿਸ ਵਿਚ 'ਨਾਮਦੇਵ ਕੀ ਹਿੰਦੀ ਪਦਾਵਲੀ' ਦੇ 15 ਰਾਗਾਂ ਵਿਚ 231 ਪਦੇ ਹਨ ਅਤੇ 'ਸ੍ਰੀ ਨਾਮਦੇਵ ਗਾਥਾ' ਦੇ 2655 ਮਰਾਠੀ ਅਭੰਗ।

ਭਗਤ ਨਾਮਦੇਵ ਦੇ ਦਰਸ਼ਨ ਦੇ ਪ੍ਰਮੁੱਖ ਤੱਤ ਪਰਮ-ਤੱਤ ਜਿਗਿਆਸਾ, ਜੀਵਾਤਮਾ, ਮਾਇਆ, ਜਗਤ, ਕਰਮ, ਸੁੱਖ-ਦੁੱਖ, ਆਵਾਗਵਣ, ਸਵਰਗ-ਨਰਕ ਤੇ ਮੁਕਤੀ ਹਨ। ਨਾਮਦੇਵ ਦੀ ਭਗਤੀ ਸਾਧਨਾ ਦਾ ਕੇਂਦਰ-ਬਿੰਦੂ 'ਬੀਠੁਲ' ਹੈ ਜੋ ਜ਼ਰੇ ਜ਼ਰੇ ਵਿਚ ਵਿਦਮਾਨ ਹੈ ਜਿਸਦੀ ਪ੍ਰਾਪਤੀ ਲਈ ਆਪ ਹਰ ਤਰ੍ਹਾਂ ਦੇ ਕਰਮ-ਕਾਂਡਾਂ ਤੋਂ ਉੱਪਰ ਉੱਠ ਕੇ 'ਘਟਿ' ਵਿਚੋਂ ਹੀ ਉਸਨੂੰ ਖੋਜਣ ਦਾ ਉਪਦੇਸ਼ ਦਿੰਦੇ ਹਨ। ਆਪ ਸਹਿਜਯੋਗ ਦੇ ਧਾਰਨੀ ਸਨ। ਮਨ ਨੂੰ ਆਪ ਕਾਲ ਦੇ ਪ੍ਰਭਾਵ ਅਧੀਨ ਮੰਨਦੇ ਹਨ। ਆਪ 'ਸੁਰਤਿ' ਨੂੰ 'ਸ਼ਬਦ' ਵਿਚ ਲੀਨ ਕਰਨ ਦਾ ਉਪਦੇਸ਼ ਦਿੰਦੇ ਹਨ। ਚਿਤ-ਬ੍ਰਿਤੀਆਂ ਨੂੰ ਇਕਾਗਰ ਕਰਨਾ ਹੀ ਆਪ ਲਈ ਸਮਾਧੀ ਦੀ ਅਵਸਥਾ ਹੈ ਅਤੇ ਸਾਧੂ-ਜਨ ਇਸੇ ਸਮਾਧੀ ਦੀ ਅਵਸਥਾ ਵਿਚ ਲੀਨ ਰਹਿਣ ਵਾਲੇ ਵਿਅਕਤੀ ਹੁੰਦੇ ਹਨ। ਆਤਮਿਕ ਉਚਾਈਆਂ ਪ੍ਰਾਪਤ ਕਰਕੇ 'ਬੀਠਲੁ' ਨਾਲ ਅਭੇਦ ਹੋਣ ਵਾਲੇ ਸੰਤ ਹੀ ਸੱਚੇ ਗੁਰੂ ਹੋ ਸਕਦੇ ਹਨ। ਵੈਰਾਗ ਆਪ ਦੀ ਭਗਤੀ ਸਾਧਨਾ ਦਾ ਪ੍ਰਮੁੱਖ ਬਿੰਦੂ ਹੈ। ਵੈਰਾਗ ਮਨ ਵਿਚ ਪੈਦਾ ਹੋਣ ਤੇ ਹੀ ਜੀਵ ਸਹੀ ਅਰਥਾਂ ਵਿਚ ਨਾਮ-ਸਿਮਰਨ ਕਰ ਸਕਦਾ ਹੈ। ਪ੍ਰਭੂ ਦਾ ਕੀਰਤਨ ਕਰਨ, ਆਤਮ-ਨਿਵੇਦਨ ਤੇ ਪ੍ਰੇਮ-ਭਾਵਨਾ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ। ਆਪ ਉੱਚੇ ਸ਼ਖ਼ਸੀ ਤੇ ਸਮਾਜਕ ਆਚਾਰ ਨੂੰ ਪ੍ਰਭੂ-ਭਗਤੀ ਲਈ ਅਨਿਵਾਰੀ ਸਮਝਦੇ ਹਨ।

ਨਾਮਦੇਵ-ਕਾਵਿ ਵਿਚ ਕਾਵਿ-ਕਲਾ ਦੇ ਅੰਤਰੀ ਤੇ ਬਾਹਰੀ ਦੋਵੇਂ ਰੂਪ ਮੌਜੂਦ ਹਨ । ਅੰਤਰੀ ਰੂਪ ਵਿਚ ਰਸ ਆਉਂਦੇ ਹਨ ਜਦਕਿ ਬਾਹਰੀ ਰੂਪ ਵਿਚ ਅਲੰਕਾਰ, ਪ੍ਰਤੀਕ, ਬਿੰਬ, ਰਾਗ-ਸੰਗਤੀ, ਛੰਦ ਤੇ ਭਾਸ਼ਾ-ਸ਼ਿਲਪ ਆਉਂਦੇ ਹਨ । ਆਪ ਦੇ ਕਾਵਿ ਵਿਚ ਅਦਭੁਤ ਤੇ ਸ਼ਾਂਤ ਰਸ ਹੀ ਪ੍ਰਮੁੱਖ ਰੂਪ ਵਿਚ ਉਪਲਬਧ ਹਨ । ਅਲੰਕਾਰਾਂ ਵਿਚੋਂ ਆਪ ਨੇ ਸ਼ਬਦ ਅਲੰਕਾਰਾਂ (ਅਨੁਪ੍ਰਾਸ) ਦੀ ਵਰਤੋਂ ਕੀਤੀ ਹੈ ।ਅਰਥ ਅਲੰਕਾਰਾਂ ਵਿਚੋਂ ਸਾਂਝਮੂਲਕ ਅਲੰਕਾਰ ਅਰਥਾਤ ਉਪਮਾ ਤੇ ਰੂਪਕ ਅਲੰਕਾਰ ਵਰਤੇ ਹਨ । ਉਲੇਖ ਅਲੰਕਾਰ ਆਪ ਦੇ ਤਿਲੰਗ ਰਾਗ ਵਿਚ ਮਿਲਦੇ ਸ਼ਬਦਾਂ ਵਿਚ ਹਨ । ਇਸਤੋਂ ਅਤ੍ਰਿਕਿਤ ਦ੍ਰਿਸ਼ਟਾਂਤ ਵੀ ਆਪ ਦੇ ਕਾਵਿ ਦਾ ਭਾਗ ਹਨ । ਤਰਕ-ਮੂਲਕ ਅਲੰਕਾਰ, ਗੂੜ੍ਹ ਅਰਥ ਪ੍ਰਤੀਤੀ ਮੂਲਕ ਅਲੰਕਾਰ ਵੀ ਆਪ ਦੇ ਕਾਵਿ ਵਿਚ ਉਪਲਬਧ ਹਨ। ਆਪ ਦੀ ਬਿੰਬ-ਯੋਜਨਾ ਦਾ ਆਧਾਰ ਪ੍ਰਾਕ੍ਰਿਤੀ ਅਤੇ ਜੀਵਨ ਹੈ । ਜੀਵਨਗਤ ਬਿੰਬਾਂ ਵਿਚੋਂ ਦ੍ਰਿਸ਼ਟੀਪਰਕ, ਨਾਦਪਰਕ ਅਤੇ ਸਵਾਦਪਰਕ ਬਿੰਬਾਂ ਦੀਆਂ ਉਦਾਹਰਣਾਂ ਆਪ ਦੇ ਕਾਵਿ ਵਿਚ ਹਨ । ਭਗਤ ਨਾਮਦੇਵ ਦੇ ਕਾਵਿ ਵਿਚ ਅਭਿਵਿਅੰਜਨਾ ਦਾ ਨਿਖਾਰ ਲਿਆਉਣ ਲਈ ਪ੍ਰਤੀਕਯੋਜਨਾ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ । ਆਪਨੇ ਪਰੰਪਰਾਗਤ ਅਤੇ ਮਿਥਿਹਾਸਕ ਤੇ ਇਤਿਹਾਸਕ ਪ੍ਰਤੀਕ ਵਰਤੇ ਹਨ । ਛੰਦਾਂ ਵਿਚੋਂ ਆਪ ਨੇ ਸਮ-ਮਾਤ੍ਰਿਕ ਛੰਦ ਜਿਵੇਂ ਚੌਪਈ, ਗੋਪਾਲ ਛੰਦ, ਪੱਧਰੀ, ਹਾਕਲ-ਹਾਕਲਾ, ਅੜਿੱਲ, ਹੰਸ ਗਤਿ, ਸਾਰ ਛੰਦ, ਲਾਵਨੀ ਛੰਦ ਤੇ ਤਾਟੰਕ ਵਰਤੇ ਹਨ । ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ 55 ਕਾਵਿ-ਰੂਪਾਂ ਦੀ ਵਰਤੋਂ ਹੋਈ ਹੈ ਪਰ ਭਗਤ ਨਾਮਦੇਵ ਨੇ ਪਦੇ ਹੀ ਲਿਖੇ । ਆਪ ਨੇ 17 ਰਾਗਾਂ ਜਿਵੇਂ ਗਉੜੀ, ਗੁਜਰੀ, ਸੋਰਠਿ,ਧਨਾਸਰੀ, ਟੋਡੀ,ਤਿਲੰਗ, ਬਿਲਾਵਲੁ, ਗੋਂਡ, ਰਾਮਕਲੀ, ਮਾਲੀ ਗਉੜਾ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ ਅਤੇ ਪ੍ਰਭਾਤੀ ਰਾਗ ਆਦਿ ਵਿਚ ਸ਼ਬਦ ਉਚਾਰਣ ਕੀਤੇ। ਨਾਮਦੇਵ ਜੀ ਨੇ ਸਾਧੂਕੜੀ ਬੋਲੀ ਵਿਚ ਹੀ ਕਾਵਿ ਰਚਿਆ, ਪਰ ਆਪਦੇ ਕਾਵਿ ਉਤੇ ਮਰਾਠੀ ਭਾਸ਼ਾ ਦੀ ਸ਼ਬਦਾਵਲੀ ਦਾ ਅਧਿਕ ਪ੍ਰਭਾਵ ਹੈ । ਇਸਤੋਂ ਬਿਨਾਂ ਘੁਮੱਕੜ ਕਿਸਮ ਦੇ ਵਿਅਕਤੀ ਹੋਣ ਕਰਕੇ ਆਪ ਦੀ ਬੋਲੀ ਉਤੇ ਗੁਜਰਾਤੀ,ਫ਼ਾਰਸੀ ਤੇ ਸੰਸਕ੍ਰਿਤ ਭਾਸ਼ਾਵਾਂ ਦਾ ਵੀ ਪ੍ਰਭਾਵ ਹੈ । ਆਪ ਨੇ ਸ਼ਬਦ ਸ਼ਕਤੀਆਂ ਵਿਚੋਂ ਅਭਿਧਾ, ਲਕਸ਼ਣਾ ਤੇ ਵਿਅੰਜਨਾਂ ਦੀ ਵਰਤੋਂ ਕੀਤੀ ਹੈ । ਆਪ ਦੀ ਕਾਵਿ ਸ਼ੈਲੀ ਦੇ ਮਾਧੁਰਯ ( sweatness ), ਓਜ (force ) ਅਤੇ ਪ੍ਰਸਾਦ ( lucidity )

ਪ੍ਰਮੁੱਖ ਗੁਣ ਹਨ । ਇਸ ਤਰ੍ਹਾਂ ਕੁਲ ਮਿਲਾ ਕੇ ਕਾਵਿ-ਚੇਤਨਾ, ਕਲਾ-ਰੂਹ ਅਤੇ ਸੁਲਝੇ ਹੋਏ ਭਾਸ਼ਾ-ਸ਼ਿਲਪ ਨੇ ਆਪ ਦੇ ਕਾਵਿ-ਸੌਂਦਰਯ ਨੂੰ ਨਿਖਾਰਿਆ ਹੈ । ਇਸ ਸਭ ਕੁਝ ਦੇ ਫਲਸਰੂਪ ਸਾਧੂ ਭਾਖਾ ਇਕ ਪ੍ਰਮਾਣਿਕ-ਭਾਖਾ ਬਣਕੇ ਸਾਹਮਣੇ ਆਈ ਜਿਸਨੂੰ ਆਪਦੇ ਪਿਛਲੇਰੇ ਕਵੀਆਂ ਨੇ ਵਰਤ ਕੇ ਇਸ ਭਾਖਾ ਦੇ ਮੁਹਾਵਰੇ ਨੂੰ ਵਧੇਰੇ ਮਕਬੂਲ ਬਣਾਇਆ ।

ਭਗਤ ਨਾਮਦੇਵ ਭਾਰਤੀ ਸੰਸਕ੍ਰਿਤੀ ਦੇ ਨਵ-ਜਾਗ੍ਰਣ ਦੇ ਪ੍ਰੇਰਨਾ ਸਰੋਤ ਬਣੇ । ਆਪ ਦੇ ਸ਼ਖ਼ਸੀ ਪ੍ਰਭਾਵ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਪੰਜਾਬ ਦੀ ਧਰਤੀ ਨਾਲ ਜੁੜੀਆਂ ਨਾਮਦੇਵ-ਸਿਮ੍ਰਿਤੀਆਂ ਹਨ । ਨਾਮਦੇਵ-ਕਾਵਿ ਦਾ ਵਿਚਾਰਾਤਮਕ ਪ੍ਰਭਾਵ, ਭਾਸ਼ਾ-ਜੁਗਤਾਂ ਦਾ ਪ੍ਰਭਾਵ ਵੀ ਨਿਰਗੁਣ-ਕਾਵਿ ਦੇ ਹੋਰ ਕਵੀਆਂ ਤੇ ਵੀ ਪਿਆ ਪ੍ਰਤੱਖ ਵਿਖਾਈ ਦੇਂਦਾ ਹੈ । ਆਪ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਸਭਿਆਚਾਰ ਨੂੰ ਆਪਣੇ ਵਿਅਕਤਿਤਵ ਤੇ ਕ੍ਰਿਤਿਤਵ ਨਾਲ ਨਵੀਆਂ ਸੇਧਾਂ ਪ੍ਰਦਾਨ ਕਰਦੇ ਹਨ । ਆਪ ਨਵੀਂ ਚੇਤਨਾ; ਨਵ-ਜਾਗ੍ਰਣ ਦੇ ਪ੍ਰਵਰਤਕ ਸਨ ਜਿਹੜੀ ਚੇਤਨਾ ਨੇ ਅਧਿਆਤਮਕ, ਸਮਾਜਕ ਅਤੇ ਸਭਿਆਚਾਰਕ ਕ੍ਰਾਂਤੀ ਨੂੰ ਜਨਮ ਦਿੱਤਾ ।

= = =

# ਪੁਸਤਕ-ਸੂਚੀ

# ਪੁਸਤਕ-ਸੂਚੀ


ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1989.

ਸਾਹਿਬ ਸਿੰਘ (ਪ੍ਰੋ:), ਭਗਤ ਬਾਣੀ ਸਟੀਕ (ਹਿੱਸਾ ਤੀਜਾ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 1959.

ਸਾਵਣ ਸਿੰਘ (ਮਹਾਰਾਜ), ਗੁਰਮਤ ਸਿਧਾਂਤ, ਰਾਧਾ ਸਵਾਮੀ ਸਤਿਸੰਗ, ਬਿਆਸ, 1984, ਛੇਵੀਂ ਵਾਰ ।

ਸ਼ੇਰ ਸਿੰਘ (ਡਾ.), ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962, ਦੂਜੀ ਵਾਰ ।

ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਨੈਸ਼ਨਲ ਬੁਕ ਸ਼ਾਪ, ਦਿੱਲੀ, 1990.

______, ਗੁਰਮਤ ਮਾਰਤੰਡ (ਭਾਗ 1,2), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1963, ਤੀਸਰੀ ਵਾਰ ।

______, ਗੁਰਛੰਦ ਦਿਵਾਕਰ, ਸੁਦਰਸ਼ਨ ਪ੍ਰੈਸ, ਹਾਲ ਬਾਜ਼ਾਰ, ਅੰਮ੍ਰਿਤਸਰ, 1924, ਪਹਿਲਾ ਐਡੀਸ਼ਨ ।

ਖਜ਼ਾਨ ਸਿੰਘ (ਗਿਆਨੀ), ਜਨਮਸਾਖੀ ਬ੍ਰਹਮ ਗਿਆਨੀ ਭਗਤ ਨਾਮਦੇਵ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰ:, ਅੰਮ੍ਰਿਤਸਰ, 1977.

ਗੁਰਦਿੱਤ ਸਿੰਘ (ਗਿਆਨੀ), ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਸਾਹਿਤ ਸੰਸਥਾਨ, ਚੰਡੀਗੜ੍ਹ, 1990.

ਜਨਮਸਾਖੀ ਗੁਰੂ ਨਾਨਕ ਦੇਵ ਜੀ (ਸੰਪਾ. ਡਾ. ਪਿਆਰ ਸਿੰਘ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਨਵੰਬਰ 1974, ਪਹਿਲਾ ਐਡੀਸ਼ਨ ।

ਜਨਮਸਾਖੀ ਸੋਢੀ ਮਿਹਰਬਾਨ (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1968ਈ.

ਜੋਗਿੰਦਰ ਸਿੰਘ, ਪਿੰਗਲ ਤੇ ਆਰੂਜ਼, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1960.

ਜੋਧ ਸਿੰਘ (ਭਾਈ), ਭਗਤ ਨਾਮਦੇਵ ਤਥਾ ਹੋਰ ਭਗਤ-ਜੀਵਨੀ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978.

ਜੱਗੀ, ਰਤਨ ਸਿੰਘ (ਡਾ.), ਗੁਰੂ ਨਾਨਕ ਬਾਣੀ, ਮਦਾਨ ਪਬਲਿਸ਼ਰਜ਼, ਪਟਿਆਲਾ, 1968, ਪਹਿਲਾ ਐਡੀਸ਼ਨ ।

ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1963.

ਦਵਿੰਦਰ ਸਿੰਘ (ਡਾ.), ਆਦਿਕਾਲੀਨ ਪੰਜਾਬੀ ਸਾਹਿਤ, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1983.

ਨਾਮਦੇਵ, ਮਾਧਵ ਗੋਪਾਲ ਦੇਸ਼ਮੁਖ (ਅਨੁ: ਹਰਿਭਜਨ ਸਿੰਘ), ਸਾਹਿਤ ਅਕਾਦਮੀ, ਦਿੱਲੀ, 1983, ਦੂਜੀ ਵਾਰ ।

ਨਾਮਦੇਵ: ਜੀਵਨ ਤੇ ਦਰਸ਼ਨ, ਪ੍ਰਭਾਕਰ ਮਾਚਵੇ (ਅਨੁ: ਵਜ਼ੀਰ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਨਾਮਦੇਵ, ਲਕਸ਼ਮਣ ਗਣੇਸ਼ ਜੋਗ (ਅਨੁ: ਸਵਰਨ ਸਿੰਘ), ਨੈਸ਼ਨਲ ਬੁੱਕ ਟਰੱਸਟ, ਦਿੱਲੀ, 1984.

ਨਾਰੰਗ, ਕ੍ਰਿਪਾਲ ਸਿੰਘ, ਸੰਤ ਨਾਮਦੇਵ ਜੀ, ਜੀਵਨ, ਬਾਣੀ ਤੇ ਉਪਦੇਸ਼, ਰਾਧਾ ਸਵਾਮੀ ਸਤਿਸੰਗ, ਬਿਆਸ, ਤਿਥੀ ਨਹੀਂ ।

ਪੂਰਨ ਦਾਸ, ਜਨਮਸਾਖੀ ਭਗਤ ਨਾਮਦੇਵ ਜੀ, ਭਾਈ ਮਿਹਰ ਸਿੰਘ ਸੁਰਿੰਦਰ ਸਿੰਘ, ਅੰਮ੍ਰਿਤਸਰ, ਦੂਜੀ ਵਾਰ ।

ਪ੍ਰੇਮ ਪ੍ਰਕਾਸ਼ ਸਿੰਘ (ਡਾ.), ਗੁਰੂ ਨਾਨਕ ਤੇ ਨਿਰਗੁਣ ਧਾਰਾ, ਭਾਸ਼ਾ ਵਿਭਾਗ, ਪਟਿਆਲਾ, 1973.

______, ਭਾਰਤੀ ਕਾਵਿ ਸ਼ਾਸਤ੍ਰ, ਸਾਹਿਤ ਅਕਾਦਮੀ, ਲੁਧਿਆਣਾ, 1963, ਪਹਿਲਾ ਐਡੀਸ਼ਨ ।

ਬਾਣੀਕਾਰ ਭਗਤ ਨਾਮਦੇਵ (ਸੰਪਾ. ਪ੍ਰੋ. ਹਰਜੀਤ ਸਿੰਘ), ਪੰਜਾਬੀ ਅਕਾਦਮੀ, ਦਿੱਲੀ, 1987.

ਬੇਦੀ, ਕਾਲਾ ਸਿੰਘ (ਡਾ.), ਗੁਰੂ ਨਾਨਕ ਦਰਸ਼ਨ, ਪੰਜਾਬੀ ਪ੍ਰਕਾਸ਼ਕ, ਦਿੱਲੀ, 1965.

ਬੇਦੀ, ਗੁਰਨਾਮ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987.

ਮਹਿਤਾ, ਗੁਰਚਰਨ ਸਿੰਘ (ਡਾ.), ਡਾ. ਭਾਈ ਵੀਰ ਸਿੰਘ ਜੀ ਦੀ ਕਵਿਤਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1972.

ਮਨੋਹਰ, ਸੋਹਣ ਲਾਲ, ਯੁੱਗ ਪੁਰਸ਼ ਨਾਮਦੇਵ, ਸੰਤ ਨਾਮਦੇਵ ਪਬਲੀਕੇਸ਼ਨ ਬਿਊਰੋ, ਲੁਧਿਆਣਾ, 1970, ਪਹਿਲਾ ਐਡੀਸ਼ਨ ।

ਵਾਰਾਂ ਭਾਈ ਗੁਰਦਾਸ (ਸੰਪਾ. ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ, 1991, ਬਾਰਵਾਂ ਐਡੀਸ਼ਨ ।

ENGLISH

Ajit Singh Sikka, Facets of Guru Nanak's Thoughts, Bee Kay Publications, Sati Sundan Street, Ludhiana, 1972, Ist Ed.

Avtar Singh(Dr.), Ethics of the Sikhs, Punjabi University, Patiala, 1970, Ist Ed.

Encyclopaedia Britannica, Vol.21, Encyclopaedia Britannica Ltd., London, 1962.

Encyclopaedia of Poetry & Poetics (Alex Preminger Ed.) Princeton (USA). Princeton Press, 1965, Ist Ed.

Encyclopaedia of Religion & Ethics (Ed. James Hastings), T & T Clark, Edinburg, 1966, 5th Ed.

Gokul Chand Narang, Transformation of Sikhism, New Book Society of India, New Delhi, 1956, 4th Ed.

Herbert Reed, Phases of English Poetry, London, 1948.

History of Medieval Deccan, Vol.II(Ed. H.K.Shervani), Govt. Press Hyderabad, 1973.

I.A.Richards, Principles of Literary Criticism, London, 1947.

J.N.Farquhar, An Outline of the Religious Literature of India, Moti Lal Banarsi Das, Delhi, 1967, 2nd Ed.

Jacob Korg, An Introduction to Poetry, New York, 1962.

Joan Bennet, Five Metaphysical Poets, Cambridge, 1957.

John Dewey, Human Nature and Conduct, Modern Library, New York, 1957, Ist Ed.

M.A.Macauliffe, The Sikh Religion, its Guru, Sacred Writings and Authors, S.Chand & Co. New Delhi, 1965(Indian Print)

P.V.Kane, The Sahitya Darpan, Angre'Wadi Girgaon Back Road, Bombay, 1923, 2nd Ed.

P.Gurrey, The Appreciation of Poetry, Cambridge University, London, 1961.

R.G.Bhandarkar, Vaisnavism, Saivism and Minor Religious System, Vol.IV, Bhandarkar oriental Research Institute, Poona, 1929, 2nd Ed.

R.D.Ranade, Mysticism in Maharashtra, Motilal Banarsi Dass, Delhi .

Radha Krishnan, Indian Philosophy, Vol.I, George Allen & University Ltd., London, 1971, 10th Ed.

R.A. Scott James, Theory of Literature, London, 1948.

S.N.Das Gupta, History of Indian Philosophy, Cambridge University, London, 1969.

S.S.Kohli, A Critical Study of Adi Granth, The Punjabi Writers Co-operative Industrial Society, New Delhi, 1961, Ist Ed.

______, Philosophy of Guru Nanak, Punjab University, Chandigarh, 1969, Ist Ed.

T.S.Eliot, On Poetry and Poets, London, Feber, 1969.

V.K.Gokok, The Poetic Approach to Language, Bombay, OUP.

Tara Chand, Influence of Islam on Indian Culture, The Indian Press, Allahabad, 1963.

Theos Bernard, Hindu Philosophy, Jaico Publishing House, Bombay, 1957 (Indian Print)

Winifred Nowottny, The Language Poets Use, London, 1962.

William Tindall, The Literary Symbol, Websters Third New International Dictionary, London, Vol.I, 1961.

## ਹਿੰਦੀ/ਸੰਸਕ੍ਰਿਤ :


ਆਡਕਰ, ਡੀ:ਕੇ:, *ਹਿੰਦੀ ਨਿਰਗੁਣ ਕਾਵਿ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਪਦਾਵਲੀ*, ਰਚਨਾ ਪ੍ਰਕਾਸ਼ਨ, ਪੂਨਾ, ਇਲਾਹਾਬਾਦ, 1972.

ਉਪਾਧਿਆਇ, ਬਲਦੇਵ, *ਭਾਰਤੀ ਦਰਸ਼ਨ*, ਸ਼ਾਰਦਾ ਮੰਦਿਰ, ਵਾਰਾਣਸੀ, 1957.

ਕ੍ਰਿਸ਼ਨਾ ਰੈਣਾ, *ਹਿੰਦੀ ਨਿਰਗੁਣ ਸੰਤ-ਕਾਵਿ: ਦਰਸ਼ਨ ਔਰ ਭਕਤੀ*, ਸ਼ਾਰਦਾ ਪ੍ਰਕਾਸ਼ਨ, ਮਹਿਰੌਲੀ, ਦਿੱਲੀ, 1966.

ਗੋਵਿੰਦ ਤ੍ਰਿਗੁਣਾਧੀਤ, *ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠਭੂਮੀ*, ਭਾਰਤੀ ਸਾਹਿਤਯ ਭਵਨ ਪ੍ਰਾ: ਲਿ., ਦਿੱਲੀ, 1960, ਪਹਿਲਾ ਐਡੀਸ਼ਨ ।

*ਗਿਆਨ ਸ਼ਬਦ-ਕੋਸ਼* (ਸੰਪਾ. ਸ਼੍ਰੀਵਾਸਤਵ ਮੁਕੰਦੀ ਲਾਲ), ਗਿਆਨ ਮੰਡਲ, ਬਨਾਰਸ, ਸੰਮਤ 2012.

ਚਤੁਰਵੇਦੀ, ਪਰਸ਼ੂ ਰਾਮ, *ਉੱਤਰੀ ਭਾਰਤ ਕੀ ਸੰਤ ਪਰੰਪਰਾ*, ਭਾਰਤੀ ਭੰਡਾਰ, ਪ੍ਰਯਾਗ, ਸੰਮਤ 2008, ਪਹਿਲਾ ਐਡੀਸ਼ਨ ।

ਦਿਵੇਦੀ, ਹਜ਼ਾਰੀ ਪ੍ਰਸਾਦ, *ਮੱਧਕਾਲੀਨ ਧਰਮ ਸਾਧਨਾ*, ਸਾਹਿਤਯ ਭਵਨ, ਇਲਾਹਾਬਾਦ, 1970.

_____, *ਨਾਥ ਸੰਪ੍ਰਦਾਯ*, ਨਵੈਦ ਨਿਕੇਤਨ, ਵਾਰਾਣਸੀ, 1966.

ਪ੍ਰਭਾਕਰ ਮਾਚਵੇ, *ਹਿੰਦੀ ਔਰ ਮਰਾਠੀ ਕਾ ਨਿਰਗੁਣ ਸੰਤ-ਸਾਹਿਤਯ*, ਚੌਖੰਬਾ ਵਿਦਿਯਾ ਭਵਨ, ਵਾਰਾਣਸੀ, 1962, ਪਹਿਲਾ ਐਡੀਸ਼ਨ ।

ਬੜਥਵਾਲ, ਪੀਤੰਬਰ ਦੱਤ, *ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ*, ਅਵਧ ਪਬਲਿਸ਼ਿੰਗ ਹਾਊਸ, ਲਖਨਊ, ਸੰਮਤ 2007, ਪਹਿਲਾ ਐਡੀਸ਼ਨ ।

ਭੋਲਾ ਸ਼ੰਕਰ ਵਯਾਸ, *ਧ੍ਵਨਿ ਸੰਪ੍ਰਦਾਯ ਔਰ ਉਸਕੇ ਸਿੱਧਾਂਤ*, ਨਾਗਰੀ ਪ੍ਰਚਾਰਣੀ ਸਭਾ, ਕਾਂਸ਼ੀ, ਸੰਮਤ 2013, ਪਹਿਲਾ ਐਡੀਸ਼ਨ ।

ਭਟਨਾਗਰ, ਰਾਮਰਤਨ, ਮਧਯੁਗੀਨ ਵੈਸ਼ਣਵ ਸੰਸਕ੍ਰਿਤੀ ਔਰ ਤੁਲਸੀਦਾਸ, ਪੰਚਸ਼ੀਲ ਪ੍ਰਕਾਸ਼ਨ, ਜੈਪੁਰ, 1982.

_____, ਮਰਾਠੀ ਸੰਤੋਂ ਕੀ ਹਿੰਦੀ ਵਾਣੀ, ਆਨੰਦ ਪ੍ਰਕਾਸ਼ ਦੀਕਿਸ਼ਤ

ਮਿਸਰ, ਰਾਮ ਦਹਿਣ, ਕਾਵਯ ਦਰਪਣ, ਗ੍ਰੰਥ ਮਾਲਾ ਕਾਰਯਾਲਯ, ਪਟਨਾ, 1955, ਤੀਜਾ ਐਡੀਸ਼ਨ ।

ਮੰਮਟ (ਅਚਾਰੀਯ), ਕਾਵਯ ਪ੍ਰਕਾਸ਼, ਭੰਡਾਰਕਰ ਓਰੀਐਂਟਲ ਰੀਸਰਚ ਇੰਸਟੀਚਿਊਟ, ਪੂਨਾ, 1933, ਪੰਜਵਾਂ ਐਡੀਸ਼ਨ ।

ਯੂਸਫ਼ਹੁਸੈਨ, ਮਧਯੁਗੀਨ ਭਾਰਤੀਯ ਸੰਸਕ੍ਰਿਤੀ (ਅਨੁ. ਮੁਹੰਮਦ ਉਮਰ) ਅਵਧ ਪਬਲਿਸ਼ਿੰਗ ਹਾਊਸ, ਲਖਨਊ, 1957.

ਵਿਸ਼ਵ ਨਾਥ (ਆਚਾਰੀਯ), ਸਾਹਤਯ ਦਰਪਣ, ਨਿਰਣਯ ਸਾਗਰ ਪ੍ਰੈਸ, ਬੰਬਈ, 23 ਕੋਲਾਰ ਲੇਨ, 1915, ਤੀਜਾ ਐਡੀਸ਼ਨ ।

ਸ਼ਰਮਾ, ਹਰਿਵੰਸ਼ ਲਾਲ, ਮਧਕਾਲੀਨ ਨਿਰਗੁਣ ਭਕਤੀ ਸਾਧਨਾ, ਨਿਵਦੇਯ ਨਿਕੇਤਨ, ਵਾਰਾਣਸੀ, ਤਿਥੀ ਨਹੀਂ ।

ਸ਼ਰਮਾ, ਵੈਂਕਟ, ਭਕਤੀ ਕਾਵਯ ਕਾ ਅੰਤਰ ਦਰਸ਼ਨ, ਪੱਲਵ ਪ੍ਰਕਾਸ਼ਨ, ਦਿੱਲੀ, 1986.

ਸ਼ਰਮਾ, ਵਿਨੈ ਮੋਹਨ, ਹਿੰਦੀ ਕੋ ਮਰਾਠੀ ਸੰਤੋਂ ਕੀ ਦੇਣ, ਬਿਹਾਰ ਰਾਸ਼ਟਰ ਭਾਸ਼ਾ ਪ੍ਰੀਸ਼ਦ, ਪਟਨਾ, 1957.

ਸੰਸਕ੍ਰਿਤੀ ਸ਼ਬਦਾਰਥ ਕੌਸਤੁਭ (ਸੰਪਾ. ਚਤੁਰਵੇਦੀ, ਦਵਾਰਕਾ ਪ੍ਰਸਾਦ), ਰਾਮ ਨਾਰਾਯਣ ਲਾਲ ਪੁਸਤਕ ਵਿਕ੍ਰੇਤਾ, ਇਲਾਹਾਬਾਦ, 1957, ਦੂਜਾ ਐਡੀਸ਼ਨ ।

ਸ਼ਬਦ ਕੁਲਪ੍ਰਦ੍ਰਮ (ਭਾਗ-2) (ਸੰਪਾ. ਹਾਜਾ, ਰਾਧਾ ਕਾਨਤਾ ਦੇਵ), ਚੌਖੰਬਾ ਸੰਸਕ੍ਰਿਤ ਸੀਰੀਜ਼ ਆਫਿਸ, ਵਾਰਾਣਸੀ, 2024 ਬਿਕ੍ਰਤੀ, ਤੀਸਰਾ ਐਡੀਸ਼ਨ ।

ਸੰਤ ਨਾਮਦੇਵ ਕੀ ਹਿੰਦੀ ਪਦਾਵਲੀ, (ਸੰਪਾ. ਡਾ. ਭਗੀਰਥ ਮਿਸ਼ਰ ਤਥਾ ਡਾ. ਰਾਜ ਨਾਰਾਯਣ ਮੌਰੀਯ), ਪੂਨਾ ਵਿਸ਼ਵ ਵਿਦਿਆਲਯ, ਪੂਨਾ, 1964.

ਸਿੰਹ, ਵੇਣੁਕਾ, ਹਿੰਦੀ ਸਾਹਿਤਯ ਕਾ ਦਾਰਸ਼ਨਿਕ ਅਧਿਐਨ, ਨਯਾ ਸੰਸਾਰ ਪ੍ਰੈਸ, ਵਾਰਾਣਸੀ, 1971.

ਸਿੰਹ, ਹਰਭਜਨ, ਗੁਰਮੁਖੀ ਲਿਪੀ ਮੇਂ ਹਿੰਦੀ ਕਾਵਯ, ਭਾਰਤੀ ਮੰਦਿਰ, ਦਿੱਲੀ, 1963, ਪਹਿਲਾ ਐਡੀਸ਼ਨ ।

ਸ੍ਰੀਮਦ ਭਗਵਤ ਗੀਤਾ, ਗੀਤਾ ਪ੍ਰੈਸ, ਗੋਰਖਪੁਰ, 2012, ਸਤਵਾਂ ਐਡੀਸ਼ਨ ।

ਸ਼ੁਕਲ, ਰਾਮਾਚੰਦਰ, ਹਿੰਦੀ ਸਾਹਿਤਯ ਕਾ ਇਤਿਹਾਸ, ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ, ਸੰਮਤ 2025.

ਸੋਲੰਕੀ, ਕੋਮਲ ਸਿੰਹ, ਨਾਥ ਪੰਥ ਔਰ ਨਿਰਗੁਣ ਸੰਤ ਕਾਵਯ, ਵਿਨੋਦ ਪੁਸਤਕ ਮੰਦਿਰ, ਆਗਰਾ, 1966.

ਹਿੰਦੀ ਸ਼ਬਦ ਸਾਗਰ (ਭਾਗ ਪੰਜਵਾਂ), (ਸੰਪਾ. ਸ਼੍ਯਾਮ ਸੁੰਦਰ ਦਾਸ), ਨਾਗਰੀ ਪ੍ਰਚਾਰਨੀ ਸਭਾ, ਕਾਂਸ਼ੀ, ਸੰਮਤ 2025.

ਮਰਾਠੀ :

ਸ੍ਰੀ ਨਾਮਦੇਵ ਗਾਥਾ (ਸੰਪਾ. ਪ੍ਰੋ: ਡਾ: ਵਾ: ਦਾਂਡੇਕਰ), ਸ਼ਾਸਕੀਯ ਮਧਯਵ੍ਰਤੀ ਮੁਦ੍ਰਣਾਲਯ, ਬੰਬਈ, 1970.

ਪੱਤਰ/ਪੱਤ੍ਰਿਕਾਵਾਂ (ਪੰਜਾਬੀ/ਅੰਗ੍ਰੇਜ਼ੀ):

1. ਪੰਜਾਬੀ ਦੁਨੀਆ (ਨਿਰਗੁਣ ਸਾਹਿਤ), ਭਾਸ਼ਾ ਵਿਭਾਗ, ਪਟਿਆਲਾ, ਜੂਨ, 1969.
2. ਪੰਜਾਬੀ ਦੁਨੀਆ (ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ), ਭਾਸ਼ਾ ਵਿਭਾਗ, ਪਟਿਆਲਾ, ਮਾਰਚ, 1988.
3. ਖ਼ਾਲਸਾ ਐਡਵੋਕੇਟ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ, 31 ਮਈ-14 ਜੂਨ, 1991.
4. ਦੀ ਟ੍ਰਿਬਿਊਨ, ਚੰਡੀਗੜ੍ਹ, 21 ਮਈ, 1991.

= = =
= = = =